
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਨਵੰਬਰ
1995

## ਮਾਸਿਕ ਪਤ੍ਰਿਕਾ



ੴ ਬ੍ਰਹਮ ਦੁਤੀਆ ਨੇਸਤ।
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ
ਚੈਰੀਟੇਬਲ ਟਰੱਸਟ

# ਆਤਮ ਮਾਰਗ

ਸਾਲ ਪਹਿਲਾ - ਅੰਕ ਅੱਠਵਾਂ - ਮਾਸਿਕ - ਨਵੰਬਰ, 1995



: ਸੰਚਾਲਕ :

ਸੰਤ ਵਰਿਆਮ ਸਿੰਘ ਜੀ

ਬਾਨੀ ਤੇ ਮੁਖੀ

ਵਿਸ਼ਵ ਗੁਰੰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

: ਸੰਪਾਦਕ :

ਹਰਪਾਲ ਸਿੰਘ

: ਆਨਰੇਰੀ ਸੰਪਾਦਕ :

ਡਾਕਟਰ ਸ਼ਮਸ਼ੇਰ ਸਿੰਘ

ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

: ਐਡੀਟੋਰੀਅਲ ਬੋਰਡ :

ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.), ਸੰਗਰੂਰ

ਡਾਕਟਰ ਕੁਲਦੀਪ ਸਿੰਘ

ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)

ਐਨ. ਐਸ ਲੂੰਬਾ

: ਸਲਾਹਕਾਰ:

ਬੀ. ਐਸ ਆਹਲੂਵਾਲੀਆ

ਇੰਜ: ਤਰਲੋਚਨ ਸਿੰਘ

ਹਰਭਜਨ ਸਿੰਘ ਹਲਵਾਰਵੀ


ਨੋਟ : ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।


: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ :

ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,

ਐਸ. ਏ. ਐਸ. ਨਗਰ (ਮੋਹਾਲੀ) - 160055

: ਟੈਲੀਫੋਨ ਸੰਪਰਕ :

ਮੋਹਾਲੀ : 671301, 672435

ਚੰਡੀਗੜ੍ਹ : 603524, 650181

ਰਤਵਾੜਾ ਸਾਹਿਬ : 89-218



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪ੍ਰਿੰਟਰਜ਼, ਇੰਡਸਟਰੀਅਲ ਏਰੀਆ, ਫੇਜ਼-1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫ਼ਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।


## ਤਤਕਰਾ


1. ਮਹੀਨੇ ਦੀ ਕਥਾ 2
2. ਸੰਪਾਦਕੀ 3
3. ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ 5
   *ਸੰਤ ਵਰਿਆਮ ਸਿੰਘ ਜੀ*
4. ਤੀਸਰੇ ਰਤਨ-ਸਾਹਿਬ ਬਾਬਾ ਭਾਗ ਸਿੰਘ ਜੀ ਕੁਰੀ 13
   *ਗਿਆਨੀ ਮੇਹਰ ਸਿੰਘ ਜੀ*
5. ਪਾਰਖੂ ਦ੍ਰਿਸ਼ਟੀ 15
   *ਸੰਤ ਕਲਿਆਣ ਦਾਸ ਜੀ*
6. ਕੇਸ ਪਰਸੰਗ 19
   *ਸਰੂਪ ਸਿੰਘ ਅਲੱਗ*
7. ਸੰਤ ਬਚਨ 20
   *ਸੰਤ ਵਰਿਆਮ ਸਿੰਘ ਜੀ*
8. ਸਿਮਰਨ 24
   *ਸੰਤ ਸਾਧੂ ਸਿੰਘ ਜੀ, ਸੰਗਰੂਰ*
9. ਮਹਮਾ ਨਾਮ ਕਹਾ ਲਉ ਬਰਨਉ 27
   *ਪ੍ਰੋ. ਗੁਰਦੇਵ ਸਿੰਘ*
10. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ 29
    *ਡਾ. ਸਵਾਮੀ ਰਾਮ ਜੀ*
11. ਸੰਤ ਰਹਤ ਸੁਨਹੁ ਮੇਰੇ ਭਾਈ 32
    *ਸੰਤ ਵਰਿਆਮ ਸਿੰਘ ਜੀ*
12. ਆਤਮ ਦਰਸ਼ੀ 36
    *ਗਿਆਨੀ ਮੇਹਰ ਸਿੰਘ ਜੀ*
13. ਮਹਾਂਪੁਰਸ਼ਾਂ ਦੇ ਅਨੁਭਵੀ ਬਚਨ 38
14. ਆਤਮ ਮਾਰਗ 41
    *ਸੰਤ ਕਲਿਆਣ ਦਾਸ ਜੀ*
15. ਮਾਨਵ ਸਰੀਰ ਦੀ ਸਫਲਤਾ 45
    *ਸੰਤ ਵਰਿਆਮ ਸਿੰਘ ਜੀ*
16. ਸ਼ੁਭ ਉਪਦੇਸ਼ 47
    *ਸੰਤ ਵਰਿਆਮ ਸਿੰਘ ਜੀ*
17. ਮੁਢਲੀ ਸਿੱਖਿਆ 51
    *ਡਾ. ਬੀਬੀ ਤੇਜਿੰਦਰ ਮਲਹੋਤਰਾ*
18. ਅੱਜ ਦਾ ਸਮਾਜ ਤੇ ਬੱਚੇ 53
    *ਡਾ. ਬੀਬੀ ਹਰਿੰਦਰ ਸੰਧੂ*
19. ਸਨੇਹੀਆਂ ਦਾ ਪੰਨਾ 54
20. ਖੇਡਾਂ ਦੀ ਦੁਨੀਆਂ ਵਿਚ ਭਾਰਤ ਦੀ ਸ਼ਾਨ-ਮਹਿੰਦਰ ਸਿੰਘ ਗਿੱਲ 57
    *ਪ੍ਰੋ. ਗੁਰਦੇਵ ਸਿੰਘ*
21. ਸਿੱਖ ਸਾਹਿਤ ਵਿਚ ਆਏ ਨਾਵਾਂ ਤੇ ਥਾਵਾਂ ਦਾ ਵੇਰਵਾ 59
22. ਚਾਲੇ ਊਠਿ ਨਿਰਾਸ 60
    *ਡਾ. ਕੁਲਦੀਪ ਸਿੰਘ*
23. ਸਿਹਤ ਵਿਗਿਆਨ 62
24. ਸਮਾਗਮ ਤੇ ਸਰਗਰਮੀਆਂ 63
25. ਆਤਮ ਮਾਰਗ ਦੇ ਸਾਲਾਨਾ ਮੈਂਬਰਾਂ ਦੀ ਲਿਸਟ 64



– ਚੰਦਾ –

ਦੇਸ਼ : ਸਲਾਨਾ 165/-, ਫੀ ਕਾਪੀ 15/-

ਵਿਦੇਸ਼ : ਸਲਾਨਾ 40 US$

**REGD. No. 61816 / 95**


ਸ੍ਰੀ ਗੁਰੂ ਨਾਨਕ ਦੇਵ ਜੀ ਮੁਲਤਾਨ ਵਿਖੇ ਉਥੋਂ ਦੇ ਪੀਰਾਂ ਦੇ ਨਾਲ।

## ਮੰਘਿਰਿ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥ ਪੰਨਾ - 135

ਮੱਘਰ ਦੇ ਮਹੀਨੇ ਦੁਆਰਾ ਗੁਰੂ ਜੀ ਨੇ ਮਨੁੱਖੀ ਜੀਵਨ ਦੇ ਤਿੰਨ ਪੱਖਾਂ ਉਤੇ ਚਾਨਣਾ ਪਾਇਆ ਹੈ -

1. ਪ੍ਰਭੂ ਪਤੀ ਨੂੰ ਮਿਲਣ ਵਾਲੀ ਸੁਹਾਗਣ (ਜਗਿਆਸੂ) ਦੇ ਸੁਖ ਦਾ ਵਰਣਨ ਹੈ ਜੋ ਸੰਤਾਂ ਦਾ ਰੂਪਕ ਵਰਤ ਕੇ ਦਸਿਆ ਹੈ।

2. ਪ੍ਰਭੂ ਦੇ ਪਿਆਰੇ ਸੰਤਾਂ ਦੀ ਸੰਗਤ ਤੋਂ ਵਿਰਵੇ ਰਹੇ ਮਨੁੱਖ (ਜੀਵ ਇਸਤਰੀ) ਦਾ ਵਰਣਨ ਹੈ।

3. ਗੁਰੂ ਸਾਹਿਬ ਸਮੱਸਿਆ ਨੂੰ ਉਭਾਰ ਕੇ ਹੀ ਨਹੀ ਸਨ ਛੱਡ ਦਿੰਦੇ, ਇਸਦਾ ਹੱਲ ਵੀ ਦਸਦੇ ਸਨ। ਇਥੇ ਵਿਛੜੀ ਹੋਈ ਜੀਵ ਇਸਤਰੀ ਨੂੰ ਪ੍ਰਭੂ ਮਿਲਾਪ ਲਈ ਉਨ੍ਹਾਂ ਸੰਤਾਂ, ਮਹਾਂਪੁਰਸ਼ਾਂ, ਗੁਰਮੁਖਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੰਦੇ ਹਨ ਜਿਨ੍ਹਾਂ ਨੇ ਪ੍ਰਭੂ ਪਤੀ ਨੂੰ ਪਾ ਲਿਆ ਹੈ।

4. ਪਹੁੰਚੇ ਹੋਏ, ਪੁੱਗੇ ਹੋਏ, ਪ੍ਰਭੂ ਦਰ ਤੇ ਪਰਵਾਨ ਚੜ੍ਹੇ ਹੋਏ ਮਹਾਂਪੁਰਸ਼ਾਂ ਦੀ ਸੰਗਤ ਦਾ ਫਲ ਇਹੀ ਦਸਦੇ ਹਨ ਕਿ ਮਨੁੱਖ ਦਾ ਜੀਵਨ ਮਨੋਰਥ ਪੂਰਾ ਹੋ ਜਾਂਦਾ ਹੈ ਭਾਵ ਉਸਦਾ ਜਨਮ-ਮਰਨ ਮਿਟ ਜਾਂਦਾ ਹੈ।

ਗੁਰਬਾਣੀ ਵਿਚ ਗੁਰੂ ਜੀ ਨੇ ਜਗਿਆਸੂ ਲਈ ਜੀਵ-ਇਸਤਰੀ ਤੇ ਪ੍ਰਭੂ ਲਈ ਪਤੀ ਦਾ ਰੂਪਕ ਭਾਰਤੀ ਸਭਿਆਚਾਰ ਵਿਚੋਂ ਲਿਆ ਹੈ। ਦੁਨਿਆਵੀ ਜਾਂ ਵਿਵਹਾਰਕ ਪੱਧਰ ਤੇ ਇਸਤਰੀ ਤੇ ਪਤੀ ਦਾ ਪਿਆਰ ਵੀ ਪਰਿਵਾਰਕ, ਸਮਾਜਿਕ, ਤੇ ਜੀਵਨ ਦੇ ਹੋਰ ਪੱਖਾਂ ਲਈ ਸੁਖਾਵਾਂ ਮਾਹੌਲ ਪੈਦਾ ਕਰਦਾ ਹੈ। ਦੰਪਤੀ ਜੀਵਨ ਸਬਰ ਸੰਤੋਖ, ਸ਼ਹਿਨਸ਼ੀਲਤਾ ਵਾਲਾ ਹੋ ਨਿਬੜਦਾ ਹੈ। ਨੈਤਿਕ ਗੁਣਾਂ ਨੂੰ ਅਪਨਾਉਣ ਵਾਲਾ ਦੰਪਤੀ, ਜੋੜਾ ਦੁਨਿਆਵੀ ਪਦਾਰਥਾਂ ਦੇ ਪਿਆਰ ਤੋਂ ਮੁਕਤ ਹੋ ਕੇ ਅਧਿਆਤਮਿਕ ਪਿਆਰ ਵਲ ਤੁਰ ਪੈਂਦਾ ਹੈ। ਪਰਵਿਰਤੀ ਵਿਚ ਨਿਰਵਿਰਤੀ ਵਾਲਾ ਜੀਵਨ ਇਕ ਸੰਤੁਲਨ ਵਾਲਾ ਜੀਵਨ ਹੁੰਦਾ ਹੈ।

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥* *ਪੰਨਾ - 135*

ਅਧਿਆਤਮਿਕ ਜੀਵਨ ਵਿਚ ਉਸ ਜੀਵ ਇਸਤਰੀ ਨੂੰ ਸਲਾਹਿਆ ਗਿਆ ਹੈ ਜੋ ਪ੍ਰਭੂ ਪਤੀ ਦੇ ਪਾਸ ਬੈਠੀ ਹੈ ਭਾਵ ਪ੍ਰਭੂ ਪਤੀ ਨੇ ਉਸਨੂੰ ਪਰਵਾਣ ਕਰ ਲਿਆ ਹੈ, ਅਪਣਾਅ ਲਿਆ ਹੈ। ਐਸੇ ਜਗਿਆਸੂ ਦੀ ਸੋਭਾ ਦਾ ਵਰਣਨ ਨਹੀ ਕੀਤਾ ਜਾ ਸਕਦਾ। ਐਸੇ ਜੀਵ ਧਨ ਹਨ ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ -

*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥* *ਪੰਨਾ - 135*

ਪ੍ਰਭੂ ਨੂੰ ਮਿਲੇ ਹੋਏ ਮਹਾਂਪੁਰਸ਼ਾਂ, ਗੁਰਮੁਖਾਂ ਦੀ ਸੰਗਤ ਦਾ ਲਾਭ ਵਰਣਨ ਕਰਦੇ ਹੋਏ ਗੁਰੂ ਜੀ ਦਸਦੇ ਹਨ ਕਿ ਐਸੇ ਪਹੁੰਚੇ ਹੋਏ ਸੰਤਾਂ ਦੀ ਸੰਗਤ ਕਰਨ ਵਾਲੇ ਜਗਿਆਸੂ ਵੀ ਪ੍ਰਭੂ ਨੂੰ ਮਿਲਣ ਦੇ ਸਮਰੱਥ ਹੋ ਗਏ। ਮਿਲਣੇ ਵਾਲੇ ਜਗਿਆਸੂਆਂ ਦਾ ਤਨ ਤੇ ਮਨ ਪ੍ਰਫੁਲਤ ਹੋ ਗਿਆ। ਮਨ ਦਾ ਪ੍ਰਫੁਲਤ ਹੋਣਾ, ਪ੍ਰਕਾਸ਼ਵਾਨ ਹੋਣਾ, ਖਿੜਨਾ ਇਕ ਅਧਿਆਤਮਕ ਚੇਤਨਤਾ ਹੈ ਜਿਹੜੀ ਅਨੰਦ ਪੈਦਾ ਕਰਦੀ ਹੈ। ਅਨੰਦ ਪ੍ਰਾਪਤੀ ਹੀ ਜੀਵਨ ਮਨੋਰਥ ਹੈ -

*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥* *ਪੰਨਾ - 135*

*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥* *ਪੰਨਾ - 135*

ਜਿਹੜੀਆਂ ਜੀਵ ਇਸਤਰੀਆਂ ਗੁਰਮੁਖਾਂ ਦੀ ਸੰਗਤ ਤੋਂ ਵਾਂਝੀਆਂ ਰਹਿ ਗਈਆਂ, ਉਨ੍ਹਾਂ ਤਿੰਨਾਂ ਗੁਣਾਂ ਵਿਚ ਤੇ ਤਿੰਨਾਂ ਤਾਪਾਂ ਵਿਚ ਹੀ ਉਲਝ ਕੇ ਦੁਖੀ ਹੋ ਰਹੀਆਂ ਹਨ, ਉਨ੍ਹਾਂ ਦਾ ਦੁਖ ਕਦੀ ਨਹੀਂ ਉਤਰਦਾ। ਅਜਿਹੀ ਜੀਵ ਇਸਤਰੀ ਇਕੱਲੀ (ਦੁਹਾਗਣ) ਹੀ ਰਹਿ ਜਾਵੇਗੀ। ਨਾ ਤਾਂ ਇਸਨੂੰ ਸਤਿਸੰਗ ਤੇ ਨਾ ਹੀ ਪ੍ਰਭੂ ਮਿਲਾਪ ਨਸੀਬ ਹੋਵੇਗਾ ਜਦ ਕਿ ਪ੍ਰਭੂ ਮਿਲਾਪ ਵਾਲੀਆਂ ਸਦਾ ਹੀ ਦੈਵੀ ਗੁਣਾਂ ਨਾਲ ਭਰਪੂਰ ਹਨ। ਉਨ੍ਹਾਂ ਦੇ ਗਲ ਵਿਚ ਰਤਨ ਜਵੇਹਰ ਲਾਲ ਭਾਵ ਕੀਮਤੀ ਦੈਵੀ ਗੁਣਾਂ ਵਾਲਾ ਨਾਮ ਦਾ ਹਾਰ ਸੋਭ ਰਿਹਾ ਹੈ। ਗੁਰੂ ਜੀ ਅਜਿਹੀ ਜੀਵ ਇਸਤਰੀਆਂ ਦੀ ਚਰਨ ਧੂੜੀ ਲੋਚਦੇ ਹਨ ਜਿਨ੍ਹਾਂ ਨੇ ਗੁਰਮੁਖਾਂ ਦੀ ਸੰਗਤ ਦੁਆਰਾ ਪ੍ਰਭੂ ਪ੍ਰਾਪਤੀ ਕਰ ਲਈ ਹੈ ਅਤੇ ਜਨਮ-ਮਰਨ ਦਾ ਚੱਕਰ ਖਤਮ ਕਰਵਾ ਲਿਆ ਹੈ -

*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹਿ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥* *ਪੰਨਾ - 135*

# ਸੰਪਾਦਕੀ

ਗੁਰਬਾਣੀ, ਅਕਾਲ ਪੁਰਖ ਦੀ ਦਰਗਾਹ ਤੋਂ ਆਏ ਸਦੀਵੀ ਬੋਲ ਹਨ। ਇਸਦੇ ਅੱਖਰ ਦੁਨਿਆਵੀ ਗ੍ਰੰਥਾਂ ਦੇ ਅੱਖਰਾਂ ਵਾਂਗ ਨਹੀਂ ਸਗੋਂ ਅਨੁਭਵੀ ਪ੍ਰਕਾਸ਼ ਹੋਣ ਕਰਕੇ ਆਪਣੇ ਅੰਦਰ ਇਕ ਐਸੀ ਭਾਵਨਾ (ਸਪਿਰਟ) ਨੂੰ ਸਮੋਈ ਬੈਠੇ ਹਨ ਜਿਸ ਉਤੇ ਵਿਸ਼ਵਾਸ਼ ਤੇ ਸ਼ਰਧਾ ਨਾਲ ਅਮਲ ਕੀਤਿਆਂ ਸਾਧਕ ਨੂੰ ਦਿਸਦੇ (ਮੈਂ, ਮੇਰੀ ਦੇ ਪਸਾਰੇ) ਤੋਂ ਅਣਦਿਸਦੇ ਵਲ ਚਲਣ ਲਈ ਪ੍ਰੇਰਨਾ ਦਿੰਦੇ ਹਨ। ਬਾਹਰ ਤੋਂ ਅੰਦਰ ਵਲ ਭਾਵ ਗਿਆਨ ਇੰਦਰਿਆਂ ਦੀ ਬਾਹਰੀ ਬਿਖਰੀ ਹੋਈ ਬਿਰਤੀ ਨੂੰ ਇਕਾਗਰ ਕਰਕੇ ਅੰਤਰਮੁਖੀ ਹੋਣ ਲਈ ਸਹਾਈ ਹੁੰਦੇ ਹਨ। ਅੰਤਰਮੁਖੀ ਸਫਰ ਇਕ ਐਸੀ ਮੰਜ਼ਿਲ ਵਲ ਸੰਕੇਤ ਕਰਦਾ ਹੈ ਕਿ ਜੀਵ ਦੇ ਅੰਦਰ ਜੋ ਆਤਮਾ (ਪ੍ਰਭੂ ਦੀ ਅੰਸ) ਹੈ, ਨੂੰ ਜਾਣਨ ਉਪਰੰਤ ਫਿਰ ਬਾਹਰ ਵੀ ਪ੍ਰਭੂ ਦਾ ਪਸਾਰਾ ਜੋਤ ਰੂਪ ਵਿਚ ਪਸਰਿਆ ਦਿਸਦਾ ਹੈ। ਬਾਹਰ ਪਸਰੇ ਹੋਏ ਪਸਾਰੇ ਦਾ ਗਿਆਨ, ਆਤਮ ਗਿਆਨ ਹੈ। ਆਤਮ ਗਿਆਨ ਦਾ ਸਬੰਧ ਅੰਦਰੂਨੀ ਸਫਰ ਦਾ ਫਲ ਹੁੰਦਾ ਹੈ। ਆਤਮਿਕ ਸਫਰ ਪਰਮ ਪੁਰਖ ਦੀ ਘਾਟੀ ਹੈ ਜਿਹੜੀ ਆਪਣੇ ਯਤਨਾਂ ਨਾਲ ਨਹੀਂ ਚੜ੍ਹੀ ਜਾ ਸਕਦੀ। ਗੁਰਬਾਣੀ ਨੂੰ ਸਮਝਣ ਤੇ ਸਮਝਾਉਣ ਦੇ ਸਮਰੱਥ ਤੱਤ ਬੇਤਾ ਮਹਾਂਪੁਰਸ਼ਾਂ ਦੀ ਸੰਗਤ ਨਾਲ ਇਸ ਮਾਰਗ ਦੀ ਸਮਝ ਆਉਂਦੀ ਹੈ। ਇਹ ਪਰਮਾਰਥ ਦਾ ਰਸਤਾ ਹੈ। ਇਸ ਰਸਤੇ ਦੇ ਪਾਂਧੀ ਬਣਨ ਲਈ ਸੰਸਾਰਕ ਰਸਾਂ-ਕਸਾਂ ਦਾ ਤਿਆਗ ਕਰਨਾ ਪੈਂਦਾ ਹੈ। ਪ੍ਰਭੂ ਦਾ ਨਾਮ-ਰਸ ਜੋ ਸੰਸਾਰ ਦੇ ਸਾਰੇ ਪਦਾਰਥਾਂ ਤੋਂ ਮਿਠਾ ਹੈ, ਨੂੰ ਪੀਣ ਨਾਲ ਜੀਵ ਦਾ ਆਉਣਾ ਸਫਲ ਹੁੰਦਾ ਹੈ। ਇਸ ਸਾਰੀ ਵਿਚਾਰ ਦਾ ਵਰਣਨ ਕਰਨ ਤੋਂ ਭਾਵ ਇਹੀ ਹੈ ਕਿ ਸਾਡਾ ਯਤਨ ਹੈ ਕਿ 'ਆਤਮ ਮਾਰਗ' ਦੇ ਅਨੁਭਵੀ ਲੇਖਾਂ, ਜਿਨ੍ਹਾਂ ਵਿਚ ਖਾਸ ਕਰਕੇ ਸੰਤ ਮਹਾਂਪੁਰਸ਼ਾਂ ਦਾ ਅਨੁਭਵੀ ਤਜਰਬਾ ਅੰਕਿਤ ਕੀਤਾ ਗਿਆ ਹੈ, ਪਾਠਕਾਂ ਨਾਲ ਸਾਂਝਾ ਕਰੀਏ। ਸਰਵ ਵਿਆਪਕ ਪ੍ਰਭੂ ਨੂੰ, ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਤੇ ਗੁਰਬਾਣੀ ਦੀ ਵਿਆਖਿਆ ਨੂੰ ਅਮਲ ਵਿਚ ਲਿਆਉਣ ਨਾਲ ਹੀ ਇਹ ਸੰਭਵ ਹੋ ਸਕਦਾ ਹੈ ਜੈਸਾ ਕਿ ਕਥਨ ਹੈ -

*ਸੰਤ ਸੰਗਿ ਅੰਤਰਿ ਪ੍ਰਭੁ ਡੀਠਾ।। ਨਾਮੁ ਪ੍ਰਭੂ ਕਾ ਲਾਗਾ ਮੀਠਾ।।* *ਪੰਨਾ - 293*

ਜੀਵ ਦਾ ਮਨੋਰਥ ਇਕੋ ਇਕ ਹੈ ਕਿ ਪਰਮਾਤਮਾ ਨਾਲ ਮੁੜ ਮਿਲਾਪ ਹੋ ਜਾਏ। ਇਸ ਮਿਲਾਪ ਦੇ ਰਸਤੇ ਵਿਚ ਰੁਕਾਵਟ ਅਗਿਆਨਤਾ ਵਸ ਜੀਵ ਦੀ (ਝੂਠੀ) ਤ੍ਰਿਸ਼ਨਾ, ਬਾਹਰੀ ਭਟਕਣ, ਰਸਾਂ ਕਸਾਂ ਦਾ ਸੁਆਦ ਹੈ। ਜੋ ਅੰਤ ਵਿਚ ਫਿਕਾ ਪੈ ਜਾਂਦਾ ਹੈ ਅਤੇ ਜੀਵ ਲਈ ਫਿਰ ਪਛਤਾਵਾ ਹੀ ਰਹਿ ਜਾਂਦਾ ਹੈ। ਜੀਵ ਬਾਹਰੀ ਸਾਥ, ਮਿਲਾਪ ਵਿਚ ਗ੍ਰਸਤ ਰਹਿੰਦਾ ਹੈ। ਇਹ ਸਾਥ ਸਭ ਮੋਹ-ਮਾਇਆ ਦਾ ਪਸਾਰਾ ਹੈ। ਬਾਹਰੀ ਸਾਥ ਦਾ ਸਹਾਰਾ ਭਾਲਣ ਵਾਲਾ ਜੀਵ ਅੰਤ ਨੂੰ ਇਕੱਲਾ ਹੀ ਰਹਿ ਜਾਂਦਾ ਹੈ। ਬਾਹਰੀ ਅੱਖਾਂ ਨਾਲ ਨਾ ਤਾਂ ਪ੍ਰਭੂ ਹੀ ਦਿਸਦਾ ਹੈ ਅਤੇ ਨਾ ਹੀ ਕੁਝ ਪ੍ਰਾਪਤੀ ਹੁੰਦੀ ਹੈ -

*ਸਭ ਕਿਛੁ ਘਰ ਮਹਿ ਬਾਹਰਿ ਨਾਹੀ।। ਬਾਹਰਿ ਟੋਲੈ ਸੋ ਭਰਮਿ ਭੁਲਾਹੀ।।* *ਪੰਨਾ - 102*

ਇਸਦੇ ਉਲਟ ਜੀਵ ਦੇ ਅੰਦਰ ਇਕ ਐਸਾ ਸਾਥੀ ਬੈਠਾ ਹੈ ਜਿਸਦਾ ਸਾਥ ਪੱਕਾ ਹੈ ਤੇ ਸਦੀਵੀ ਹੈ। ਉਹ ਸਾਥੀ ਅੰਤ ਤਕ ਸਾਥ ਨਿਭਾਉਣ ਵਾਲਾ ਹੈ, ਉਸਦੀ ਸੰਗਤ ਵਿਚ ਫਿਰ ਇਕੱਲਾਪਨ ਨਹੀਂ ਮਹਿਸੂਸ ਹੁੰਦਾ। ਇਹ ਸਾਥ ਅਨੁਭਵੀ ਪੁਰਸ਼ ਮਾਣਦੇ ਹਨ। ਉਨ੍ਹਾਂ ਨੂੰ ਫਿਰ ਦੁਨਿਆਵੀ ਝੂਠੇ ਸਾਥਾਂ ਦੀ ਲੋੜ ਨਹੀਂ ਰਹਿੰਦੀ। ਮਨੁੱਖ ਦੇ ਅੰਦਰ ਬੈਠੇ ਸਾਥੀ ਨਾਲ ਸਾਥ ਸੰਗਤ, ਸਨੇਹ ਪੈਦਾ ਕਰਨਾ ਸਾਡਾ ਇਕ ਨਿਮਾਣਾ ਜਿਹਾ ਯਤਨ ਜੋ ਮੈਗਜ਼ੀਨ ਦੇ ਅਨੁਭਵੀ ਬਚਨਾਂ ਦੁਆਰਾ ਅਰੰਭਿਆ ਸੀ, ਅੱਜ ਸਫਲਤਾ ਪੂਰਬਕ ਅੱਗੇ ਵਧ ਰਿਹਾ ਹੈ। ਅੱਜ ਇਸ ਮੈਗਜ਼ੀਨ ਨੇ ਜਗਿਆਸੂਆਂ ਅੰਦਰ ਇਕ ਤੜਪ ਪੈਦਾ ਕਰ ਦਿਤੀ ਹੈ, ਇਕ ਪਿਆਸ ਲਗਾ ਦਿਤੀ ਹੈ ਜੋ ਕੇਵਲ ਪ੍ਰਭੂ ਦੇ ਮਿਲਾਪ ਨਾਲ ਹੀ ਬੁਝ ਸਕਦੀ ਹੈ। ਇਸ ਦੇ ਅਨੁਭਵੀ ਬਚਨਾਂ, ਅਣਿਆਲੇ ਰੂਪੀ ਤੀਰਾਂ ਨੇ ਜਗਿਆਸੂਆਂ ਦੇ ਕਲੇਜੇ ਵਿਚ ਛੇਕ ਕਰ ਦਿਤਾ ਹੈ। ਇਹੀ ਸਾਡੀ ਲਗਨ ਹੈ, ਪ੍ਰੇਰਨਾ ਹੈ ਕਿ ਸੰਸਾਰੀ ਜੀਵਾਂ ਨੂੰ ਇਕ ਐਸੀ ਪਿਆਸ ਲਗਾਈ ਜਾਵੇ ਜਿਸਨੂੰ ਬੁਝਾਉਣ ਲਈ ਉਹ ਆਤਮ ਮਾਰਗ ਦੇ ਪਾਂਧੀ ਬਣਨ। ਅੱਜ ਸਾਨੂੰ ਖੁਸ਼ੀ ਹੈ ਕਿ ਇਸ ਮਾਰਗ ਉਤੇ ਚਲਣ ਵਾਲਿਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਅਤੇ ਸਾਨੂੰ ਵਿਸ਼ਵਾਸ਼ ਹੈ ਕਿ ਵਧਦੀ ਹੀ ਜਾਏਗੀ। ਵਿਸ਼ਵ ਦੇ ਹਰ ਵਿਅਕਤੀ ਨੂੰ ਇਸ ਪਾਸੇ ਵਲ ਤੋਰਨ ਨਾਲ ਹੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦਾ ਸੁਪਨਾ ਸਾਕਾਰ ਹੋਵੇਗਾ। ਗੁਰੂ ਕਥਨ ਹੈ -

*ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ।।* *ਪੰਨਾ - 835*

ਪ੍ਰਭੂ ਰੂਪ, ਰੇਖ, ਭੇਖ, ਦੇਸਾਂ ਦੇ ਬੰਧਨਾਂ ਤੋਂ ਨਿਆਰਾ ਹੈ, ਸਰਬ ਵਿਆਪਕ ਹੈ। ਅਸੀਂ ਉਸਨੂੰ ਮੂਰਤੀ, ਬੁੱਤਾਂ, ਤਸਵੀਰਾਂ ਵਿਚ ਕੈਦ ਕਰਕੇ ਆਪਣੇ ਤਕ ਹੀ ਸੀਮਿਤ ਕਰ ਲਿਆ ਹੈ। ਉਹ ਤਾਂ ਨਿਰਗੁਨ ਤੇ ਸਰਗੁਣ ਪਸਾਰੇ ਦਾ ਮਾਲਕ ਹਰ ਘਟਿ ਅੰਦਰ ਹਾਜ਼ਰ ਨਾਜ਼ਰ ਹੈ ਪ੍ਰੰਤੂ ਜੀਵ ਦੀ ਬੁਧ ਮਲੀਨ ਹੋਣ ਕਰਕੇ ਉਸਦੀ ਸੋਝੀ ਨਹੀਂ ਪੈਂਦੀ। ਸਾਡਾ ਦਾਹਵਾ (claim) ਸਾਨੂੰ ਅੱਧਵਾਟੇ ਹੀ ਰੱਖ ਲੈਂਦਾ ਹੈ ਦਾਹਵਾ ਛੱਡ ਕੇ ਅਰਦਾਸ ਕਰੀਏ ਕਿ ਸਾਡੀ ਬੁੱਧ ਅੰਦਰ ਪ੍ਰਕਾਸ਼ ਹੋਵੇ, ਜਿਸ ਨਾਲ ਅਸੀਂ 'ਕੀਤੇ' ਨੂੰ ਛੱਡ ਕੇ 'ਕਰਤੇ' ਨੂੰ ਸਲਾਹੀਏ। ਦਾਹਵਾ ਛੱਡਣ ਦਾ ਅਤੇ ਅਰਜੋਈ ਕਰਨ ਦਾ ਢੰਗ ਸੰਤਾਂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਮਹਾਂਪੁਰਸ਼ਾਂ ਨੇ ਹਉਮੈ ਨੂੰ ਨਿਵਾਰ ਕੇ ਨਿਰੰਤਰ ਪ੍ਰਭੂ ਦੀ ਯਾਦ ਵਿਚ ਜੀਉਣਾ ਸਿਖਿਆ ਹੈ, ਉਹੀ ਸਾਧਕ ਨੂੰ ਐਸਾ ਰਸਤਾ ਦਿਖਾ ਸਕਦੇ ਹਨ। ਗੁਰਬਾਣੀ ਦੇ ਇਸ ਪ੍ਰਕਾਰ ਦੇ ਸਿਧਾਂਤਾਂ ਦਾ ਵਿਵਰਣ ਸਾਡੇ ਮੈਗਜ਼ੀਨ ਦੇ ਲੇਖਾਂ ਦਾ ਕੇਂਦਰੀ ਬਿੰਦੂ ਹੈ। ਇਹ ਸਿਧਾਂਤ ਕਿਹੜੇ ਹਨ, ਇਥੇ ਸਪਸ਼ਟ ਕਰਨ ਦੀ ਲੋੜ ਹੈ -

*ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ।। ਸਾ ਮਤਿ ਦੀਜੈ ਜਿਤੁ ਤੁਧੁ ਧਿਆਈ।।* *ਪੰਨਾ - 100*

*ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥*
*ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥* ਪੰਨਾ - 677-78

ਦ੍ਵੈਤ ਬੁਧੀ ਦਾ ਨਾਸ਼ ਹੋਣ ਤੇ ਜਦੋਂ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਤਾਂ ਫਿਰ ਬਾਹਰ ਦੀ ਭਟਕਣਾ ਖਤਮ ਹੋ ਜਾਂਦੀ ਹੈ, ਮਨ ਦੀ ਚੰਚਲਤਾ ਅੰਦਰ ਸਹਿਜ ਆ ਜਾਂਦਾ ਹੈ, ਜੀਵ ਬਾਹਰ ਦਾ ਸਾਥ ਛੱਡ ਕੇ ਆਪਣੇ ਅੰਤਰ ਬੈਠੇ ਪ੍ਰਭੂ ਅੰਸ ਨਾਲ ਸਾਥ ਮਾਨਣ ਦੇ ਯਤਨ ਨਾਲ ਉਦਮ ਤੇ ਆਹਰ ਵਿਚ ਲਗਦਾ ਹੈ, ਬਾਹਰਲੇ ਆਹਰਾਂ ਨੂੰ ਛੱਡ ਕੇ ਅਸਲ ਆਹਰ ਵਿਚ ਲਗ ਜਾਂਦਾ ਹੈ। ਐਸੇ ਆਹਰ ਪਾਠਕਾਂ ਅੰਦਰ ਪੈਦਾ ਕਰਨਾ ਹੀ ਸਾਡਾ ਮੁਖ ਮੰਤਵ ਹੈ ਜੈਸਾ ਕਿ ਗੁਰਬਾਣੀ ਵੀ ਹਾਮੀ ਭਰਦੀ ਹੈ -

*ਬਾਹਰਿ ਢੂੰਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥* ਪੰਨਾ - 1002

ਗੁਰਮਤਿ ਵਿਚਾਰਧਾਰਾ ਅਨੁਸਾਰ ਅਕਾਲ ਪੁਰਖ ਬਖਸ਼ਣਹਾਰ ਹੈ। ਉਹ ਤਿੰਨ ਬਿਰਦ ਪਾਲਦਾ ਹੈ -

1. ਉਹ ਸਿਰਜਨਹਾਰ ਹੈ, ਕਰਨ ਕਾਰਨ ਸਮਰੱਥ ਹੈ।
2. ਉਹ ਪਾਲਣਹਾਰ ਹੈ, ਰਾਜਕ ਰਹੀਮ ਹੈ।
3. ਉਹ ਖੋਟੀ ਮਤਿ ਦਾ ਨਾਸ ਕਰਕੇ ਸੁਮਤਿ ਦੇਣ ਵਾਲਾ ਵੀ ਹੈ।

ਗੁਰਬਾਣੀ ਨੇ ਇਸ ਖਿਆਲ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ -

*ਆਪਿ ਉਪਾਇ ਆਪੇ ਦੇਇ॥ ਆਪੇ ਦੁਰਮਤਿ ਮਨਹਿ ਕਰੇਇ॥* ਪੰਨਾ - 349

ਇਨ੍ਹਾਂ ਵਿਚਾਰਾਂ ਦੀ ਸਮਝ ਤੇ ਸੋਝੀ ਉਸ ਵਕਤ ਆਉਂਦੀ ਹੈ ਜਦੋਂ ਜੀਵ ਆਪਾ ਤਿਆਗ ਕੇ ਨਿਮਾਣਾ ਹੋ ਕੇ, ਪ੍ਰਭੂ ਸਰਨ ਵਿਚ ਜਾ ਕੇ ਇਹ ਪੁਕਾਰੇ -

*ਏਨਾ ਜੰਤਾ ਕੇ ਵਸਿ ਕਿਛੁ ਨਾਹੀ॥* ਪੰਨਾ - 469

ਤਾਂ ਫਿਰ ਪ੍ਰਭੂ ਆਪਣਾ ਪਿਆਰ ਆਪਣੇ ਸੰਤਾਂ, ਭਗਤਾਂ, ਪਿਆਰਿਆਂ ਦੁਆਰਾ ਵੰਡਦਾ ਹੈ। ਪ੍ਰੇਮ (spiritual love) ਪ੍ਰਭੂ ਦਾ ਇਕ ਐਸਾ ਗੁਣ ਹੈ ਜੋ ਸਭ ਨੂੰ ਆਪਣੇ ਵਲ ਖਿਚ ਲੈਂਦਾ ਹੈ, ਆਪਣਾ ਬਣਾ ਲੈਂਦਾ ਹੈ। ਇਹ ਜੀਵ ਦੀ ਬੁਧ ਦਾ ਪ੍ਰਕਾਸ਼ ਹੋਣ ਤੇ ਹੀ ਸੰਭਵ ਹੈ। ਸਾਡੇ ਮੈਗਜ਼ੀਨ ਦੇ ਅਨੁਭਵੀ ਲੇਖਾਂ ਦੁਆਰਾ ਯਤਨ ਕੀਤਾ ਜਾ ਰਿਹਾ ਹੈ ਕਿ ਖੋਟੀ ਬੁਧ ਦਾ ਨਾਸ਼ ਕਰਕੇ ਸੁਮਤਿ ਦਾ ਪ੍ਰਕਾਸ਼ ਹੋਵੇ, ਇਹ ਸੰਭਵ ਹੈ ਰੱਬੀ ਪ੍ਰੇਮ ਦੇ ਵਣਜਾਰੇ ਸੰਤ ਮਹਾਂਪੁਰਸ਼ ਦੀ ਸੰਗਤ ਕਰਨ ਨਾਲ। ਸੰਤ ਭਗਤ ਪ੍ਰਭੂ ਪ੍ਰੇਮ ਦਾ ਸਹਾਰਾ ਲੈਂਦੇ ਹਨ -

*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੇ ਲਾਗਾ ਪਾਇ॥* ਪੰਨਾ - 135

ਪ੍ਰੇਮ ਨਾਲ ਸਦਭਾਵਨਾ ਵਧਦੀ ਹੈ, ਦ੍ਵੈਸ਼ ਦਾ ਨਾਸ਼ ਹੁੰਦਾ ਹੈ, ਅਗਿਆਨਤਾ ਦਾ ਵਿਨਾਸ਼ ਹੁੰਦਾ ਹੈ। ਮਨ ਫਿਰ ਜਦੋਂ ਝੂਠੇ ਸੰਕਲਪਾਂ ਵਿਕਲਪਾਂ ਤੋਂ ਖਾਲੀ ਹੋ ਜਾਂਦਾ ਹੈ ਤਾਂ ਪ੍ਰੇਮ ਨਾਲ ਭਰ ਜਾਂਦਾ ਹੈ। ਫਿਰ ਜੀਵ ਨਿਰਮਲ ਕਰਮਾਂ ਨੂੰ ਹੀ ਪਹਿਲ ਦਿੰਦਾ ਹੈ -

ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾ ਕੇ ਕਰਮ॥ ਪੰਨਾ - 296

ਆਤਮ ਮਾਰਗ ਦਾ ਸਮੁੱਚੇ ਰੂਪ ਵਿਚ ਇਕੋ ਮਨੋਰਥ ਹੈ ਕਿ ਜਗਿਆਸੂਆਂ ਨੂੰ ਇਸ ਪ੍ਰਕਾਰ ਦੇ ਦੈਵੀ ਗੁਣਾਂ ਨਾਲ ਭਰਪੂਰ ਕੀਤਾ ਜਾਵੇ ਕਿ ਉਹ ਪ੍ਰਭੂ ਪਤੀ ਨੂੰ ਪਿਆਰੇ ਲਗਣ। ਦੋਹਾਗਣ ਦੀ ਜ਼ਿੰਦਗੀ ਆਪਣੇ ਆਪ ਨਾਲ ਆਤਮ ਘਾਤ ਹੈ, ਸਮਾਜ ਲਈ ਵਾਧੂ ਭਾਰ ਹੈ, ਰੱਬ ਲਈ ਉਲ੍ਹਾਮੇ ਦਾ ਕਾਰਨ ਬਣਦੀ ਹੈ। ਅਸੀਂ ਸਭ ਜੋ ਮਨਮਤਿ ਦੇ ਅਧੀਨ ਕਾਰਜ ਕਰਦੇ ਹਾਂ, ਖਸਮ ਤੋਂ ਘੁਥੀਆਂ ਹੋਈਆਂ ਛੁੱਟੜ ਇਸਤਰੀਆਂ ਵਾਂਗ ਹਾਂ ਤੇ ਜੀਵਨ ਵਿਅਰਥ ਗੁਆ ਰਹੀਆਂ ਹਾਂ। ਦੁਹਾਗਣਾਂ ਵਾਲੇ ਕਰਮ ਛੱਡ ਸੁਹਾਗਣ ਵਾਲੇ ਕਰਮਾਂ ਨੂੰ ਕਰਨ ਦਾ ਭਾਵ ਐਸੇ ਸ਼ੁਭ ਗੁਣਾਂ ਨੂੰ ਧਾਰਨ ਕਰਨਾ ਹੈ ਕਿ ਪ੍ਰਭੂ ਸਾਨੂੰ ਬਾਂਹ ਤੋਂ ਫੜ ਕੇ ਆਪਣੇ ਪਾਸ ਬਿਠਾ ਲਏ, ਆਪਣੇ ਬਣਾ ਲਏ ਤੇ ਫਿਰ ਸਾਡੇ ਗੁਣਾਂ, ਅਵਗੁਣਾਂ ਵਲ ਧਿਆਨ ਨਾ ਦੇਵੇ ਭਾਵ ਬਖਸ਼ ਦੇਵੇ। ਉਹ ਨਿਰਗੁਣਆਰਿਆਂ, ਪਾਪੀਆਂ ਨੂੰ ਬਖਸ਼ਣਹਾਰ ਹੈ। ਅਸੀਂ ਸੰਸਾਰੀ ਜੀਵ ਅਧੂਰੇ ਹਾਂ, ਊਣੇ ਹਾਂ। ਇਸ ਪ੍ਰਕਾਰ ਦਾ ਅਹਿਸਾਸ ਮਨੁੱਖ ਨੂੰ ਉਸ ਵਕਤ ਆਉਂਦਾ ਹੈ ਜਦੋਂ ਉਹ ਪਰਮਾਰਥ ਦਾ ਪਾਂਧੀ ਬਣਦਾ ਹੈ। ਪ੍ਰਭੂ ਨਿਮਾਣਿਆਂ ਨੂੰ ਮਾਣ ਦਿੰਦਾ ਹੈ - ਨਿਮਰਤਾ ਭਾਵ ਦੁਆਰਾ ਹੀ ਕੁਝ ਪ੍ਰਾਪਤੀ ਸੰਭਵ ਹੈ -

*ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗੁਣ ਨਾ ਪਛਾਣੇ॥* ਪੰਨਾ - 704

ਇਹ ਉਪਰੋਕਤ ਵਰਣਨ ਕੇਵਲ ਵਰਣਨ ਮਾਤਰ ਨਹੀਂ, ਆਤਮ ਮਾਰਗ ਦੇ ਹੁਣ ਤਕ ਪੁਟੇ ਕਦਮ ਸਫਲਤਾ ਪੂਰਬਕ ਸਾਡੇ ਸਾਹਮਣੇ ਹਨ, ਦੇਸ਼ਾਂ ਵਿਦੇਸ਼ਾਂ ਵਿਚੋਂ ਪਾਠਕਾਂ ਦੀਆਂ ਚਿੱਠੀਆਂ, ਟੈਲੀਫੂਨ, ਮੈਂਬਰਸ਼ਿਪ ਵਿਚ ਨਿਰੰਤਰ ਵਾਧਾ ਹੀ ਇਹ ਸਬੂਤ ਹੈ ਕਿ ਅਨੁਭਵੀ ਬਚਨਾਂ ਦੁਆਰਾ ਆਤਮਾ ਅਰੋਗ ਹੋਵੇਗੀ ਅਤੇ ਜੀਵ ਨੂੰ ਪਰਮਾਤਮਾ ਦੇ ਦਰਬਾਰ ਵਿਚ ਸਥਾਨ ਮਿਲੇਗਾ। ਇਹੀ ਸਾਡਾ ਮਨੋਰਥ ਹੈ, ਯਤਨ ਹੈ; ਸਫਲਤਾ ਵਾਹਿਗੁਰੂ ਨੇ ਦੇਣੀ ਹੈ -

*ਸਚੈ ਤਖਤਿ ਬੁਲਾਵੈ ਸੋਇ॥ ਦੇ ਵਡਿਆਈ ਕਰੇ ਸੁ ਹੋਇ॥* ਪੰਨਾ - 355

# ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ.ਗੁ.ਰੂ.ਮਿਸ਼ਨ।*

ਵਾਹਿਗੁਰੂ ਜੀ ਦੀ ਆਪਣੀ ਮੌਜ ਵਿਚ ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਅਨੇਕ ਭਾਂਤ ਦੀ, ਅਨੇਕ ਰੂਪਾਂ, ਰੰਗਾਂ ਦੀ ਸ੍ਰਿਸ਼ਟੀ ਸਾਜ ਕੇ ਮਨੁਖਾਂ ਦੇ ਕਲਿਆਣ ਵਾਸਤੇ ਅਜਿਹੀਆਂ ਰੂਹਾਂ ਵੀ ਮਨੁਖਾਂ ਦੇ ਜਨ-ਸਮੂਹ ਵਿਚ ਪ੍ਰਵੇਸ਼ ਕਰਾਉਂਦਾ ਰਿਹਾ ਜੋ ਉਨ੍ਹਾਂ ਨੂੰ ਆਪਣੇ ਅੰਦਰਲੇ ਪ੍ਰਕਾਸ਼ ਰਾਹੀਂ ਅਕਾਲ ਪੁਰਖ ਵਲੋਂ ਆਏ ਗਿਆਨ ਦਾ ਪ੍ਰਕਾਸ਼ ਕਰਾਉਂਦੇ ਰਹੇ ਅਤੇ ਸੰਸਾਰ ਦਾ ਵਾਤਾਵਰਣ ਸੁਖਾਵਾਂ ਰਿਹਾ ਅਤੇ ਜੀਵਾਂ ਦੀ ਕਲਿਆਣ ਹੁੰਦੀ ਰਹੀ। ਅਨੇਕ ਰੂਪਾਂ ਵਿਚ ਸਮਾਜਿਕ, ਆਰਥਿਕ ਤੇ ਰਾਜਸੀ ਬੰਦੇ, ਮਰਿਆਦਾ ਦੇ ਕਾਨੂੰਨ ਵਿਚ ਬੰਨੇ ਜਾਂਦੇ ਰਹੇ ਜਿਸ ਨਾਲ ਜੀਵਨ ਨਿਯਮਬੱਧ ਹੋ ਕੇ ਸੁਖ-ਸ਼ਾਂਤੀ ਦਾ ਅਨੁਭਵ ਕਰਾਉਂਦਾ ਰਿਹਾ। ਭਾਈ ਗੁਰਦਾਸ ਜੀ ਦੇ ਪਉੜੀ 5, ਵਾਰ 1 ਦੇ ਕਥਨ ਅਨੁਸਾਰ ਅੰਕਿਤ ਹੈ -

*ਚਾਰਿ ਜੁਗਿ ਕਰਿ ਥਾਪਨਾ ਸਤਿਜੁਗ ਤ੍ਰੇਤਾ ਦੁਆਪੁਰ ਸਾਜੇ।*
*ਚੌਥਾ ਕਲਿਜੁਗ ਥਾਪਿਆ ਚਾਰਿ ਵਰਨਿ ਚਾਰੋਂ ਕੇ ਰਾਜੇ।*
*ਭਾਈ ਗੁਰਦਾਸ ਜੀ, ਵਾਰ 1/5*

ਸਤਿਜੁਗ ਦਾ ਮਨੁੱਖ ਦੈਵੀ ਗੁਣਾਂ ਵਿਚ ਭਰਪੂਰ ਹੋਣ ਕਰਕੇ ਸਤੋ ਗੁਣ ਵਿਚ ਵਰਤਦਾ ਸੀ ਅਤੇ ਪ੍ਰਮੇਸ਼ਰ ਨੂੰ ਘਟ-ਘਟ ਵਿਚ ਵਿਆਪਕ ਜਾਣ ਕੇ ਹਉਮੈਂ ਦੇ ਲੇਸ ਤੋਂ ਬਚਿਆ ਰਹਿੰਦਾ ਸੀ ਜਿਸ ਦੇ ਬਾਰੇ ਫੁਰਮਾਨ ਹੈ -

*ਸਤਿਜੁਗ ਹੰਸੁ ਅਵਤਾਰ ਧਰ ਸੋਹੰ ਬ੍ਰਹਮ ਨ ਦੂਜਾ ਪਾਜੇ।*
*ਭਾਈ ਗੁਰਦਾਸ ਜੀ, ਵਾਰ 1/5*

ਇਸ ਜੁਗ ਦੇ ਵਿਚ ਹੰਸ ਅਵਤਾਰ ਧਾਰ ਕੇ ਸੋਹੰ ਬ੍ਰਹਮ ਦਾ ਪਤਾ ਦਸਿਆ, ਹੋਰ ਕੋਈ ਪਖੰਡ ਨਹੀਂ ਕੀਤਾ। ਲੋਕ ਇਕੋ ਬ੍ਰਹਮ ਹੀ ਬ੍ਰਹਮ ਆਖਦੇ ਸਨ। ਮੋਹ ਤੇ ਮਾਇਆ ਤੋਂ ਬੇ-ਖੁਹਾਇਸ਼ ਰਹਿੰਦੇ ਸਨ। ਵਣਾਂ ਵਿਖੇ ਪ੍ਰਭੂ ਪਿਆਰ ਵਿਚ ਜੁੜੇ ਰਹਿੰਦੇ ਅਤੇ ਕੰਦ ਮੂਲ ਖਾ ਕੇ ਲੰਬੀਆਂ ਅਰੋਗ ਉਮਰਾਂ ਭੋਗਦੇ। ਸਮਾਂ ਬਦਲਿਆ, ਤ੍ਰੇਤੇ ਜੁਗ ਵਿਚ ਮਾਇਆ, ਮੋਹ ਅਤੇ ਅਹੰਕਾਰ ਤਿੰਨਾਂ ਦਾ ਪਸਾਰਾ ਵਧ ਗਿਆ। ਦੁਆਪਰ ਵਿਚ ਹੋਰ ਜ਼ਿਆਦੇ ਤਬਦੀਲਾ ਆ ਗਈ ਤੇ ਵੱਡੇ-ਵੱਡੇ ਘਰੋਗੀ ਜੁੱਧ ਹੋਣ ਲਗੇ। ਇਸ ਤੋਂ ਪਿਛੋਂ ਕਲਜੁਗ ਦੀ ਵਾਰੀ ਆਈ। ਲੋਕਾਂ ਦੀਆਂ ਬਿਰਤੀਆਂ ਪੂਰੀ ਤਰ੍ਹਾਂ ਨਾਲ ਬਦਲ ਗਈਆਂ।



ਸ੍ਰੀ ਗੁਰੂ ਨਾਨਕ ਦੇਵ ਜੀ

*ਕਲਿਜੁਗ ਚੌਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।*
*ਭਾਈ ਗੁਰਦਾਸ ਜੀ, ਵਾਰ - 1/7*

ਇਸ ਸਮੇਂ ਵਿਚ ਧਰਮ ਤੋਂ ਬੇਮੁਖਤਾ ਵਧ ਗਈ ਅਤੇ ਜਗਤ ਵਿਚ ਗਿਲਾਨੀ ਫੈਲ ਗਈ। ਸ੍ਰਿਸ਼ਟੀ ਮਾਇਆ ਨੇ ਠੱਗ ਲਈ, ਕਲਜੁਗੀ ਕਲ੍ਹਾ ਵਾਲੀ ਕ੍ਰਿਆ ਨੇ ਸਾਰੀ ਦੁਨੀਆਂ ਭਰਮਾ ਦਿਤੀ। ਜਗੰਤ ਵਿਚ ਗਿਲਾਨੀ ਉਠ ਖੜ੍ਹੀ ਹੋਈ। ਹਉਮੈ ਵਿਚ ਲੋਕ ਸੜਨ ਲੱਗੇ। ਕੋਈ ਕਿਸੇ ਨੂੰ ਮੰਨਦਾ ਨਹੀਂ। ਉਚੇ-ਨੀਵੇਂ ਦਾ ਸਤਿਕਾਰ ਸਭ ਨੂੰ ਭੁੱਲ ਗਿਆ। ਪਾਤਸ਼ਾਹ ਪਰਜਾ ਦੇ ਸੇਵਾਦਾਰ ਬਣਨ ਦੀ ਥਾਂ ਪਰਜਾ ਨੂੰ ਕੋਹਣ ਵਾਲੇ, ਲੁੱਟਣ ਵਾਲੇ, ਬੇਅਦਲੀ ਹੋ ਗਏ ਅਤੇ ਉਨ੍ਹਾਂ ਦੇ ਮੁਸਾਹਿਬ ਕਸਾਈਆਂ ਦਾ ਰੂਪ ਧਾਰ ਬੈਠੇ। ਪਰਜਾ ਰੂਪ ਬੱਕਰੀ ਨੂੰ ਕੋਹਣ ਲਗ ਪਏ। ਪਰਉਪਕਾਰ ਪੂਰੀ ਤਰ੍ਹਾਂ ਨਾਲ ਖਤਮ ਹੋ ਗਿਆ। ਪ੍ਰਮੇਸ਼ਰ ਭੁੱਲ ਗਿਆ, ਆਚਾਰੀਆਂ ਦਾ ਗਿਆਨ ਲੁਪਤ ਹੋ ਗਿਆ। ਸਾਰੀ ਦੁਨੀਆਂ ਭ੍ਰਿਸ਼ਟ ਹੋ ਗਈ। ਸ਼ੁਭ ਕਰਮਾਂ ਤੋਂ ਪਤਿਤ ਹੋ ਗਈ। ਅਜਿਹੇ ਵਾਤਾਵਰਨ ਵਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ -

*ਮਾਯਾ ਮੋਹੀ ਮੇਦਨੀ ਕਲਿ ਕਲਿ ਵਾਲੀ ਸਭ ਭਰਮਾਈ।*
*ਉਠੀ ਗਿਲਾਨਿ ਜਗਤ ਵਿਚ ਹਉਮੈਂ ਅੰਦਰ ਜਲੈ ਲੁਕਾਈ।*
*ਕੋਈ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।*

*ਭਏ ਬਿਅਦਲੀ ਪਾਤਸ਼ਾਹ ਕਲਿ ਕਾਤੀ ਉਮਰਾਵ ਕਸਾਈ।*
*ਰਹਿਆ ਤਪਾਵਸ ਤ੍ਰਿਹੁ ਜੁਗੀ ਚੌਥੇ ਜੁਗ ਜੋ ਦੇਇ ਸੁ ਪਾਈ।*
*ਕਰਮ ਭ੍ਰਿਸ਼ਟਿ ਸਭਿ ਭਈ ਲੁਕਾਈ।।*

*ਭਾਈ ਗੁਰਦਾਸ ਜੀ, ਵਾਰ - 1/7*

ਉਸ ਸਮੇਂ ਛੇ ਸ਼ਾਸ਼ਤਰ - ਨਿਆਏ ਸ਼ਾਸ਼ਤਰ, ਗੌਤਮ ਤਪੇ ਨੇ ਉਚਾਰਿਆ, ਮੀਮਾਂਸਾ - ਜੈਮਨੀ ਨੇ, ਵੇਦਾਂਤ - ਬਿਆਸ ਨੇ, ਸਾਂਖਜ - ਕਪਲ ਨੇ, ਵੈਸ਼ੇਖਕ- ਵੈਸ਼ੇਖਕ ਨੇ ਅਤੇ ਪਾਤੰਜਲ ਸ਼ਾਸ਼ਤਰ - ਪਾਤੰਜਲ ਰਿਖੀ ਨੇ। ਵੇਦਾਂ ਦਾ ਅਧਿਐਨ ਕਰਕੇ, ਤੱਤ ਕੱਢ ਕੇ ਬਣਾਏ ਪਰ ਇਨ੍ਹਾਂ ਵਿਚੋਂ ਅਸਲੀ ਗਿਆਨ ਅਲੋਪ ਹੋ ਗਿਆ ਉਸ ਦੀ ਸਮਝ ਨਾ ਆਵੇ ਕਿਉਂਕਿ ਪੂਰੇ ਸਤਿਗੁਰੂ ਦੀ ਅਣਹੋਂਦ ਕਾਰਨ ਸੋਹੰ ਬ੍ਰਹਮ ਨੂੰ ਲੁਕਾ ਕੇ ਭਰਮ ਦੇ ਪਰਦੇ ਦੀ ਗੱਲ ਹੀ ਦੱਸੀ ਗਈ। ਸ਼ਾਸਤਰ ਪੜ੍ਹ ਕੇ ਗਿਆਨ ਦਾ ਪ੍ਰਕਾਸ਼ ਹੋਣੋ ਰਹਿ ਗਿਆ ਕਿਉਂਕਿ -

*ਸਤਿਗੁਰ ਬਿਨਾ ਨ ਸਹਸਾ ਜਾਵੈ।।*

*ਭਾਈ ਗੁਰਦਾਸ ਜੀ - ਵਾਰ, 1/10*

ਇਸ ਤਰ੍ਹਾਂ ਦੇ ਨਾਲ ਹਉਮੈ ਦੇ ਘੁੱਪ ਹਨੇਰ੍ਹ ਵਿਚ ਸੰਸਾਰ ਗੁਆਚ ਗਿਆ ਅਤੇ ਪਤਾ ਨਹੀਂ ਲਗਦਾ ਸੀ ਕਿ ਕਿਹੜਾ ਸਾਧਨ ਕੀਤਾ ਜਾਵੇ ਜਿਸ ਕਰਕੇ ਆਤਮ ਸ਼ਾਖਸ਼ਾਤਕਾਰ ਹੋਵੇ ਅਤੇ ਪ੍ਰਭੂ ਨਾਲ ਮਿਲਾਪ ਹੋਵੇ। ਕਲਜੁਗ ਦੇ ਬੰਦਿਆਂ ਦੀ ਮੰਦ ਮਤਿ ਤੇ ਮੰਦ ਸੋਚਣੀ ਵਿਚ ਕਰਮ, ਕਿਰਤ ਦੀ ਪੇਸ਼ ਚਲਣੀ ਹਟ ਗਈ। ਭਜਨ ਬੰਦਗੀ, ਧਾਰਮਿਕ ਕਾਰ-ਵਿਹਾਰ ਸਾਰੇ ਦੇ ਸਾਰੇ ਭਰਮ ਭੁਲਾਵਾ ਬਣ ਗਏ। ਆਰਥਿਕ, ਸਮਾਜਿਕ ਤੇ ਰਾਜਸੀ ਹਾਲਾਤ ਪੂਰੀ ਤਰ੍ਹਾਂ ਨਾਲ ਉਲਝ ਗਏ। ਮਨੁੱਖ ਡਾਵਾਂ-ਡੋਲ ਹੋ ਗਿਆ। ਜਿਹੜੇ ਆਚਾਰੀਆ, ਪੀਰ, ਫਕੀਰ, ਔਲੀਆ ਇਸ ਜੁਗ ਵਿਚ ਉਪਦੇਸ਼ ਕਰਦੇ ਰਹੇ, ਉਨ੍ਹਾਂ ਨੇ ਵੀ ਜਨਤਾ ਨੂੰ ਕਰਮ-ਕਾਂਡ ਦੇ ਸੰਘਣੇ ਬਣ ਵਿਚ ਭੁਲਾ ਦਿਤਾ। ਇਸ ਕਲਜੁਗ ਵਿਚ ਭਗਤ ਯੋਗ *'ਗੁਰਮੁਖਿ ਨਾਮੁ ਦਾਨੁ ਇਸਨਾਨੁ।।'* ਹੀ ਇਕੋ-ਇਕ ਰਾਹ ਜੀਵ ਦੇ ਉਧਾਰ ਦਾ ਸੀ ਅਤੇ ਕਲਜੁਗ ਵਿਚ ਨਾਮ ਦੀ ਵਡਿਆਈ ਪ੍ਰੇਮਾ ਭਗਤੀ ਰਾਹੀਂ, ਕੀਤੀ ਹੋਈ ਕਮਾਈ ਹੀ ਪ੍ਰਵਾਨ ਹੈ। ਐਸੇ ਬਦਲੇ ਹੋਏ ਹਾਲਾਤ ਵਿਚ ਜਦੋਂ ਸੰਸਾਰ ਪਾਪ ਭ੍ਰਿਸ਼ਟ ਹੋ ਗਿਆ, ਵਰਨ, ਜਾਤਾਂ, ਮਜ਼ਹਬ ਆਪਸ ਵਿਚ ਖਹਿ-ਖਹਿ ਕੇ ਜਲਣ ਲੱਗੇ ਜਿਵੇਂ ਬਾਂਸ ਜਲਿਆ ਕਰਦੇ ਹਨ, ਧਰਮ ਗ੍ਰੰਥਾਂ ਦੀ ਨਿੰਦਿਆ ਚਲ ਪਈ ਅਤੇ ਅਗਿਆਨ ਦੇ ਹਨੇਰ੍ਹੇ ਵਿਚ ਸੰਸਾਰ ਡਾਵਾਂ-ਡੋਲ ਹੋ ਗਿਆ। ਹੁਣ ਲੋੜ ਸੀ - ਪੂਰੇ ਸਤਿਗੁਰੂ ਦੀ। ਫੁਰਮਾਨ ਕਰਦੇ ਹਨ -

*ਸਤਿਗੁਰ ਬਾਝ ਨ ਬੁਝੀਐ ਜਿੱਚਰ ਧਰੇ ਨ ਗੁਰ ਅਵਤਾਰਾ।*

*ਭਾਈ ਗੁਰਦਾਸ ਜੀ, ਵਾਰ - 1/17*

ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਜੀਵ ਨੂੰ ਕੋਈ ਥਾਂ ਨਹੀਂ ਲੱਭ ਰਿਹਾ ਸੀ। ਅਜਿਹੀ ਹਾਲਤ ਵਿਚ ਜਦੋਂ ਹਉਮੈ ਦੇ ਝੱਖਣਾ-ਝਾਖ ਵਿਚ ਸਾਰੇ ਹੀ ਧਰਮ, ਆਚਾਰੀਆ, ਮਜ਼ਹਬ, ਜੀਵਾਂ ਨੂੰ ਸਹੀ ਸੇਧ ਦੇਣ ਦੀ ਥਾਂ ਵੈਰ, ਵਿਰੋਧ ਵਿਚ ਫਸਾ ਰਹੇ ਸਨ, ਖੰਡਨ-ਮੰਡਨ, ਕਰਮ-ਕਾਂਡ ਪ੍ਰਧਾਨ ਹੋ ਗਿਆ, ਉਸ ਵੇਲੇ ਪ੍ਰਭੂ ਦੇ ਦਰ ਤੇ ਪੁਕਾਰ ਪਹੁੰਚਦੀ ਹੈ ਜਿਸਨੂੰ ਸੁਣ ਕੇ ਭਾਈ ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਸੰਸਾਰ ਵਿਚ ਕੀਤਾ ਅਤੇ ਇਹ ਕਹਿ ਕੇ ਭੇਜਿਆ, "ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਤੂੰ ਗੁਰੂ ਪ੍ਰਮੇਸ਼ਰ। ਮੇਰੇ ਕਲਿਆਣਕਾਰੀ ਨਾਮ ਦਾ ਅੰਮ੍ਰਿਤ ਸੰਸਾਰ ਵਿਚ ਵੰਡ।" *(ਜਨਮਸਾਖੀ)*

*ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ।*

*ਭਾਈ ਗੁਰਦਾਸ ਜੀ, ਵਾਰ - 1/23*

ਸੰਮਤ 1526 ਬਿਕ੍ਰਮੀ ਮੁਤਾਬਿਕ ਸੰਨ 1469 ਈ:, ਕੱਤਕ ਸੁਦੀ 15 ਨੂੰ ਰਾਇ ਭੋਇ ਦੀ ਤਲਵੰਡੀ ਵਿਚ, ਪਿਤਾ ਮਹਿਤਾ ਕਾਲੂ ਜੀ ਦੇ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਪਹਿਰ ਦੇ ਤੜਕੇ ਐਤਵਾਰ ਨੂੰ ਪ੍ਰਕਾਸ਼ ਹੋਇਆ। ਆਪ ਜੀ ਦੇ ਸਾਰੇ ਜੀਵਨ ਦਾ ਅਧਿਐਨ ਕਰਨ ਤੋਂ ਬਹੁਤ ਹੀ ਸੁੰਦਰ ਸਿਖਿਆਵਾਂ ਸੱਚ ਦੇ ਪ੍ਰਕਾਸ਼ ਵਿਚ ਸਹਾਈ ਹੁੰਦੀਆਂ ਹਨ। ਆਪ ਜੀ ਨੂੰ ਪਿੰਡ ਦੇ ਪਾਂਧੇ ਗੋਪਾਲ ਪਾਸ ਪੜ੍ਹਨ ਲਈ ਮਹਿਤਾ ਕਾਲੂ ਜੀ ਲੈ ਜਾਂਦੇ ਹਨ ਅਤੇ ਦੁਨੀਆਂ ਦੇ ਵਿਵਹਾਰ ਦੇ ਮੁਤਾਬਿਕ ਸ਼ੱਕਰ ਦੀ ਪਰਾਤ ਤੇ ਇਕ ਥਾਨ ਕੱਪੜਾ ਪਾਂਧਾ ਜੀ ਨੂੰ ਭੇਟ ਕਰਕੇ ਬੇਨਤੀ ਕਰਦੇ ਹਨ ਕਿ (ਗੁਰੂ) ਨਾਨਕ ਨੂੰ ਪੜ੍ਹਾਈ ਵਿਚ ਪੂਰੀ ਤਰ੍ਹਾਂ ਨਾਲ ਨਿਪੁੰਨ ਕਰਨ ਦੀ ਕੋਸ਼ਿਸ਼ ਕਰਨੀ। ਵਿਦਿਆਰਥੀ ਦੇ ਰੂਪ ਵਿਚ ਕਲਾਸ ਵਿਚ ਬੈਠ ਗਏ। ਥੋੜ੍ਹੇ ਦਿਨਾਂ ਪਿਛੋਂ ਜਦੋਂ ਫੱਟੀ ਉਪਰ ਅੱਖਰ ਪਾਉਣ ਲੱਗੇ ਤਾਂ ਉਨ੍ਹਾਂ ਨੇ ਫੱਟੀ ਉਪਰ ਮੰਗਲਾਚਰਣ 'ਓਮ੍ਹ ਭਗਵਤੇ ਸਿਧੰ' ਅੱਖਰ ਪਾ ਦਿਤਾ ਤਾਂ ਗੁਰੂ ਨਾਨਕ ਨੇ ਪਾਂਧੇ ਨੂੰ ਪੁਛਿਆ ਕਿ ਆਪ ਨੇ ਇਹ ਅੱਖਰ ਕੀ ਲਿਖਿਆ ਹੈ? ਪਾਂਧਾ ਹੈਰਾਨ ਹੋ ਗਿਆ ਕਿ ਕਿਸੇ ਵਿਦਿਆਰਥੀ ਨੇ ਮੇਰੇ ਉਤੇ ਇਹ ਪ੍ਰਸ਼ਨ ਨਹੀਂ ਕੀਤਾ। ਉਸਨੇ ਕਿਹਾ, "ਨਾਨਕ ਤੈਂ ਇਸ ਦੇ ਅਰਥਾਂ ਨੂੰ ਕੀ ਕਰਨਾ ਹੈ, ਤੂੰ ਅੱਖਰ ਸਿੱਖ।" ਜਦੋਂ ਫੇਰ ਦੁਬਾਰਾ ਕਿਹਾ ਤਾਂ ਗੁਰੂ ਨਾਨਕ ਨੂੰ ਉਸਨੇ ਟਾਲਣ ਲਈ ਕਿਹਾ ਕਿ ਅਸੀਂ ਇਹ ਪ੍ਰਮਾਤਮਾ ਅੱਗੇ ਕਾਰਜ ਸਿੱਧੀ ਲਈ ਮੰਗਲ ਰੂਪ ਵਿਚ ਲਿਖਿਆ ਹੈ। ਗੁਰੂ ਨਾਨਕ ਜੀ ਨੇ ਕਿਹਾ, "ਪਾਂਧਾ ਜੀ! ਕੀ ਤੁਸੀਂ ਉਸ ਓਅੰਕਾਰ ਨੂੰ ਜਾਣਿਆ ਹੈ, ਪਛਾਣਿਆ ਹੈ? ਉਹ ਕਿਹੋ ਜਿਹਾ ਹੈ? ਕਿਥੇ ਰਹਿੰਦਾ ਹੈ?" ਉਤਰ ਵਿਚ ਪਾਂਧਾ ਜੀ ਨੂੰ ਕੁਝ ਵੀ ਨਾ ਅਹੁੜਿਆ ਤਾਂ ਗੁਰੂ ਨਾਨਕ ਨੇ ਕਿਹਾ ਕਿ ਤੁਸੀਂ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋ? ਤਾਂ ਉਸਨੇ ਉਤਰ ਦਿਤਾ ਕਿ ਨਾਨਕ! ਮੈਂ ਤੈਨੂੰ ਹਿਸਾਬ-ਕਿਤਾਬ ਵਿਚ ਸਾਰੇ ਪਹਾੜੇ, ਸਾਰੇ 'ਗੁਰ' ਸਿਖਾ ਕੇ ਐਨਾ ਤਾਕ ਕਰ ਦੇਵਾਂਗਾ ਕਿ ਤੂੰ ਹਰ ਚੀਜ਼ ਦਾ ਜ਼ੁਬਾਨੀ ਹੀ ਹਿਸਾਬ-ਕਿਤਾਬ ਜੋੜ ਸਕੇਂ ਅਤੇ ਲੇਖੇ ਕਰ ਸਕੇਂ।

ਗੁਰੂ ਨਾਨਕ ਨੇ ਲੇਖਿਆਂ ਦੀ ਗੱਲ ਸੁਣ ਕੇ ਕਿਹਾ, "ਪਾਂਧਾ ਜੀ! ਇਹ ਲੇਖੇ ਦਰਗਾਹ ਵਿਚ ਜਦੋਂ ਜ਼ਿੰਦੜੀ ਜਮਾਂ ਦੇ ਵਸ ਪਈ ਸਾਹੋ-ਸਾਹ ਹੋਈ, ਆਪਣੀਆਂ ਕੀਤੀਆਂ ਹੋਈਆਂ ਗਲਤੀਆਂ ਦਾ ਲੇਖਾ ਦੇ ਰਹੀ ਹੋਵੇਗੀ, ਕੀ ਉਸ ਸਮੇਂ ਇਹ ਲੇਖਾ ਜੋ ਤੁਸੀਂ ਮੈਨੂੰ ਦਸ ਰਹੇ ਹੋ, ਉਸ ਥਾਂ ਸਹਾਇਤਾ ਵੀ ਕਰੇਗਾ?" ਇਕ ਛੋਟੇ ਸੁੰਦਰ ਬਾਲ ਦੀ ਨਿਰੇ ਹੀ ਪਿਆਰ ਰੂਪੀ ਵਜੂਦ ਵਿਚੋਂ ਇਹ ਗੱਲ ਸੁਣ ਕੇ ਪਾਂਧਾ ਇਕ ਦਮ ਚੌਂਕ ਉਠਿਆ ਅਤੇ ਮਨ ਹੀ ਮਨ ਵਿਚ ਸੋਚਣ ਲਗਿਆ ਕਿ ਇਹ ਤਾਂ ਕੋਈ ਮਹਾਨ ਆਤਮਾ ਪ੍ਰਗਟ ਹੋਈ ਹੈ। ਇਹਨਾਂ ਨੂੰ ਤਾਂ ਪੜ੍ਹਨ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਯੋਗ ਮਤ ਅਨੁਸਾਰ ਸਰਬ ਵਿਦਿਆਵਾਂ ਦੇ, ਸਰਬ ਬੋਲੀਆਂ ਦੇ ਪੂਰਨ ਰੂਪ ਵਿਚ ਗਿਆਤਾ ਹਨ; ਕਿਉਂ ਨਾ ਇਨ੍ਹਾਂ ਤੋਂ ਮੈਂ ਉਨ੍ਹਾਂ ਲੇਖਿਆਂ ਬਾਰੇ ਸ਼ਰਧਾ ਨਾਲ ਪੁੱਛ ਲਵਾਂ ਜਿਨ੍ਹਾਂ ਦੀ ਤਲਵਾਰ ਹਰ ਜੀਵ ਦੇ ਸਿਰ ਉਪਰ ਸਦਾ ਹੀ ਲਟਕਦੀ ਰਹਿੰਦੀ ਹੈ। ਉਸ ਵੇਲੇ ਪਾਂਧਾ ਜੀ ਸ਼ਰਧਾ ਦੇ ਘਰ ਆ ਕੇ ਗੁਰੂ ਨਾਨਕ ਨੂੰ ਕਹਿਣ ਲੱਗੇ ਕਿ ਹੇ ਨਾਨਕ! ਇਹ ਲੇਖੇ

ਤਾਂ ਦੁਨੀਆਂ ਦੇ ਕਾਰਜ ਸਿਧੀ ਵਾਸਤੇ ਅਤੇ ਇਹ ਪੜ੍ਹਾਈ ਦੁਨੀਆਂ ਵਿਚ ਸਿਆਣੇ ਬਣਨ ਵਾਸਤੇ ਸਿਖਾਈ ਜਾਂਦੀ ਹੈ। ਇਹ ਦਰਗਾਹ ਵਿਚ ਨਾਲ ਨਹੀਂ ਜਾਂਦੀ। ਜਿਨ੍ਹਾਂ ਲੇਖਿਆਂ ਦੀ ਤੂੰ ਗੱਲ ਕਰਦਾ ਹੈਂ, ਉਹ ਮੇਰੀ ਸਮਝ ਤੋਂ ਪਰ੍ਹੇ ਹਨ। ਮੈਂ ਨਹੀਂ ਜਾਣਦਾ ਕਿ ਉਹ ਕਿਹੜੀ ਪੜ੍ਹਾਈ ਹੈ? ਉਸਦਾ ਕੀ ਕੋਰਸ ਹੈ? ਉਸਦਾ ਗੁਰੂ ਕੌਣ ਹੈ ਜੋ ਉਹ ਪੜ੍ਹਾਈ ਕਰਾ ਸਕਦਾ ਹੋਵੇ ਜਿਹਦੇ ਪੜ੍ਹਨ ਨਾਲ ਜਨਮਾਂ-ਜਨਮਾਂਤਰਾਂ ਦੇ ਪਏ ਹੋਏ ਲੇਖਿਆਂ ਦਾ ਬੋਝ ਸਿਰ ਤੋਂ ਉਤਰ ਜਾਵੇ। ਹੇ ਨਾਨਕ! ਮੈਂ ਤੈਨੂੰ ਪੂਰਨ ਪੁਰਖ ਜਾਣ ਕੇ ਬੇਨਤੀ ਕਰ ਰਿਹਾ ਹਾਂ ਕਿ ਮੈਨੂੰ ਉਨ੍ਹਾਂ ਬਾਰੇ ਕੁਝ ਦੱਸ।

ਉਸ ਵਕਤ ਇਹ ਸੁਣ ਕੇ ਗੁਰੂ ਨਾਨਕ ਗੰਭੀਰਤਾ ਦੇ ਰੂਪ ਵਿਚ ਆ ਗਏ ਅਤੇ ਫੁਰਮਾਨ ਲੱਗੇ ਕਿ ਪਾਂਧਾ ਜੀ! ਇਸ ਸੰਸਾਰ ਵਿਚ ਹੰਗਤਾ ਤੇ ਮਮਤਾ ਦਾ ਬੰਨ੍ਹਿਆ ਹੋਇਆ ਜੀਵ ਕਰਮ ਕਰਦਾ ਹੈ। ਇਹ ਹਉਮੈ ਦੀ ਸੂਝ ਅਧੀਨ ਕੀਤੇ ਹੋਏ ਕਰਮ, ਚੰਗੇ-ਮੰਦੇ, ਜੀਵ ਨੂੰ ਚਿੰਬੜ ਜਾਂਦੇ ਹਨ ਜਿਨ੍ਹਾਂ ਦਾ ਲੇਖਾ ਦਰਗਾਹ ਵਿਚ ਹੁੰਦਾ ਹੈ, ਉਸਦੇ ਫਲਸਰੂਪ ਸਵਰਗ, ਨਰਕ ਤੇ ਸੁਖ, ਦੁਖ ਭੋਗਣੇ ਪੈਂਦੇ ਹਨ। ਸੋ ਇਸ ਹਉਮੈ ਰੂਪੀ ਬਿਆਧੀ ਨੂੰ ਦੂਰ ਕਰਨ ਲਈ ਇਸ ਹੰਗਤਾ ਤੇ ਮਮਤਾ ਨੂੰ ਨਾਮ ਅਗਨ ਨਾਲ ਜਾਲ ਕੇ ਸਿਆਹੀ ਬਣਾ ਲਵੇ ਜਿਵੇਂ ਦੀਵੇ ਦੀ ਲਾਟ ਦੇ ਉਪਰ ਠੂਠੀ ਬੰਨ੍ਹ ਦਿਤੀ ਜਾਂਦੀ ਹੈ ਅਤੇ ਉਸ ਮਸ (ਕਾਲਖ) ਨੂੰ ਲਾਹ ਕੇ ਉਸ ਵਿਚ ਗੂੰਦ ਆਦਿ ਚੀਜ਼ਾਂ ਪਾ ਕੇ ਸਿਆਹੀ ਬਣਾਈ ਜਾਂਦੀ ਹੈ। ਸੋ ਇਸੇ ਤਰ੍ਹਾਂ ਨਾਲ ਤੁਸੀਂ ਵੀ ਹੰਗਤਾ ਤੇ ਮਮਤਾ ਦੀ ਸਿਆਹੀ ਬਣਾ ਲਵੋ ਅਤੇ ਸਾਰ ਮਤ ਜੋ ਨਿਤ ਅਤੇ ਅਨਿਤ ਦਾ ਨਿਖੇੜਾ ਕਰਦੀ ਹੈ ਯਾਨਿ ਵਿਵੇਕ ਬੁੱਧੀ ਦਾ ਕਾਗਜ਼ ਬਣਾਓ। ਇਸ ਉਪਰ ਲਿਖਣ ਲਈ ਪਿਆਰ ਦੀ ਕਲਮ ਚਾਹੀਦੀ ਹੈ ਅਤੇ ਲਿਖਣ ਲਈ ਲਿਖਾਰੀ ਆਪਣੇ ਚਿਤ ਨੂੰ ਬਣਾਓ। ਸਮਰੱਥ ਗੁਰੂ ਨੂੰ ਪੁੱਛ ਕੇ ਇਸ ਉਪਰ ਪ੍ਰਭੂ ਦਾ ਨਾਮ ਲਿਖੋ, ਪ੍ਰਭੂ ਦੀ ਬੇਅੰਤਤਾਈ ਦੀਆਂ ਵਡਿਆਈਆਂ ਲਿਖੋ। ਜਦੋਂ ਇਹ ਲੇਖਾ ਸਮਰੱਥ ਗੁਰੂ ਤੋਂ ਪੁੱਛ ਕੇ ਲਿਖੋਗੇ ਤਾਂ ਇਹ ਦਰਗਾਹ ਵਿਚ ਸੱਚਾ ਨਿਸ਼ਾਨ ਬਣ ਕੇ ਤੁਹਾਡੀ ਸਹਾਇਤਾ ਹੀ ਨਹੀਂ ਕਰੇਗਾ, ਦਰਗਾਹ ਵਿਚ ਪੂਰਾ ਮਾਣ ਭੀ ਦਿਵਾਵੇਗਾ -

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥*
*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥*
*ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥*
*ਬਾਬਾ ਏਹੁ ਲੇਖਾ ਲਿਖਿ ਜਾਣੁ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥*

*ਪੰਨਾ - 16*

ਇਸ ਲੇਖੇ ਦੇ ਨਾਲ ਦਰਗਾਹ ਦੀਆਂ ਵਡਿਆਈਆਂ ਪ੍ਰਾਪਤ ਹੋਣਗੀਆਂ ਅਤੇ ਜੀਉ ਸਦਾ ਹੀ ਖਿੜਿਆ ਰਹੇਗਾ, ਖੁਸ਼ੀਆਂ ਮਾਣੇਗਾ। ਉਨ੍ਹਾਂ ਪੁਰਸ਼ਾਂ ਨੂੰ, ਜਿਨ੍ਹਾਂ ਨੇ ਇਹ ਲੇਖਾ ਲਿਖਿਆ ਹੈ, ਸੱਚੀ ਦਰਗਾਹ ਦੇ ਵਿਚ ਮਾਣ ਪ੍ਰਾਪਤ ਹੋਵੇਗਾ। ਸੋ ਇਸੇ ਤਰ੍ਹਾਂ ਦੇ ਉਪਦੇਸ਼ ਸੁਣ ਕੇ ਪਾਂਧਾ ਜੀ ਨੇ ਗੁਰੂ ਨਾਨਕ ਨੂੰ ਬੇਨਤੀ ਕੀਤੀ ਕਿ ਮੇਰੇ ਉਪਰ ਆਪ ਕ੍ਰਿਪਾ ਕਰੋ। ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਦੇ ਘਰ ਆ ਕੇ ਨਾਮ ਦ੍ਰਿੜ੍ਹ ਕਰਾ ਦਿਤਾ ਅਤੇ ਪੱਟੀਆਂ ਦਿਤੀਆਂ। ਪਾਂਧਾ ਪੜ੍ਹ ਰਿਹਾ ਹੈ -

*ਸਸੈ ਸੋਇ ਸ੍ਰਿਸਟਿ ਜਿਨਿ ਸਾਜੀ*
*ਸਭਨਾ ਸਾਹਿਬੁ ਏਕੁ ਭਇਆ॥*
*ਸੇਵਤ ਰਹੇ ਚਿਤੁ ਜਿਨ ਕਾ ਲਾਗਾ*
*ਆਇਆ ਤਿਨ ਕਾ ਸਫਲੁ ਭਇਆ॥*
*ਮਨ ਕਾਹੇ ਭੂਲੇ ਮੂੜ ਮਨਾ॥*
*ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥*
*ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥*
*ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ*
*ਤਿਸੁ ਸਿਰਿ ਲੇਖੁ ਨ ਹੋਈ॥*
*ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ॥*
*ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ॥*

*ਪੰਨਾ - 432*

ਇਸ ਤਰ੍ਹਾਂ ਨਾਲ ਇਕ-ਇਕ ਅੱਖਰ ਨੂੰ ਪਰਮਾਰਥੀ ਬਣਾ ਕੇ ਪੰਡਿਤ ਨੂੰ ਦਿਤਾ ਤਾਂ ਪੰਡਿਤ ਹੱਕਾ-ਬੱਕਾ ਰਹਿ ਗਿਆ। ਗੁਰੂ ਭਾਵਨਾ ਗੁਰੂ ਨਾਨਕ ਤੇ ਕਰਕੇ ਆਪਣਾ ਜੀਵਨ ਸਫਲ ਕਰਿਆ ਤੇ ਚਰਨਾਂ ਤੇ ਸੀਸ ਨਿਵਾਉਂਦਿਆਂ ਕਿਹਾ -


"ਹੇ ਸਨਾਤਨ ਤੋਂ ਸਨਾਤਨ ਪੁਰਖ! ਤੂੰ ਪੂਰਨ ਪੁਰਖ ਹੈਂ; ਜੋ ਤੇਰੇ ਆਤਮੇ ਆਵੇ ਸੋ ਕਰ। ਮੇਰੀ ਵੀ ਕਲਿਆਣ ਚਿਤ ਰਖੋਂ, ਤੇਰੀ ਮਿਹਰਾਮਤ ਹੋਵੇ।"

ਇਸੇ ਤਰ੍ਹਾਂ ਦੇ ਨਾਲ ਆਪ ਨੂੰ ਬ੍ਰਿਜਨਾਥ ਪੰਡਤ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ। ਉਥੇ ਵੀ ਆਪਨੇ ਸਪਤ ਸਲੋਕੀ ਗੀਤਾ ਸੰਸਕ੍ਰਿਤ ਵਿਚ ਲਿਖ ਕੇ ਪੰਡਤ ਨੂੰ ਹੈਰਾਨ ਕਰ ਦਿਤਾ। ਪੰਡਤ ਸੋਝੀ ਵਾਲਾ ਸੀ, ਉਸਨੇ ਗੁਰੂ ਨਾਨਕ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ -

"ਹੇ ਆਦਿ ਤੂੰ, ਅਨਾਦਿ ਤੂੰ ਰੱਖ, ਤੂੰ ਦਾਸ ਉਪਰ ਮਿਹਰ ਕਰ ਅਤੇ ਮੇਰੇ ਜਨਮ ਮਰਨ ਦੇ ਬੰਧਨ ਕੱਟ ਦੇ।"

ਇਸ ਤਰ੍ਹਾਂ ਨਾਲ ਆਪਨੂੰ ਮੁਲਾਂ ਪਾਸ ਫਾਰਸੀ ਪੜ੍ਹਨ ਪਾਇਆ ਗਿਆ, ਉਸ ਥਾਂ ਵੀ ਮੌਲਵੀ ਨੂੰ ਜੀਵਨ ਦੀ ਸਾਰਥਾ ਦੱਸਣ ਲਈ ਇਕ ਸਿਹਰਫੀ ਲਿਖ ਕੇ ਪ੍ਰਕਾਸ਼ ਪਾਇਆ।

ਇਹ ਸਾਖੀਆਂ ਸੁਣ ਕੇ ਕਈ ਕਮਜ਼ੋਰ ਮਨਾਂ ਵਿਚ ਕਈ ਤਰਕਸ਼ੀਲ ਬੁੱਧੀਜੀਵੀਆਂ ਵਿਚ ਇਕ ਤੁਲਨਾ ਉਪਜਦੀ ਹੈ ਕਿ ਅਸੀਂ ਬਹੁਤ ਪੁਸਤਕਾਂ ਪੜ੍ਹ ਕੇ, ਲਿਖ ਕੇ, ਪੜ੍ਹਾਈਆਂ ਦੀ ਅੰਤਿਮ ਛੋਹ ਤਕ ਪੁਜੇ ਹਾਂ। ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਨਾਨਕ ਇਕ ਬੱਚਾ ਸੰਸਾਰਕ ਵਿਦਿਆਵਾਂ ਨੂੰ ਬਿਨਾਂ ਪੜ੍ਹਾਏ ਕਿਵੇਂ ਜਾਣ ਗਿਆ? ਕਿਸ ਬੁੱਧੀ ਅਨੁਸਾਰ ਉਸ ਨੇ ਉਸ ਸਮੇਂ ਮਹਾਨ ਬਾਣੀ ਦੀ ਰਚਨਾ ਕੀਤੀ ਇਹ ਉਨ੍ਹਾਂ ਦਾ ਪ੍ਰਸ਼ਨ ਉਨ੍ਹਾਂ ਦੇ ਨਜ਼ਰੀਏ ਨਾਲ ਯਥਾਰਥ ਲਗਦਾ ਹੈ ਪਰ ਉਨ੍ਹਾਂ ਨੂੰ ਰੂਹਾਨੀ ਸੂਝ ਨਾ ਹੋਣ ਕਰਕੇ ਅੰਦਰਲਾ ਗਿਆਨ ਨਹੀਂ ਹੈ। ਯੋਗੀ ਸਰਬ ਵਿਦਿਆ ਯੋਗ ਦੀਆਂ ਸਾਧਨਾਵਾਂ ਕਰਕੇ ਸਾਰੇ ਸੰਸਾਰ ਦੀਆਂ ਬੋਲੀਆਂ ਤੇ ਵਿਦਿਆ ਬਿਨਾਂ ਪੜ੍ਹੇ ਜਾਣ ਸਕਦੇ ਹਨ। ਭਾਰਤ ਵਰਸ਼ ਵਿਚ ਅੱਜ ਦੇ ਸਮੇਂ ਦੋ ਮਹਾਨ ਯੋਗੀ ਜਿਨ੍ਹਾਂ ਨੂੰ ਮੈਂ ਨੇੜੇ ਹੋ ਕੇ ਜਾਣਿਆ, ਪਛਾਣਿਆ ਹੈ, ਉਹ ਹਨ ਡਾ. ਸੁਆਮੀ ਰਾਮ ਜੀ ਤੇ ਡਾ. ਵੇਦ ਭਾਰਤੀ ਜੀ (D.Lit)। ਇਹ ਦੋਵੇਂ ਸਰਬ ਵਿਦਿਆ ਯੋਗ ਦੇ ਮਾਹਿਰ ਹਨ। ਸੁਆਮੀ ਵੇਦ ਭਾਰਤੀ ਜੀ ਨੇ ਰਤਵਾੜਾ ਸਾਹਿਬ ਇਕ ਵਖਿਆਨ ਵਿਚ ਇਹ ਸਪਸ਼ਟ ਕੀਤਾ ਸੀ ਕਿ ਉਹ ਹਾਲੈਂਡ ਵਿਚ ਪੀ.ਐਚ.ਡੀ ਕਰਨ ਗਏ ਤਾਂ ਉਨ੍ਹਾਂ ਨੇ ਕਿਹਾ ਕਿ



ਤੁਸੀਂ ਤਾਂ ਡੱਚ ਭਾਸ਼ਾ ਨਹੀਂ ਜਾਣਦੇ। ਸੁਆਮੀ ਜੀ ਨੇ ਕਿਹਾ ਕਿ ਮੈਨੂੰ ਸਿਰਫ ਸੱਤ ਦਿਨ ਚਾਹੀਦੇ ਹਨ। ਜਦੋਂ ਸੱਤਾਂ ਦਿਨਾਂ ਪਿਛੋਂ ਫੇਰ ਗਏ ਤਾਂ ਉਨ੍ਹਾਂ ਨੇ ਇਜ਼ਾਜ਼ਤ ਦੇ ਦਿਤੀ ਅਤੇ ਸੁਆਮੀ ਜੀ ਨੇ ਉਥੇ ਪੀ.ਐਚ.ਡੀ ਕੀਤੀ। ਭਾਰਤਵਰਸ਼ ਵਿਚ ਡਾ. ਸੁਆਮੀ ਵੇਦ ਭਾਰਤੀ ਜੀ ਦੇ ਕਹਿਣ ਮੁਤਾਬਿਕ ਉਨ੍ਹਾਂ ਤੋਂ ਬਿਨਾਂ ਅੱਠ ਹੋਰ ਯੋਗੀ ਹਨ ਜਿਹੜੇ ਸਰਬ ਵਿਦਿਆ ਯੋਗ ਦੇ ਸਾਧਨਾਂ ਨਾਲ ਹਰ ਬੋਲੀ ਬੋਲ ਸਕਦੇ ਹਨ, ਲੈਕਚਰ ਦੇ ਸਕਦੇ ਹਨ। ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਜਿਹੜੇ ਆਪ ਹੀ ਅਨਿਕ ਕਲਾ ਸਮਰੱਥ ਸਨ ਉਨ੍ਹਾਂ ਨੂੰ ਕੋਈ ਵਿਦਿਆ ਪੜ੍ਹਨ ਦੀ ਲੋੜ ਹੀ ਨਹੀਂ ਭਾਸਦੀ। ਉਹ ਜਿਥੇ ਵੀ ਗਏ, ਉਸੇ ਬੋਲੀ ਵਿਚ ਰੂਹਾਨੀ ਕਦਰਾਂ ਕੀਮਤਾਂ ਦੱਸ ਕੇ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਵਿਚ ਸ਼ਬਦਾਂ ਦੀ ਸੰਭਾਲ ਅਸਾਡੇ ਕਲਿਆਣ ਵਾਸਤੇ ਕਰਦੇ ਰਹੇ। ਸੋ ਇਹ ਸ਼ੰਕਾ ਨਿਰਮੂਲ ਹੈ ਕਿ ਗੁਰੂ ਨਾਨਕ ਪੜ੍ਹੇ ਹੋਏ ਨਹੀਂ ਸਨ। ਉਹ ਸਾਰੀਆਂ ਬੋਲੀਆਂ ਦੇ ਗਿਆਤਾ ਸਨ। ਕਬੀਰ ਸਾਹਿਬ ਕਿਹੜੇ ਕਾਲਜ ਵਿਚ ਪੜ੍ਹਨ ਗਏ ਜਿਨ੍ਹਾਂ ਦੀ ਬਾਣੀ ਨੂੰ ਬਹੁਤ ਵੱਡੇ-ਵੱਡੇ ਵਿਦਵਾਨਾਂ ਨੂੰ ਸਮਝਣਾ ਅਤਿ ਕਠਿਨ ਹੈ? ਗੁਰੂ ਨਾਨਕ ਜੀ ਨੇ ਤਾਂ ਆਚਰਣ ਹੀਣ ਪੜ੍ਹਿਆਂ ਨੂੰ ਮੂਰਖ ਆਖਿਆ ਹੈ ਕਿਉਂਕਿ ਉਹ ਆਸ਼ਰੀ ਸੰਪ੍ਰਦਾ ਤੇ ਕਾਬੂ ਨਹੀਂ ਪਾ ਸਕੇ। ਮਨਮੁਖ ਪੜ੍ਹਾਕੂਆਂ ਦੀ ਵਿਦਿਆ ਨੂੰ ਵਿਹੁ ਖਟਦੀ, ਵਿਹੁ ਵੰਡਦੀ ਵਿਦਿਆ ਕਰਕੇ reject ਕੀਤਾ ਹੈ।

ਗੁਰੂ ਨਾਨਕ ਨੇ ਮੱਝੀਆਂ ਚਾਰੀਆਂ, ਉਨ੍ਹਾਂ ਉਪਰ ਸੱਪ ਨੇ ਛਾਂ ਕੀਤੀ, ਦਰੱਖਤਾਂ ਦਾ ਪਰਛਾਵਾਂ ਨਾ ਢਲਿਆ। ਇਹ ਕਰਾਮਾਤਾਂ ਨਹੀਂ ਸਨ, ਇਹ ਅੰਦਰਲੇ ਨਾਮ ਦੇ ਪ੍ਰਗਟਾਵੇ ਦੇ ਸੁਤਅ ਕਰਿਸ਼ਮੇ ਸਨ।

ਮਿਸਾਲ ਦੇ ਤੌਰ ਤੇ ਮੈਂ ਦਸਦਾ ਹਾਂ ਕਿ ਬੀਬੀ ਰਣਜੀਤ ਕੌਰ (ਲੇਖਕ ਦੀ ਪਤਨੀ) ਦੇ ਪਿਤਾ ਜੀ ਵਿਚ ਨਾਮ ਐਨਰਜੀ ਐਨੇ ਵੇਗ ਨਾਲ ਪ੍ਰਗਟ ਹੋ ਗਈ ਕਿ ਉਹ ਭਜਨ ਕਰਦੇ ਛੱਤ ਨਾਲ ਜਾ ਲੱਗੇ ਅਤੇ ਜਦੋਂ ਉਹ ਹੇਠਾਂ ਆਏ ਤਾਂ ਉਨ੍ਹਾਂ ਦੇ ਸਰੀਰ ਵਿਚੋਂ ਛੇ ਘੰਟੇ ਲਗਾਤਾਰ ਲਾਈਟ ਦੇ ਵਰੋਲੇ ਨਿਕਲ ਕੇ ਸਾਰੀ ਸੰਗਤ ਨੂੰ ਰੂਹਾਨੀ ਕੰਬਣੀ ਦਾ ਅਨੁਭਵ ਕਰਾਉਂਦੇ ਰਹੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਬਾਰੇ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਲਿਖਦੇ ਹੋਏ ਦਸਦੇ ਹਨ ਕਿ ਸੰਤ ਭਾਈ ਹੀਰਾ ਸਿੰਘ ਜੀ ਜਦੋਂ ਕੋਈ ਵਜ਼ਨ ਸੀਸ ਉਪਰ ਚੁਕਦੇ ਸਨ ਤਾਂ ਉਨ੍ਹਾਂ ਦੇ ਸੀਸ ਦੇ ਨਾਲ ਉਹ ਵਜ਼ਨ ਛੂੰਹਦਾ ਨਹੀਂ ਸੀ ਸਗਮਾਂ ਇਕ ਗਿੱਠ ਉਚਾ ਰਿਹਾ ਕਰਦਾ ਸੀ। ਇਹ ਕੋਈ ਕਰਾਮਾਤ ਨਹੀਂ ਸੀ। ਇਹ ਨਾਮੀ ਜੀਵਨ ਵਿਚ ਨਾਮ ਐਨਰਜੀ ਦਾ ਪ੍ਰਗਟਾਵਾ ਹੀ ਸੀ। ਉਹ ਜਦੋਂ ਕਿਸੇ ਨੂੰ ਹੱਥ ਲਾ ਦਿੰਦੇ ਸਨ ਤਾਂ ਨਾਮ ਐਨਰਜੀ ਦਾ ਐਨਾ ਜਬਰਦਸਤ flow ਉਨ੍ਹਾਂ ਦੇ ਹੱਥ ਰਾਹੀਂ ਬਾਹਰ ਆਉਂਦਾ ਸੀ ਕਿ ਉਹ ਪ੍ਰੇਮੀ ਬੇ-ਸੁਧ ਹੋ ਕੇ ਧਰਤੀ ਤੇ ਲਿਟਣ ਲਗ ਜਾਂਦਾ ਸੀ। ਜੋ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਦਰੱਖਤਾਂ ਨੇ ਛਾਂ ਕਰਨੀ, ਸੱਪ ਨੇ ਛਾਂ ਕਰਨੀ ਅਤੇ ਮੱਝੀਆਂ ਦਾ ਖਾਧਾ ਹੋਇਆ ਖੇਤ ਮੁੜ ਕੇ ਪੂਰੀ ਤਰ੍ਹਾਂ ਹਰਿਆ-ਭਰਿਆ ਹੋ ਜਾਣਾ; ਇਹ ਕਰਾਮਾਤਾਂ ਨਹੀਂ ਸਨ। ਇਹ ਪੂਰਨ ਸਤਿ ਦੇ ਹਿਰਦੇ ਵਿਚੋਂ ਉਠੇ ਹੋਏ ਫੁਰਨੇ ਦੀ ਸਾਕਾਰਤਾ ਸੀ। ਜਦੋਂ ਵਾਹਿਗੁਰੂ ਜੀ ਦਾ ਇਕੋ ਫੁਰਨਾ ਅਨੰਤ ਸੰਸਾਰ ਦਾ ਪਸਾਰਾ ਕਰ ਸਕਦਾ ਹੈ ਤਾਂ ਨਾਮ ਵਿਚ ਰਤੇ ਨਾਮ ਰੂਪ ਹੋਏ ਸਰੀਰ ਵਿਚੋਂ ਉਠਿਆ ਫੁਰਨਾ, ਉਨ੍ਹਾਂ ਦਾ ਸਹਿਜ ਸੁਭਾਅ ਇਹ ਕਹਿ ਦੇਣਾ ਕਿ ਇਹ ਕਿਸਾਨ ਦਾ ਖੇਤ ਤਾਂ ਹਰਿਆ-ਭਰਿਆ ਹੈ, ਦੇਖਣ ਤੇ ਹਰਿਆ-ਭਰਿਆ ਹੀ ਨਿਕਲਣਾ; ਇਹ ਸਤਿ ਦੇ ਪ੍ਰਕਾਸ਼ ਦੀ ਅਚਰਜ ਕਲਾ ਹੈ।

ਗੁਰੂ ਨਾਨਕ ਚੁਪ ਕਰਕੇ ਲੇਟੇ ਰਹਿੰਦੇ ਹਨ ਤਾਂ ਵੈਦ ਬੁਲਾਇਆ ਗਿਆ। ਉਸਨੇ ਗੁਰੂ ਨਾਨਕ ਦੇ ਰੋਗ ਦੀ ਪਰਖ ਕਰਨੀ ਚਾਹੀ। ਗੁਰੂ ਨਾਨਕ ਜੀ ਮੁਸਕਾਏ ਅਤੇ ਪੁਛਿਆ, "ਵੈਦ ਜੀ! ਤੁਸੀਂ ਕੀ ਦੇਖ ਰਹੇ ਹੋ?" ਉਸਨੇ ਕਿਹਾ, "ਹੇ ਨਾਨਕ! ਮੈਂ ਰੋਗ ਦੀ ਪਹਿਚਾਨ ਕਰਨਾ ਚਾਹੁੰਦਾ ਹਾਂ।" ਪਾਤਸ਼ਾਹ ਕਹਿਣ ਲੱਗੇ, "ਵੈਦ ਜੀ ਤੁਸੀਂ ਤਾਂ ਆਪ ਹੀ ਰੋਗੀ ਹੋ। ਤੁਹਾਡਾ ਸਾਰਾ ਸੰਸਾਰ ਜੋ ਵੀ ਨਾਮ ਤੋਂ ਟੁੱਟਿਆ ਹੋਇਆ ਹੈ, ਉਹ ਸਾਰਾ ਹੀ ਰੋਗੀ ਹੈ। ਤੁਹਾਨੂੰ ਇਨ੍ਹਾਂ ਰੋਗਾਂ ਬਾਰੇ ਕੋਈ ਗਿਆਨ ਨਾ ਹੋਣ ਕਰਕੇ ਦੁਖ ਪਾ ਰਹੇ ਹੋ। ਵੈਦ ਓਹੀ ਹੋਇਆ ਕਰਦਾ ਹੈ ਜੋ ਰੋਗ ਨੂੰ ਬੁੱਝ ਸਕੇ ਅਤੇ ਸਹੀ ਦਾਰੂ ਜਾਨਣ ਵਾਲਾ ਸੁ-ਵੈਦ ਹੋਇਆ ਕਰਦਾ ਹੈ।" ਵੈਦ ਜੀ ਨੇ ਪੂਰੀ ਸ਼ਰਧਾ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਸਮਝਾਓ ਕਿ ਮੇਰੇ ਸਮੇਤ ਸੰਸਾਰ ਕਿਸ ਤਰ੍ਹਾਂ ਰੋਗੀ ਹੈ। ਮੈਂ ਤਾਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਵੱਸਥ ਮਹਿਸੂਸ ਕਰ ਰਿਹਾ ਹਾਂ। ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਥੋੜ੍ਹਿਆਂ ਰੋਗਾਂ ਨੂੰ ਛੱਡ ਕੇ ਰੋਗਾਂ ਦਾ ਘਾਣ ਮਨ ਵਿਚੋਂ ਪੈਦਾ ਹੁੰਦਾ ਹੈ। ਜਦੋਂ ਮਨ ਰੋਗੀ ਹੋ ਗਿਆ ਤਾਂ ਸਰੀਰ ਵੀ ਰੋਗੀ ਹੋ ਜਾਇਆ ਕਰਦਾ ਹੈ। ਸਭ ਤੋਂ ਪਹਿਲਾਂ ਜਿਸ ਨੂੰ ਮਨ ਦਾ ਕੁਸ਼ਟ ਆਖਿਆ ਜਾਂਦਾ ਹੈ, ਉਸ ਰੋਗ ਦਾ ਨਾਮ ਹੈ - 'ਹਉਮੈ ਰੋਗ' ਜੋ ਮਨੁੱਖ ਦੇ ਹਿੱਸੇ ਆਇਆ ਹੈ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਇਨ੍ਹਾਂ ਰੋਗਾਂ ਦਾ ਵੇਰਵਾ ਦਿੰਦਿਆਂ ਹੋਇਆਂ ਫੁਰਮਾਨ ਕੀਤਾ ਹੈ -

*ਹਉਮੈ ਰੋਗੁ ਮਾਨੁਖ ਕਉ ਦੀਨਾ॥*
*ਕਾਮ ਰੋਗਿ ਮੈਗਲੁ ਬਸਿ ਲੀਨਾ॥*
*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ॥*

*ਨਾਦ ਰੋਗਿ ਖਪਿ ਗਏ ਭੂਰੰਗਾ।।*
*ਜੋ ਜੋ ਦੀਸੈ ਸੋ ਸੋ ਰੋਗੀ।।*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।।*
*ਜਿਹਵਾ ਰੋਗਿ ਮੀਨੁ ਗ੍ਰਸਿਆਨੋ।।*
*ਬਾਸਨ ਰੋਗਿ ਭਵਰੁ ਬਿਨਸਾਨੋ।।*
*ਹੇਤ ਰੋਗ ਕਾ ਸਗਲ ਸੰਸਾਰਾ।।*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ।।*
*ਰੋਗੇ ਮਰਤਾ ਰੋਗੇ ਜਨਮੈ।।*
*ਰੋਗੇ ਫਿਰਿ ਫਿਰਿ ਜੋਨੀ ਭਰਮੈ।।*
*ਰੋਗ ਬੰਧ ਰਹਨੁ ਰਤੀ ਨ ਪਾਵੈ।।*
*ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ।।*
*ਪਾਰਬ੍ਰਹਮਿ ਜਿਸੁ ਕੀਨੀ ਦਇਆ।।*
*ਬਾਹ ਪਕੜਿ ਰੋਗਹੁ ਕਢਿ ਲਇਆ।।*
*ਤੂਟੇ ਬੰਧਨ ਸਾਧਸੰਗੁ ਪਾਇਆ।।*
*ਕਹੁ ਨਾਨਕ ਗੁਰਿ ਰੋਗੁ ਮਿਟਾਇਆ।।*

*ਪੰਨਾ - 1140-41*

ਮਨੁਖ ਹਉਮੈ ਦੇ ਰੋਗ ਵਿਚ ਗ੍ਰਸਿਆ ਜੰਮਦਾ ਮਰਦਾ ਰਹਿੰਦਾ ਹੈ, ਕਰਮਾਂ ਦੇ ਚੰਗੇ-ਮੰਦੇ ਫਲ ਖਾਂਦਾ ਹੈ। ਦੁਖ-ਸੁਖ ਦੇ ਦ੍ਵੰਦ ਵਿਚ ਫਸਿਆ ਜੰਮਣ ਮਰਣ ਦੀਆਂ ਘਮੇਟਣੀਆਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਅਨੰਤ ਕਾਲ ਤੋਂ ਇਸ ਜੀਵ ਨੂੰ ਹਉਮੈ ਰੋਗ ਨੇ ਗ੍ਰਸਿਆ ਹੋਇਆ ਹੈ। ਇਸ ਰੋਗ ਕਰਕੇ ਇਸਦਾ ਅਨੁਭਵ ਦੂਸ਼ਿਤ ਹੋ ਜਾਣ ਕਰਕੇ ਇਕ ਪਰੀਪੂਰਨ ਬ੍ਰਹਮ ਤਿੰਨ ਰੂਪਾਂ ਵਿਚ ਦਿਸਦਾ ਹੈ - ਇਕ ਪ੍ਰਮਾਤਮਾ ਦਾ ਰੂਪ, ਦੂਜਾ ਜੀਵ-ਆਤਮਾ, ਤੀਜਾ ਸੰਸਾਰ। ਪਰੀਪੂਰਨ ਨਾਮ ਸਤਾ ਨਾਲੋਂ ਟੁਟ ਕੇ ਦੁਖ ਭੋਗ ਰਿਹਾ ਹੈ। ਅਨੰਤ ਕਾਲ ਤੋਂ ਇਹ ਰੋਗ ਮਨੁੱਖ ਨੂੰ ਚਿੰਬੜਿਆ ਹੋਇਆ ਹੈ। ਇਹ ਆਪਣੇ ਆਪ ਨੂੰ ਭੁੱਲ ਕੇ ਸਰੀਰ ਬਣਿਆ ਹੈ ਜੋ ਤਿੰਨ ਕਾਲ ਹੀ ਅਸੱਤ ਹੈ। ਜੀਵ ਅੰਧ ਘੋਰ ਖੂਹ ਵਿਚ ਗੋਤੇ ਖਾਂਦਾ ਪਰਮ ਦੁਖੀ ਹੋ ਰਿਹਾ ਹੈ। ਇਕ ਸਾਧੂ ਤੋਂ ਬਿਨਾਂ, ਸਾਰੇ ਹੀ ਮਨੁੱਖ ਇਸ ਰੋਗ ਨਾਲ ਪੀੜ੍ਹਤ ਹਨ। ਇਹ ਰੋਗ ਨਾ ਦਾਨ ਕਰਨ ਤੋਂ, ਨਾ ਹੀ ਤੀਰਥ ਯਾਤਰਾ ਤੋਂ, ਨਾ ਹੀ ਦੇਹੀ ਨੂੰ ਕਸ਼ਟ ਦੇਣ ਵਾਲੇ ਤਪਾਂ ਤੋਂ, ਨਾ ਹੀ ਪੁਸਤਕਾਂ, ਬੇਦ-ਕਤੇਬ ਪੜ੍ਹਨ ਤੋਂ ਜਾਂਦਾ ਹੈ ਸਗਵਾਂ ਹੋਰ ਮੈਲ ਲਗ ਕੇ ਅਗਿਆਨ ਵਧਦਾ ਜਾਂਦਾ ਹੈ।

ਦੂਸਰਾ ਭਿਆਨਕ ਰੋਗ ਜੋ ਹਉਮੈ ਤੋਂ ਹੀ ਉਪਜਦਾ ਹੈ, ਉਹ ਹੈ ਆਪਣੇ ਬਾਰੇ, ਪ੍ਰਭੂ ਬਾਰੇ, ਸੰਸਾਰ ਬਾਰੇ ਭਰਮ ਉਤਪੰਨ ਹੋ ਜਾਵੇ ਇਸਨੂੰ 'ਅਵਿਦਿਆ' ਵੀ ਕਹਿ ਦਿੰਦੇ ਹਨ ਜਿਵੇਂ ਫੁਰਮਾਨ ਹੈ -

*ਛਛੈ ਛਾਇਆ ਵਰਤੀ ਸਭ ਅੰਤਰਿ*
*ਤੇਰਾ ਕੀਆ ਭਰਮੁ ਹੋਆ।।*
*ਭਰਮੁ ਉਪਾਇ ਭੁਲਾਈਅਨੁ ਆਪੇ*
*ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ।।* *ਪੰਨਾ - 433*

ਇਸ ਭਰਮ ਕਰਕੇ ਜੀਵ ਨੂੰ ਸੋਹੰ ਸਰੂਪ ਉਤੇ ਕੋਈ ਵਿਸ਼ਵਾਸ਼ ਨਹੀਂ ਆਉਂਦਾ ਅਤੇ ਆਪਣੇ ਆਪ ਨੂੰ ਕਲਪਿਤ ਜੀਵ ਜਾਣ ਕੇ ਅਨੰਤ ਕਾਲ ਤੋਂ ਦੁਖ ਸੁਖ ਭੋਗਦਾ ਫਿਰਦਾ ਹੈ।

ਤੀਸਰਾ ਰੋਗ ਜਿਸਨੂੰ ਮਨ ਦੀ ਟੀ.ਬੀ. ਆਖਦੇ ਹਨ, ਉਹ ਤ੍ਰਿਸ਼ਨਾ ਦਾ ਰੋਗ ਹੈ ਜਿਸ ਦੇ ਵਿਚ ਇਕ ਵਿਰਲੇ ਨੂੰ ਛੱਡ ਕੇ ਸਾਰੇ ਪੜ੍ਹੇ ਲਿਖੇ, ਕਰਮ-ਕਾਂਡੀ, ਧਰਮਾਂ ਦੇ ਠੇਕੇਦਾਰ ਅਤੇ ਅਖੌਤੀ ਬੁਧੀਜੀਵੀ ਸਭ ਜਲ ਰਹੇ ਹਨ ਅਤੇ ਅਗਿਆਨ ਵਸ ਹੋਏ ਹੋਏ ਤਿਸ਼ਨਾ ਦੀ ਅਗਨ ਨਾਲ ਸੜਦੇ ਹੋਏ ਭੀ ਹੋਰ-ਹੋਰ ਧੰਨ ਦੀ, ਪਦਾਰਥਾਂ ਦੀ ਲੋਚਾ ਲਾਈ ਰਖਦੇ ਹਨ ਅਤੇ ਤ੍ਰਿਸ਼ਨਾ ਦੀ ਅਗਨ ਵਿਚ ਹਰ ਵਾਰੀ ਜਨਮ ਧਾਰ ਕੇ ਜਲਦੇ ਰਹਿੰਦੇ ਹਨ। ਗੁਰਬਾਣੀ ਦਾ ਫੁਰਮਾਨ ਹੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ।।*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ।।*
*ਪਰੈ ਪਰੈ ਹੀ ਕਉ ਲੁਝੀ ਹੇ।।* *ਪੰਨਾ - 213*

ਇਸ ਰੋਗ ਨੂੰ ਟੀ.ਬੀ. ਦੀ ਤੁਲਨਾ ਦਿਤੀ ਜਾਂਦੀ ਹੈ। ਇਸ ਤੋਂ ਵੀ ਭਿਆਨਕ ਇਕ ਹੋਰ ਰੋਗ ਨਿੰਦਿਆ ਹੈ ਜਿਸਨੂੰ ਬਮਨ (ਉਲਟੀਆਂ) ਦਾ ਰੋਗ ਕਿਹਾ ਜਾਂਦਾ ਹੈ। ਨਿੰਦਕ ਦਾ ਸੁਭਾਅ ਹਰ ਵਕਤ ਨਿੰਦਿਆ ਕਰਨ ਦਾ ਹੋਇਆ ਕਰਦਾ ਹੈ। ਇਹ ਜਾਣਦਾ ਹੋਇਆ ਕਿ ਇਸਦੇ ਬਹੁਤ ਮਾੜੇ ਨਤੀਜੇ ਹਨ, ਫਿਰ ਵੀ ਇਹ ਜੀਵ, ਨਿੰਦਿਆ ਵਿਚ ਗੁਲਤਾਨ ਰਹਿੰਦਾ ਹੈ ਅਤੇ ਸੰਤ ਜਨਾਂ, ਮਹਾਂਪੁਰਸ਼ਾਂ ਦੀ ਨਿੰਦਿਆ ਇਹ ਅਕਾਰਨ ਹੀ ਕਰਦਾ ਰਹਿੰਦਾ ਹੈ। ਨਿੰਦਾ ਕਰਨ ਵਾਲਾ ਦੂਸਰੇ ਦੇ ਮਲਮੂਤਰ ਰੂਪ ਔਗੁਣਾਂ ਨੂੰ ਮੂੰਹ ਨਾਲ ਸਾਫ ਕਰਿਆ ਕਰਦਾ ਹੈ। ਇਹ ਨਿੰਦਕ ਪੁਰਖ ਕਿੰਨਾ ਵੀ ਦਾਨ-ਪੁੰਨ ਕਰ ਲਵੇ, ਸੇਵਾ ਕਰ ਲਵੇ, ਖੂਹ ਲਵਾ ਦੇਵੇ, ਤਲਾਬ ਲਵਾ ਦੇਵੇ, ਜ਼ਮੀਨ ਸਤਿਸੰਗ ਵਾਸਤੇ, ਹਸਪਤਾਲਾਂ ਵਾਸਤੇ, ਸਕੂਲਾਂ ਵਾਸਤੇਂ ਦਾਨ ਕਰ ਦੇਵੇ, ਬੇਅੰਤ ਪੁੰਨ ਦਾਨ ਕਰ ਦੇਵੇ; ਜੇ ਸਾਰੇ ਕੰਮ ਨੇਕ ਕਰਕੇ ਇਕ ਵਾਰੀ ਨਿੰਦਿਆ ਕਰ ਦੇਵੇ ਤਾਂ ਸਾਰਾ ਕੁਝ ਬਿਰਥਾ ਚਲਿਆ ਜਾਇਆ ਕਰਦਾ ਹੈ। ਜਿਸ ਤਰ੍ਹਾਂ ਦੇ ਨਾਲ ਅਸੀਂ ਕ੍ਰੋੜਾਂ ਅਰਬਾਂ ਦੀਆਂ ਰਕਮਾਂ ਨੂੰ ਸੈਂਕੜੇ ਰਕਮਾਂ ਨਾਲ ਗੁਣਾਂ ਕਰਦੇ ਰਹੀਏ ਅਤੇ ਅੰਤ ਵਿਚ ਜ਼ੀਰੋ ਨਾਲ ਗੁਣਾਂ ਕਰ ਦੇਈਏ ਤਾਂ ਬਣ ਜਾਇਆ ਕਰਦਾ ਹੈ। ਫੁਰਮਾਨ ਹੈ-

*ਜੇ ਓਹੁ ਅਠਸਠਿ ਤੀਰਥ ਨਾਵੈ।।*
*ਜੇ ਓਹੁ ਦੁਆਦਸ ਸਿਲਾ ਪੂਜਾਵੈ।।*
*ਜੇ ਓਹੁ ਕੂਪ ਤਟਾ ਦੇਵਾਵੈ।।*
*ਕਰੈ ਨਿੰਦ ਸਭ ਬਿਰਥਾ ਜਾਵੈ।।*
*ਸਾਧ ਕਾ ਨਿੰਦਕੁ ਕੈਸੇ ਤਰੈ।।*
*ਸਰਪਰ ਜਾਨਹੁ ਨਰਕ ਹੀ ਪਰੈ।।*
*ਜੇ ਓਹੁ ਗ੍ਰਹਨ ਕਰੈ ਕੁਲਖੇਤਿ।।*
*ਅਰਪੈ ਨਾਰਿ ਸੀਗਾਰ ਸਮੇਤਿ।।।*
*ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ।।*
*ਕਰੈ ਨਿੰਦ ਕਵਨੈ ਨਹੀ ਗੁਨੈ।।*
*ਜੇ ਓਹੁ ਅਨਿਕ ਪ੍ਰਸਾਦ ਕਰਾਵੈ।।*
*ਭੂਮਿ ਦਾਨ ਸੋਭਾ ਮੰਡਪਿ ਪਾਵੈ।।*
*ਅਪਨਾ ਬਿਗਾਰਿ ਬਿਰਾਂਨਾ ਸਾਂਢੈ।।*
*ਕਰੈ ਨਿੰਦ ਬਹੁ ਜੋਨੀ ਹਾਂਢੈ।।*
*ਨਿੰਦਾ ਕਹਾ ਕਰਹੁ ਸੰਸਾਰਾ।।*
*ਨਿੰਦਕੁ ਕਾ ਪਰਗਟਿ ਪਾਹਾਰਾ।।*
*ਨਿੰਦਕੁ ਸੋਧਿ ਸਾਧਿ ਬੀਚਾਰਿਆ।।*
*ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।।* *ਪੰਨਾ - 875*

ਨਿੰਦਕ ਬਾਰੇ ਐਸਾ ਭੀ ਫੁਰਮਾਨ ਹੈ ਕਿ ਇਹ ਮੂਰਖ ਪੁਰਸ਼ ਬਿਨਾਂ ਕੋਈ ਮਜੂਰੀ ਲਏ ਦੂਸਰਿਆਂ ਦੀ ਮੈਲ ਧੋਂਦਾ ਰਹਿੰਦਾ ਹੈ। ਇਸਦੇ ਨਤੀਜੇ ਬੜੇ ਭਿਆਨਕ ਹਨ। ਸਾਰਾ ਜਪ, ਤਪ ਨਸ਼ਟ ਹੋ ਜਾਂਦਾ ਹੈ ਅਤੇ ਨਰਕ ਘੋਰ ਵਿਚ ਵਾਸਾ ਪਾਉਂਦਾ ਹੈ -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*

*ਪੰਨਾ - 755*

ਇਸੇ ਤਰ੍ਹਾਂ ਚੁਗਲੀ, ਈਰਖਾ ਵਰਗੇ ਮਾਨਸਿਕ ਰੋਗ ਹਨ। ਇਸ ਮਨ ਵਿਚ ਬਹੁਤ ਹੀ ਭਿਆਨਕ ਕੀਟਾਣੂ ਪੰਜ ਚੋਰਾਂ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ; ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਆਸ਼ਾ, ਤ੍ਰਿਸ਼ਨਾਂ ਦੀਆਂ ਡੈਣਾਂ ਘਰ ਪਾਈਂ ਬੈਠੀਆਂ ਹਨ। ਸੋ ਵੈਦ ਜੀ ਇਹ ਸਾਰਾ ਸੰਸਾਰ ਇਨ੍ਹਾਂ ਰੋਗਾਂ ਕਰਕੇ ਪੀੜ੍ਹਤ ਹੈ। ਸੰਸਾਰ ਵਿਚ ਕੇਵਲ ਸਤਿਗੁਰੂ ਪੂਰਨ ਮਹਾਂਪੁਰਸ਼, ਆਰਫ, ਬ੍ਰਹਮਗਿਆਨੀ ਇਸ ਰੋਗ ਤੋਂ ਰਹਿਤ ਹਨ।

ਐਨੇ ਬਚਨ ਸੁਣ ਕੇ ਵੈਦ ਜੀ ਨੇ ਪੂਰੀ ਸ਼ਰਧਾ ਨਾਲ ਚਰਨੀਂ ਨਮਸਕਾਰ ਕਰਕੇ ਪੁਛਿਆ, "ਹੇ ਗੁਰਦੇਵ! ਆਪ ਇਸ ਸਰੀਰ ਵਿਚ ਸ਼ਾਖਸ਼ਾਤ ਪ੍ਰਮਾਤਮਾ ਦਾ ਰੂਪ ਪ੍ਰਗਟ ਹੋਏ ਹੋਂ, ਆਪ ਨੇ ਕਲਿਆਣ ਕਰਨੀ ਹੈ ਕ੍ਰਿਪਾ ਕਰਕੇ ਮੈਨੂੰ ਇਨ੍ਹਾਂ ਰੋਗਾਂ ਦੀ ਦਵਾਈ ਦੱਸੋ।" ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਜਿਸ ਵਾਹਿਗੁਰੂ ਨੇ ਸ੍ਰਿਸ਼ਟੀ ਸਾਜੀ ਹੈ, ਉਸਨੇ ਇਨ੍ਹਾਂ ਰੋਗਾਂ ਦੀ ਦਵਾਈ ਇਸ ਸਰੀਰ ਵਿਚ ਸਥਾਪਿਤ ਕੀਤੀ ਹੈ। ਉਹ ਹੈ ਪ੍ਰਭੂ ਦਾ 'ਨਾਮ' ਜਿਸ ਦੇ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਹੋਇਆ ਹੈ-

*ਲਲਾ ਲਾਵਉ ਅਉਖਧ ਜਾਹੂ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ॥*
*ਨਾਮ ਅਉਖਧੁ ਜਿਹ ਰਿਦੈ ਹਿਤਾਵੈ॥*
*ਤਾਹਿ ਰੋਗੁ ਸੁਪਨੈ ਨਹੀ ਆਵੈ॥*
*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥* *ਪੰਨਾ - 259*

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* *ਪੰਨਾ - 293*

ਵੈਦ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਕ੍ਰਿਪਾ ਕਰਕੇ ਮੈਨੂੰ ਇਹ ਦਾਰੂ ਬਖਸ਼ੋ ਤਾਂ ਕਿ ਮੈਂ ਅਰੋਗ ਹੋ ਕੇ ਆਪਣੇ ਪ੍ਰਮ ਮਨੋਰਥ ਨੂੰ ਪ੍ਰਾਪਤ ਹੋ ਸਕਾਂ। ਗੁਰੂ ਮਹਾਰਾਜ ਜੀ ਨੇ ਵੈਦ ਤੇ ਕ੍ਰਿਪਾ ਕਰਕੇ ਪੂਰਨ ਬ੍ਰਹਮ ਸ਼ਾਖਸ਼ਾਤ ਕਰਾ ਕੇ ਨਾਮ ਮੰਡਲ ਦਾ ਵਾਸੀ ਬਣਾ ਦਿਤਾ। ਇਸੇ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਤੋਂ ਬਹੁਤ ਵੱਡੇ ਸਬਕ ਮਿਲਦੇ ਹਨ। ਗੁਰਬਾਣੀ ਵਿਚ ਆਉਂਦਾ ਹੈ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥* *ਪੰਨਾ - 295*

ਵਾਹਿਗੁਰੂ ਦਾ ਨਾਮ ਜਦੋਂ ਤਕ ਸਾਵਧਾਨ ਅਤੇ ਇਕਾਗਰ ਚਿਤ ਹੋ ਕੇ ਨਹੀਂ ਜਪਿਆ ਜਾਂਦਾ, ਉਨੀਂ ਦੇਰ ਤਕ ਮਨ ਦੀ ਗੈਰ-ਹਾਜ਼ਰੀ - ਸਾਡੀ ਇਬਾਦਤ, ਸਾਡੀ ਭਜਨ ਬੰਦਗੀ ਨੂੰ ਪ੍ਰਵਾਨ ਨਹੀਂ ਹੋਣ ਦਿੰਦੀ। ਗੁਰੂ ਨਾਨਕ ਪਾਤਸ਼ਾਹ ਵੇਈ ਨਦੀ ਵਿਚ ਟੁੱਭੀ ਲਾ ਕੇ ਸੰਸਾਰ ਨੂੰ ਦਸਦੇ ਹਨ -

*ਮੁਖ ਤੇ ਭਾਖਹਿਂ ਸਤਿਗੁਰ ਬੈਨਾ।*
*'ਨਹਿਂ ਹਿੰਦੂ ਕੋ ਤੁਰਕ ਨ ਹੈਨਾ।*
*ਜਗ ਮਹਿਂ ਹਿੰਦੂ ਤੁਰਕ ਨ ਕੋਊ।*
*ਝੂਠੇ ਨਾਮ ਧਰਵਹਿਂ ਦੋਊ॥*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ (ਪੰਨਾ - 384)*

ਇਹ ਗੱਲ ਸੁਣ ਕੇ ਨਵਾਬ ਨੇ ਗੁਰੂ ਨਾਨਕ ਨੂੰ ਬੁਲਾ ਕੇ ਪੁਛਿਆ ਤਾਂ ਗੁਰੂ ਮਹਾਰਾਜ ਨੇ ਦਸਿਆ ਕਿ ਦੋਹਾਂ ਵਿਚੋਂ ਆਪਣੇ ਅਸੂਲਾਂ ਮੁਤਾਬਿਕ ਕੋਈ ਵੀ ਨਹੀਂ ਚਲ ਰਿਹਾ। ਨਵਾਬ ਦੌਲਤ ਖਾਨ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਮਸੀਤ ਵਿਚ ਆਪਣੇ ਨਾਲ ਨਮਾਜ਼ ਪੜ੍ਹਨ ਲਈ ਬੇਨਤੀ ਕੀਤੀ। ਗੁਰੂ ਮਹਾਰਾਜ ਜੀ ਚਲੇ ਗਏ ਪਰ ਨਮਾਜ਼ ਨਾ ਪੜ੍ਹੀ। ਨਮਾਜ਼ ਪੜ੍ਹਨ ਪਿਛੋਂ ਨਵਾਬ ਤੇ ਕਾਜ਼ੀ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਤੁਸੀਂ ਅਸਾਡੇ ਨਾਲ ਆ ਕੇ ਨਮਾਜ਼ ਕਿਉਂ ਨਹੀਂ ਪੜ੍ਹੀ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਨਵਾਬ ਦੌਲਤ ਖਾਨ! ਤੇਰਾ ਮਨ ਨਮਾਜ਼ ਪੜ੍ਹਨ ਸਮੇਂ ਇਸ ਸਰੀਰ ਵਿਚੋਂ ਨਿਕਲ ਗਿਆ ਸੀ ਅਤੇ ਕੰਧਾਰ ਵਿਚ ਘੋੜੇ ਖਰੀਦ ਰਿਹਾ ਸੀ। ਕਾਜ਼ੀ ਵਲ ਦੇਖ ਕੇ ਕਿਹਾ ਕਿ ਤੂੰ ਘਰ ਵਿਚ ਖੱਡੇ ਵਿਚ ਵਛੇਰੀ ਨੂੰ ਗਿਰਨ ਤੋਂ ਬਚਾਉਣ ਵਾਸਤੇ ਉਥੇ ਖੜ੍ਹਾ ਵਛੇਰੀ ਮੋੜਦਾ ਰਿਹਾ। ਮੈਂ ਨਮਾਜ਼ ਕਿਸ ਨਾਲ ਪੜ੍ਹਦਾ ਤਾਂ ਨਵਾਬ ਨੇ ਮਹਾਰਾਜ ਜੀ ਨੂੰ ਪੁਛਿਆ ਕਿ ਮਨ ਕਿਉਂ ਨਹੀਂ ਟਿਕਦਾ? ਗੁਰੂ ਮਹਾਰਾਜ ਜੀ ਨੇ ਦਸਿਆ ਕਿ ਮਨ ਪਾਰੇ ਦੀ ਨਿਆਈਂ ਹੋਣ ਕਰਕੇ ਵਾਸ਼ਨਾ ਦੇ ਵੇਗ ਨਾਲ ਸਦਾ ਹੀ ਹਿਲਦਾ ਰਹਿੰਦਾ ਹੈ, ਜਦੋਂ ਤਕ ਇਹ ਗੁਰੂ ਦੇ ਸ਼ਬਦ ਨਾਲ ਨਾ ਲੱਗੇ, ਉਨਾਂ ਚਿਰ ਇਹ ਟਿਕਿਆ ਨਹੀਂ ਕਰਦਾ। ਸਮਰੱਥ ਗੁਰੂ ਦਾ ਦਿਤਾ ਹੋਇਆ ਸ਼ਬਦ ਰੋਮ-ਰੋਮ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਇਹ ਮਨ ਉਸ ਮਹਾਨ ਅੰਮ੍ਰਿਤ ਰਸ ਵਿਚ ਲੀਨ ਹੋ ਕੇ ਕਿਤੇ ਵੀ ਨਹੀਂ ਜਾਇਆ ਕਰਦਾ। ਮਨ ਦੀ ਗੈਰਹਾਜ਼ਰੀ ਦਾ ਕੀਤਾ ਹੋਇਆ ਭਜਨ ਪ੍ਰਵਾਨ ਨਹੀਂ ਹੋਇਆ ਕਰਦਾ। ਨਵਾਬ ਦੇ ਬੇਨਤੀ ਕਰਨ ਤੇ ਗੁਰੂ ਮਹਾਰਾਜ ਜੀ ਨੇ ਸ਼ਬਦ ਦੀ ਦਾਤ ਬਖਸ਼ੀ ਅਤੇ ਉਸਨੂੰ ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰਾਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਿਥੇ ਤਕ ਪ੍ਰਿਥਵੀ ਉਪਰ ਅਬਾਦੀ ਸੀ, ਭ੍ਰਮਣ ਕੀਤਾ ਅਤੇ ਗੁਰਮਤਿ ਬਾਰੇ ਜਾਣਕਾਰੀ ਦੇ ਕੇ ਬੇਅੰਤ ਰੁਕੇ ਹੋਏ ਜਗਿਆਸੂਆਂ, ਪੀਰਾਂ, ਫਕੀਰਾਂ, ਸਾਧੂਆਂ, ਮਹਾਤਮਾ ਨੂੰ ਸੱਚੇ ਰਸਤੇ ਤੇ ਪਾਇਆ। ਜਦੋਂ ਆਪ ਜੀ ਸੁਮੇਰ ਪ੍ਰਬਤ ਤੇ ਗਏ ਉਥੇ ਗੋਰਖ ਆਦਿ ਚੌਰਾਸੀ ਸਿੱਧ ਜਿਹੜੇ ਪ੍ਰਾਣਾਯਾਮ ਦੇ ਬਲ ਕਰਕੇ ਲੰਮੀਆਂ ਸਮਾਧੀਆਂ ਵਿਚ ਸਵਾਸ ਰੱਖ ਕੇ ਉਮਰਾਂ ਵਧਾ ਰਹੇ ਸਨ ਅਤੇ ਸ਼ਕਤੀਆਂ ਦਾ ਪ੍ਰਯੋਗ ਕਰਕੇ ਲੋਕਾਂ ਨੂੰ ਦਿਖਾ ਰਹੇ ਸਨ। ਜਦੋਂ ਗੁਰੂ ਮਹਾਰਾਜ ਜੀ ਉਨ੍ਹਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਗੁਰੂ ਮਹਾਰਾਜ ਜੀ ਨਾਲ ਹੱਠ ਯੋਗ ਦੀਆਂ ਪ੍ਰਾਪਤੀਆਂ ਬਾਰੇ ਗੱਲਬਾਤ ਕਰਕੇ ਗੁਰੂ ਮਹਾਰਾਜ ਜੀ ਨੂੰ ਆਪਣੇ ਪੰਥ ਵਿਚ ਲਿਆਉਣ ਦਾ ਜਤਨ ਕਰਨ ਲੱਗੇ। ਗੁਰੂ ਨਾਨਕ ਪਾਤਸ਼ਾਹ ਨੂੰ ਇਕ ਚਿੱਪੀ ਦੇ ਕੇ ਕਿਹਾ ਕਿ ਔਹ ਸਾਹਮਣਿਓਂ

ਹੇਠਾਂ ਤਾਲ ਵਿਚੋਂ ਇਕ ਚਿੱਪੀ ਪਾਣੀ ਦੀ ਭਰ ਲੈ ਆਓ। ਗੁਰੂ ਨਾਨਕ ਜੀ ਨੇ ਜਾ ਕੇ ਦੇਖਿਆ ਤਾਂ ਤਾਲ ਵਿਚ ਪਾਣੀ ਦੀ ਥਾਂ ਹੀਰੇ, ਜਵਾਹਰਾਤ, ਲਾਲ, ਨਗੀਨੇ ਅਨੇਕ ਪੱਥਰ ਝਿਲਮਿਲ-ਝਿਲਮਿਲ ਕਰ ਰਹੇ ਸਨ ਅਤੇ ਮਨ ਨੂੰ ਮੋਹ ਰਹੇ ਸਨ। ਗੁਰੂ ਨਾਨਕ ਵਾਪਸ ਆ ਗਏ ਤੇ ਕਿਹਾ, "ਨਾਥ ਜੀ! ਉਥੇ ਪਾਣੀ ਤਾਂ ਹੈ ਨਹੀਂ।" ਸਿਧਾਂ ਨੇ ਦੇਖਿਆ ਕਿ ਗੁਰੂ ਨਾਨਕ ਜੀ ਦੇ ਮਨ ਵਿਚ ਪਾਣੀ ਨੂੰ ਕੀਮਤੀ ਪੱਥਰਾਂ ਦੇ ਰੂਪ ਵਿਚ ਦੇਖ ਕੇ ਕੋਈ ਅਸਰ ਨਹੀਂ ਹੋਇਆ ਸਗਮਾਂ ਉਨ੍ਹਾਂ ਦੇ ਦਿਲ ਵਿਚ ਸਿਧਾਂ ਦੀ ਕਰਾਮਾਤੀ ਬਿਰਤੀ ਨੂੰ ਦੇਖ ਕੇ ਕੁਝ ਤਰਸ ਉਪਜ ਰਿਹਾ ਹੈ। ਗੋਰਖਨਾਥ ਨੇ ਕਿਹਾ ਕਿ ਹੇ ਨਾਨਕ! ਦੇਖ ਸਾਡੇ ਮੱਤ ਵਿਚ ਹੱਠ ਯੋਗ ਰਾਹੀਂ ਕਿੰਨੀਆਂ ਸ਼ਕਤੀਆਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ। ਅਸੀਂ ਧੋਤੀ, ਨੇਤੀ, ਬਸਤੀ, ਤ੍ਰਾਟਕ ਅਤੇ ਕਪਾਲਭਾਤੀ ਦੀਆਂ ਕ੍ਰਿਆ ਕਰਕੇ ਕਿੱਡੀਆਂ ਵੱਡੀਆਂ ਪ੍ਰਾਪਤੀਆਂ ਤੇ ਕਿੰਨੀਆਂ ਸ਼ਕਤੀਆਂ ਪ੍ਰਾਪਤ ਕਰ ਲੈਂਦੇ ਹਾਂ। ਅਸੀਂ ਯੋਗ ਬਲ ਨਾਲ ਸਵਾਸਾਂ ਰਾਹੀਂ ਭੁਜੰਗਾ ਨਾੜੀ ਨੂੰ ਮੂਲਾਧਾਰ ਚੱਕਰ ਤੋਂ ਪਿਛੇ ਹਟਾ ਕੇ ਕੁੰਡਲਨੀ ਜਾਗ੍ਰਤ ਕਰ ਲੈਂਦੇ ਹਾਂ। ਕੁੰਡਲਨੀ ਦੇ ਜਾਗ੍ਰਤ ਹੋਇਆਂ ਸਾਡੇ ਵਿਚ ਤਿੰਨਾਂ ਲੋਕਾਂ ਨੂੰ ਦੇਖਣ ਦੀ ਸ਼ਕਤੀ ਉਤਪੰਨ ਹੋ ਜਾਂਦੀ ਹੈ। ਅਸੀਂ ਦੇਵੀ ਦੇਵਤਿਆਂ ਦੀਆਂ ਗੁਪਤ ਕ੍ਰੀੜਾਂ ਨੂੰ ਵੇਖ ਸਕਦੇ ਹਾਂ। ਅਸਮਾਨ ਅਤੇ ਧਰਤੀ ਵਿਚੋਂ ਕੋਈ ਚੀਜ਼ ਐਸੀ ਨਹੀਂ ਜੋ ਸਾਡੀ ਦਿਬ ਦ੍ਰਿਸ਼ਟੀ ਤੋਂ ਲ੍ਹਾਂਬੇ ਰਹਿ ਸਕੇ। ਅਸੀਂ ਛੇਆਂ ਚੱਕਰਾਂ ਨੂੰ ਬੇਧ ਕੇ ਸਹੰਸਰਾਰ ਦਲ ਕਮਲ ਵਿਚ ਪ੍ਰਵੇਸ਼ ਕਰਕੇ ਅਨੇਕ ਰਿਧੀਆਂ-ਸਿਧੀਆਂ ਨੂੰ ਪ੍ਰਾਪਤ ਕਰਕੇ ਜੀਵਨ ਬਤੀਤ ਕਰ ਰਹੇ ਹਾਂ ਅਤੇ ਅੰਦਰਲੇ ਅੰਮ੍ਰਿਤ ਨੂੰ ਪੀ ਕੇ ਅਨੰਦ ਰਹਿੰਦੇ ਹਾਂ। ਤੈਂ ਦੇਖਿਆ ਹੀ ਹੈ ਇਕ ਫੁਰਨੇ ਨਾਲ ਹੀ ਅਸੀਂ ਪਾਣੀ ਨੂੰ ਹੀਰੇ, ਜਵਾਹਰਾਤ, ਲਾਲਾਂ ਵਿਚ ਬਦਲ ਦਿਤਾ। ਇਨ੍ਹਾਂ ਲਾਲਾਂ ਦਾ ਕੋਈ ਮੁਲ ਨਹੀਂ ਪਾ ਸਕਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਸਿਧੀਆਂ ਦੀ ਪ੍ਰਾਪਤੀ ਨੂੰ ਇਕ ਬੱਚਿਆਂ ਦਾ ਖੇਲ ਦਸਿਆ ਕਿਉਂਕਿ ਪਰਮਾਰਥੀ ਪੁਰਸ਼ਾਂ ਨੂੰ ਇਨ੍ਹਾਂ ਸ਼ਕਤੀਆਂ ਦੀ ਕੋਈ ਲੋੜ ਨਹੀਂ। ਇਹ ਮਾਇਆ ਦਾ ਇਕ ਰੂਪ ਹਨ ਜਿਸ ਨਾਲ ਹਉਮੈ ਦੀ ਆਖਰੀ ਕੰਧ ਨਹੀ ਟੁਟਦੀ ਅਤੇ ਜੀਵ ਵਾਹਿਗੁਰੂ ਤੋਂ ਵਿਛੜਿਆ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਉਸ ਪਾਣੀ ਦੇ ਤਾਲ ਵਲ ਤੱਕਿਆ ਤਾਂ ਗੋਰਖਨਾਥ ਦੀ ਪਾਈ ਹੋਈ ਸਾਰੀ ਮਾਇਆ ਉਥੋਂ ਗੁੰਮ ਹੋ ਗਈ। ਗੋਰਖ ਨੇ ਦੇਖਿਆ ਕਿ ਨਾਨਕ ਕੋਈ ਪਰਮ ਪੁਰਖ ਹੈ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨਾਲ ਬਹੁਤ ਵਿਸਥਾਰ ਦੇ ਨਾਲ ਚਰਚਾ ਹੋਈ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਿਆ ਕਿ ਕਲਜੁਗ ਦੇ ਅੰਦਰ ਕੇਵਲ ਪ੍ਰਮੇਸ਼ਰ ਦਾ ਨਾਮ ਜਪਣਾ ਹੀ ਕਲਿਆਣਕਾਰੀ ਹੈ, ਨਾਮ ਦੇ ਮੁਕਾਬਲੇ ਉਪਰ ਕੋਈ ਸਾਧਨ ਨਹੀਂ ਪਹੁੰਚ ਸਕਦਾ। ਸਮਰੱਥ ਗੁਰੂ ਤੋਂ ਪ੍ਰਾਪਤ ਕੀਤਾ ਹੋਇਆ ਨਾਮ ਫਲੀਭੂਤ ਹੋ ਜਾਇਆ ਕਰਦਾ ਹੈ ਅਤੇ ਜਦੋਂ ਨਾਮ ਹਿਰਦੇ ਵਿਚ ਵਸ ਗਿਆ ਤਾਂ ਸਾਰੀਆਂ ਰਿਧੀਆਂ-ਸਿਧੀਆਂ ਉਸ ਗੁਰਮੁਖ ਪਿਆਰੇ ਦੇ ਪਿਛੇ ਲਗੀਆਂ ਫਿਰਦੀਆਂ ਹਨ। ਇਸ ਸਾਰੀ ਵਾਰਤਾ ਨੂੰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਤੇ 31ਵੇਂ ਅੰਗ ਵਿਚ ਲਿਖਿਆ ਹੈ -

*ਸਿਧੀਂ ਮਨੇ ਬਿਚਾਰਿਆ ਕਿਵੇਂ ਦਰਸਨ ਏਹ ਲੇਵੇ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।*
*ਖੱਪਰ ਦਿਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ।*
*ਬਾਬਾ ਆਯਾ ਪਾਣੀਐ ਡਿਠੇ ਰਤਨ ਜਵਾਹਰ ਲਾਲਾ।*
*ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰੂ ਦੀ ਝਾਲਾ।*
*ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀ ਉਸ ਤਾਲਾ।*
*ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਆਪਨਾ ਪੰਥ ਨਿਰਾਲਾ।*
*ਕਲਿਜੁਗ ਨਾਨਕ ਨਾਮ ਸੁਖਾਲਾ।*

*ਭਾਈ ਗੁਰਦਾਸ ਜੀ - ਵਾਰ, 1/31*

ਇਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਮੱਕੇ ਜਾ ਕੇ ਦੱਸਿਆ ਕਿ ਜਿਸ ਵਾਹਿਗੁਰੂ ਨੂੰ ਤੁਸੀਂ ਇਹ ਸਮਝਦੇ ਹੋ ਕਿ ਸਿਰਫ ਮੱਕੇ ਵਿਚ ਹੀ, ਰੱਬ ਦਾ ਵਾਸਾ ਹੈ, ਆਪ ਨੇ ਇਕ ਕੌਤਕ ਕੀਤਾ। ਮਹਿਰਾਬੇ ਵਲ ਪੈਰ ਕਰਕੇ ਲੇਟ ਗਏ। ਸਵੇਰੇ 'ਜੀਵਨ' ਨਾਮ ਦਾ ਪ੍ਰਬੰਧਕ ਆਇਆ ਉਸਨੇ ਗੁਰੂ ਨਾਨਕ ਦੇ ਲੱਤ ਮਾਰ ਕਰ ਕਿਹਾ ਕਿ ਤੂੰ ਖੁਦਾਇ ਦੇ ਘਰ ਵਲ ਪੈਰ ਕਰਕੇ ਕਿਉਂ ਸੁੱਤਾ ਪਿਆ ਹੈਂ? ਗੁਰੂ ਨਾਨਕ ਜੀ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਨਹੀਂ ਸੀ ਪਤਾ ਕਿ ਖੁਦਾ ਕੇਵਲ ਮਹਿਰਾਬੇ ਵਲ ਹੈ; ਤੂੰ ਮੇਰੀਆਂ ਲੱਤਾਂ ਚੁਕ ਕੇ ਓਧਰ ਕਰ ਦੇ ਜਿਧਰ ਅੱਲਾਹ ਤਾਲਾ ਨਹੀਂ ਹੈ। ਉਸਨੇ ਗੁਰੂ ਨਾਨਕ ਦੀਆਂ ਲੱਤਾਂ ਫੜ ਕੇ ਘੁੰਮਾਈਆਂ, ਉਸਦੇ ਅੰਦਰ ਚਰਨ ਛੂੰਹਦੇ ਹੀ ਗਿਆਨ ਦਾ ਪ੍ਰਕਾਸ਼ ਹੋ ਗਿਆ। ਕੀ ਦੇਖਦਾ ਹੈ ਕਿ ਜਿਧਰ ਵੀ ਲੱਤਾਂ ਕਰਦਾ ਹੈ, ਉਧਰ ਹੀ ਮਹਿਰਾਬ ਨਜ਼ਰ ਆਉਂਦਾ ਹੈ। ਮੱਕੇ ਦੀ ਗੋਸ਼ਟ ਕਰਕੇ ਆਪ ਜੀ ਨੇ ਦਸਿਆ ਕਿ -

*ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।*
*ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ।*

*ਭਾਈ ਗੁਰਦਾਸ ਜੀ, ਵਾਰ - 1/33*

ਉਨ੍ਹਾਂ ਦਾ ਇਹ ਭਰਮ ਸੀ ਕਿ ਖੁਦਾ ਇਸ ਮੰਦਰ ਵਿਚ ਨਿਵਾਸ ਕਰਦਾ ਹੈ ਅਤੇ ਦੂਜਾ ਇਹ ਕਿ ਇਸਲਾਮ ਹੀ ਸਭ ਮੱਤਾਂ ਨਾਲੋਂ ਸ਼੍ਰੇਸ਼ਟ ਹੈ ਉਸ ਬਾਰੇ ਲੰਮੀ ਗੋਸ਼ਟ ਵਿਚ ਜਿਸਨੂੰ ਮੱਕੇ ਮਦੀਨੇ ਦੀ ਗੋਸ਼ਟ ਦਾ ਨਾਮ ਦਿਤਾ ਜਾਂਦਾ ਹੈ, ਵਿਚ ਦਸਿਆ ਕਿ ਅੱਲਾ ਤਾਲਾ ਹਰ ਘਟ ਵਿਚ ਵਿਆਪਕ ਹੈ। ਮੰਦਰ ਤੇ ਮਸਜਿਦਾਂ ਭਜਨ ਕਰਨ ਦੇ ਥਾਂ ਹਨ, ਸਤਿਕਾਰ ਯੋਗ ਤੇ ਪੂਜਣ ਜੋਗ ਹਨ ਪਰ ਵਾਹਿਗੁਰੂ ਜੀ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਸਦਾ ਹੀ ਆਪਣੇ ਸੰਸਾਰ ਵਿਚ ਅਖੰਡ ਜੋਤੀ ਦੇ ਰੂਪ ਵਿਚ ਰਮਿਆ ਰਹਿੰਦਾ ਹੈ, ਉਹ ਹਰ ਘਟ ਵਿਚ ਵਿਆਪਕ ਹੈ, ਉਹ ਕਿਸੇ ਖਾਸ ਮਜ਼ਹਬ, ਖਾਸ ਮੰਦਰ ਨਾਲ ਕੋਈ ਵਿਸ਼ੇਸ਼ ਸਬੰਧ ਨਹੀਂ ਰਖਦਾ। ਪ੍ਰਮੇਸ਼ਰ ਦੀ ਭਗਤੀ ਵਿਚ ਲਾ ਕੇ ਆਪ ਬਗਦਾਦ ਪਹੁੰਚਦੇ ਹਨ। ਉਥੇ ਦਸਤਗੀਰ ਪੀਰ ਨਾਲ ਲੰਮੀ ਚਰਚਾ ਹੋਈ ਅਤੇ ਦਸਿਆ ਕਿ ਵਾਹਿਗੁਰੂ ਜੀ ਦੀ ਕੁਦਰਤ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ, ਇਹ ਕਹਿਣਾ ਨਿਰਮੂਲ ਹੈ ਕਿ ਸੱਤ ਅਕਾਸ਼, ਸੱਤ ਪਤਾਲ ਤੋਂ ਵੱਧ ਕੁਝ ਵੀ ਨਹੀਂ ਹੈ। ਪੀਰ ਦੇ ਬੇਟੇ ਨੂੰ ਲੈ ਕੇ ਲੱਖਾਂ ਪਾਤਾਲ, ਲੱਖਾਂ ਅਕਾਸ਼ ਵਿਖਾਲ ਦਿਤੇ। ਭਾਈ ਗੁਰਦਾਸ ਜੀ ਨੇ ਇਸ ਵਾਰੇ ਇਉਂ ਲਿਖਿਆ ਹੈ -

*ਪੁੱਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ।*
*ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ।*
*ਪਾਤਾਲਾਂ ਆਕਾਸ਼ ਲਖ ਓੜਕ ਭਾਲੀ ਖਬਰ ਸੁਣਾਈ।*
*ਫੇਰ ਦੁਰਾਇਣ ਦਸਤਗੀਰ ਅਸੀ ਭੀ ਵੇਖਾਂ ਜੋ ਤੁਹਿ ਪਾਈ।*
*ਨਾਲ ਲੀਤਾ ਬੇਟਾ ਪੀਰ ਦਾ ਅੱਖੀ ਮੀਟ ਗਿਆ ਹਵਾਈ।*
*ਲੱਖ ਅਕਾਸ਼ ਪਾਤਾਲ ਲੱਖ ਅੱਖ ਫਰਕ ਵਿਚ ਸਭ ਦਿਖਲਾਈ।*
*ਭਰ ਕਚਕੌਲ ਪ੍ਰਸ਼ਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ।*

*ਜਾਹਰ ਕਲਾ ਨ ਛਪੈ ਛਪਾਈ॥*

*ਭਾਈ ਗੁਰਦਾਸ ਜੀ, ਵਾਰ - 1/36*

ਗੁਰੂ ਨਾਨਕ ਪਾਤਸ਼ਾਹ ਨੇ ਭਾਈ ਗੁਰਦਾਸ ਜੀ ਦੇ ਮੁਤਾਬਿਕ -

*ਜੀਤੀ ਨਵ ਖੰਡ ਮੇਦਨੀ ਸਤਿਨਾਮ ਕਾ ਚੱਕ੍ਰ ਫਿਰਾਯਾ।*
*ਦੇਵ ਦਾਨੋ ਰਾਕਸ਼ ਦੈਤ ਸਭ ਚਿੱਤ ਗੁਪਤ ਸਭ ਚਰਨੀ ਲਾਯਾ।*
*ਇੰਦ੍ਰਾਸਨ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ।*
*ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ।*
*ਹਿੰਦੂ ਮੁਸਲਮਾਨ ਨਿਵਾਯਾ।*

*ਭਾਈ ਗੁਰਦਾਸ ਜੀ, ਵਾਰ - 1/37*

ਅੰਤਲੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਕਰਤਾਰਪੁਰ ਸਤਿਸੰਗ ਦਾ ਮੰਡਲ ਕਾਇਮ ਕੀਤਾ ਅਤੇ ਆਪਣੀ ਜੋਤਿ, ਧਰਮ ਦਾ ਪੰਥ ਚਲਾਉਣ ਲਈ ਗੁਰੂ ਅੰਗਦ ਪਾਤਸ਼ਾਹ ਦੀ ਕਾਇਆਂ ਵਿਚ ਪ੍ਰਵੇਸ਼ ਕੀਤੀ।

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*

*ਪੰਨਾ - 966*

ਮਾਨੋ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਰੂਪ ਬਦਲ ਗੁਰੂ ਅੰਗਦ ਪਾਤਸ਼ਾਹ ਜੀ ਦੇ ਰੂਪ ਵਿਚ ਪ੍ਰਗਟ ਕੀਤਾ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ ਵਿਚਾਰਿਆਂ ਸੂਝਵਾਨ ਜਗਿਆਸੂਆਂ ਨੂੰ ਸੋਝੀ ਹੁੰਦੀ ਹੈ ਕਿ ਸਾਰਾ ਸੰਸਾਰ ੧ਓਂ ਦਾ ਆਪਣਾ ਹੀ ਪਸਾਰਾ ਹੈ ਜਿਸ ਵਿਚ ਮਾਇਆ ਵੀ ਆਪ ਰਚੀ ਹੈ ਅਤੇ ਜੀਵ ਵੀ ਆਪ ਹੀ ਰਚਿਆ ਹੈ ਅਤੇ ਇਕੋ ਪ੍ਰਮੇਸ਼ਰ ਅਨੇਕਾਂ ਰੂਪਾਂ, ਰੰਗਾਂ ਵਿਚ ਵਰਤ ਕੇ ਪ੍ਰਗਟ ਪਹਾਰਾ ਜਾਪ ਰਿਹਾ ਹੈ। ਇਥੇ 'ਏਕੋ ਬ੍ਰਹਮ ਦੁਤੀਆ ਨੇਸਤ॥' ਦੇ ਸਿਧਾਂਤ ਨੂੰ ਪ੍ਰਗਟ ਕੀਤਾ ਅਤੇ ਫੁਰਮਾਨ ਆਇਆ ਹੈ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*

*ਪੰਨਾ - 1291*

ਸ੍ਰੀ ਆਸਾ ਜੀ ਦੀ ਵਾਰ ਵਿਚ ਆਪ ਫੁਰਮਾਨ ਕਰਦੇ ਹਨ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥*

*ਪੰਨਾ - 463*

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਇਸ ਸਿਧਾਂਤ ਨੂੰ ਹੋਰ ਸਪਸ਼ਟ ਕੀਤਾ ਹੈ -

*ਸੋਧਤ ਸੋਧਤ ਸੋਧਤ ਸੀਝਿਆ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ॥* *ਪੰਨਾ - 281*

ਇਸੇ ਤਰ੍ਹਾਂ ਨਾਲ ਦਸ਼ਮੇਸ਼ ਪਿਤਾ ਜੀ ਨੇ ਅਕਾਲ ਉਸਤਤਿ ਵਿਚ ਵਾਹਿਗੁਰੂ ਨੂੰ ਸਰਬ ਰੂਪ ਪ੍ਰੀਪੂਰਨ ਜਾਣ ਕੇ ਮਹਿਮਾ ਗਾਇਨ ਕੀਤੀ।

ਇਸ ਸੰਸਾਰ ਵਿਚ ਵਾਹਿਗੁਰੂ ਜੀ ਆਪ ਹੀ ਆਪਣੇ ਆਪ ਤੋਂ ਪਸਾਰਾ ਕਰਕੇ ਅਨੇਕ ਹੁੰਦੇ ਹੋਏ ਭੀ ਇਕੋ ਹੀ ਹਨ। ਗੁਰੂ ਦਸ਼ਮੇਸ਼ ਪਿਤਾ ਦੇ ਮੁਤਾਬਿਕ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

*ਜਾਪੁ ਸਾਹਿਬ*

ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਨਾ ਤਾਂ ਛੇਆਂ ਸ਼ਾਸਤਰਾਂ ਨਾਲ ਪੂਰੀ ਤਰ੍ਹਾਂ ਮਿਲਦਾ ਹੈ ਅਤੇ ਨਾ ਹੀ ਵੱਖ ਹੈ। ਜਿਥੋਂ ਤਕ ਸ਼ਾਸਤ੍ਰਾਂ ਦੀ ਪਹੁੰਚ ਹੈ ਉਨ੍ਹਾਂ ਦੀ ਸਤਿ ਖੋਜ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ ਕਿਉਂਕਿ ਸਤਿ ਤਾਂ ਸਤਿ ਹੀ ਹੁੰਦਾ ਹੈ। ਜਿਥੇ ਤੀਕਰ ਉਨ੍ਹਾਂ ਦੀ ਪਹੁੰਚ ਹੈ ਉਸ ਤੋਂ ਅੱਗੇ ਗੁਰੂ ਮਹਾਰਾਜ ਜੀ ਨੇ ਪ੍ਰੇਮਾ ਭਗਤੀ ਰਾਹੀਂ ਅਤੇ ਨਾਮ ਮਾਰਗ ਰਾਹੀਂ ਸਤਿ ਦੀ ਅੰਤਿਮ ਸੀਮਾਂ ਤਕ ਪਹੁੰਚਣ ਦਾ ਮਾਰਗ ਪ੍ਰਤੱਖ ਪ੍ਰਗਟ ਕੀਤਾ ਹੈ ਅਤੇ ਆਪ ਜੀ ਫੁਰਮਾਨ ਕਰਦੇ ਹਨ -

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥*

*ਪੰਨਾ - 1185*

ਆਪ ਨੇ ਸਾਰੀ ਸ੍ਰਿਸ਼ਟੀ ਨੂੰ ਅਦ੍ਵੈਤਵਾਦ ਦਾ ਸ਼ੰਦੇਸਾ ਦਿਤਾ ਅਤੇ ਨਾਲ ਹੀ ਇਹ ਵੀ ਪ੍ਰਗਟ ਕੀਤਾ ਕਿ ਬੁੱਧੀ ਮੰਡਲ ਦੀਆਂ ਉਡਾਰੀਆਂ ਪ੍ਰਭੂ ਮੰਡਲ ਤਕ ਨਹੀਂ ਪਹੁੰਚ ਸਕਦੀਆਂ ਕਿਉਂਕਿ ਪ੍ਰਾਕ੍ਰਿਤੀ ਦੀ ਆਖਰੀ ਹੱਦ ਤਕ ਬੁਧੀ ਦੇ ਫੰਘ ਝੜ ਜਾਂਦੇ ਹਨ ਅਤੇ ਪੰਖਹੀਨ ਹੋਈ ਬੁੱਧੀ ਡੋਰੋਂ ਟੁੱਟੀ ਪਤੰਗ ਵਾਂਗ ਗੋਤੇ ਖਾਂਦੀ ਹੈ। ਉਨ੍ਹਾਂ ਨੇ ਪ੍ਰਭੂ ਵਿਚ ਲੀਨਤਾ ਪ੍ਰਾਪਤ ਕਰਨ ਦਾ ਮਾਰਗ ਪੂਰੇ ਸਤਿਗੁਰੂ ਉਪਰ ਪੂਰਨ ਵਿਸ਼ਵਾਸ਼, ਪੂਰੇ ਸਤਿਗੁਰੂ ਤੋਂ ਨਾਮ ਦੀ ਪ੍ਰਾਪਤੀ ਦੇ ਬਚਨਾਂ ਦੀ ਕਮਾਈ, ਦ੍ਰਿੜ੍ਹਤਾ ਸੇਵਾ ਅਤੇ ਸਮਰੱਥ ਗੁਰੂ ਦੀ ਮਿਹਰ ਭਰੀ ਨਦਰਿ ਦਸਿਆ, ਜਿਸ ਨਾਲ ਇਹ ਜੀਵ ਦੀ ਹਉਮੈ ਦਾ ਨਾਸ਼ ਹੋ ਕੇ ਇਸ ਦੇ ਮਮਤ੍ਵ ਭਾਵ ਦਾ ਨਾਸ਼ ਹੋ ਕੇ ਆਪਣਾ ਸਰੂਪ ਪਹਿਚਾਣਿਆ ਜਾਂਦਾ ਹੈ, ਜੋ ਜੀਵ ਦਾ ਸ਼ੁਧ ਸਰੂਪ 'ਆਤਮਾ' ਕਹਾਉਂਦਾ ਹੈ। ਆਤਮਾ ਪ੍ਰਮਾਤਮਾ ਗੁਰੂ ਦੀ ਦਇਆ ਨਾਲ ਇਕਮਿਕ ਹੋ ਜਾਇਆ ਕਰਦੇ ਹਨ ਅਤੇ ਇਹ ਜੀਵ ਸੋਹੰ ਦੀ ਅਵਸਥਾ ਪ੍ਰਾਪਤ ਕਰਕੇ ਆਪ ਹੀ ਪ੍ਰਮੇਸ਼ਰ ਹੋ ਜਾਇਆ ਕਰਦਾ ਹੈ। ਇਸ ਸੰਸਾਰ ਵਿਚ ਦੂਜਾ ਕੋਈ ਨਹੀਂ, ਸਾਰੇ ਪ੍ਰਭੂ ਹੁਕਮ ਦੀ ਕ੍ਰਿਆ ਹੋ ਰਹੀ ਹੈ ਪਰ ਇਹ ਜੀਵ ਅਗਿਆਨ ਵਸ ਹੰਗਤਾ ਤੇ ਮਮਤਾ ਧਾਰ ਕੇ ਕਰਮ ਜਾਲ ਵਿਚ ਫਸ ਜਾਂਦਾ ਹੈ ਅਤੇ ਭਟਕਦਾ ਰਹਿੰਦਾ ਹੈ। ਜਦੋਂ ਤਕ ਸਮਰੱਥ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ, ਉਨੀਂ ਦੇਰ ਤਕ ਇਸ ਦੀ ਕਲਿਆਣ ਨਹੀਂ ਹੁੰਦੀ।

ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਆਪਣੀ-ਆਪਣੀ ਸ਼ਰਧਾ ਮੁਤਾਬਿਕ ਅਨੇਕ ਜਗਿਆਸੂ, ਅਨੇਕ ਤਰ੍ਹਾਂ ਨਾਲ ਮਨਾ ਰਹੇ ਹਨ ਪਰ ਸਭ ਤੋਂ ਸ਼੍ਰੇਸ਼ਟ ਉਹ ਹਨ ਜੋ ਗੁਰੂ ਦੇ ਸਿਧਾਂਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੰਸਾਂ ਵਾਂਗੂੰ ਚੁੱਭੀਆਂ ਮਾਰ ਕੇ ਉਚੇ ਆਦਰਸ਼ਾਂ ਤੋਂ ਜਾਣੂ ਹੋ ਕੇ ਪਰਮ ਪਦ ਦੀ ਪ੍ਰਾਪਤੀ ਕਰਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦਾ ਪ੍ਰਸਾਰ ਕਰਨ ਲਈ ਆਤਮ ਮਾਰਗ ਅਦਾਰੇ ਵਲੋਂ 'ਆਤਮ ਮਾਰਗ ਮੈਗਜ਼ੀਨ' ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਸਾਰੇ ਅਦਾਰੇ ਵਲੋਂ ਸਮੁੱਚੇ ਪਾਠਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਦੀ ਵਧਾਈ ਅਤੇ ਸ਼ੁਭ ਕਾਮਨਾਵਾਂ ਪ੍ਰਵਾਨ ਹੋਣ।

✡ ✡ ✡ ✡ ✡ ✡ ✡ ✡ ✡ ✡

# ਤੀਸਰੇ ਰਤਨ
# ਸਾਹਿਬ ਬਾਬਾ ਭਾਗ ਸਿੰਘ ਜੀ ਕੁਰੀ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 25)*

ਵੇਸਵਾ ਜੈਸੀ ਅਧਮ ਤੇ ਨੀਚ ਕਰਮ ਔਰਤ ਵਿਚ ਇਕ ਦੇਵੀ ਆਤਮਾ ਨੇ ਜਨਮ ਲਿਆ। ਹਰ ਬੁਰੇ ਤੋਂ ਬੁਰੇ ਮਨੁੱਖ ਅੰਦਰ ਵੀ ਕਿਸੇ ਖੂੰਜੇ ਮਹਾਨ ਮਨੁੱਖਤਾ ਲੁਕੀ ਰਹਿੰਦੀ ਹੈ, ਜੋ ਸਮੇਂ-ਸਮੇਂ ਸਿਰ ਜਾਗਦੀ ਹੈ ਤੇ ਕਈ ਵਾਰੀ ਇਹ ਜਾਗ ਹੀ ਸਦਾ ਲਈ ਸਤਿ ਮਾਰਗ ਦਾ ਪਾਂਧੀ ਬਣਾ ਦੇਂਦੀ ਹੈ। ਸੋ ਜਦੋਂ ਇਸ ਨੇ ਪ੍ਰਵਾਨ ਕੀਤਾ, ਤਦ ਭਾਈ ਭਾਗ ਸਿੰਘ ਜੀ ਨੇ ਸਾਥੀ ਨੂੰ ਕਿਹਾ, "ਲਉ ਵੀਰ ਜੀ ਆਪਾਂ ਸ਼ਹਿਰ ਅੰਦਰ ਜਿਉਂਦਾ ਤੇ ਅੱਖਾਂ ਵਾਲਾ ਸੌਦਾਗਰ ਲੱਭਣ ਆਏ ਸੀ ਪਰ ਉਹ ਕੋਈ ਧਾਰਮਿਕ ਨਾਮ ਧਰੀਕ ਕਰਮਕਾਂਡੀ ਨਹੀਂ ਲੱਭਿਆ, ਸਗੋਂ ਸਤਿਗੁਰਾਂ ਦਾ ਇਹ ਮਹਾਨ ਪਵਿੱਤਰ ਵਾਕ ਸੱਚ ਹੋ ਗਿਆ ਕਿ 'ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ॥' ਇਹ ਦੇਵੀ ਕਿਸੇ ਧਾਰਮਿਕ ਅਸਥਾਨ ਦੀ ਪੁਜਾਰਨ, ਨਾਮ ਜਪਣ ਦੇ ਚਿੰਨ੍ਹ ਸਹਿਤ ਜਾਂ ਫਿਰ ਪੂਜਾ ਅਸਥਾਨ ਦੀ ਪੁਜਾਰਨ ਨਹੀਂ ਹੈ। ਸੋ, ਜੋ ਸਤਿ ਧਰਮ ਤੇ ਸਤਿ ਦਾ ਮਾਰਗ ਉਹਨਾਂ ਲਈ ਅਸੰਭਵ ਹੈ, ਉਹ ਇਸ ਪਾਪ ਗ੍ਰਸਤ ਪਾਪ ਖਚਤ ਔਰਤ ਨੂੰ ਨਸੀਬ ਹੋ ਗਿਆ ਹੈ। ਮਨੁੱਖ ਨੂੰ ਨੇਕੀ ਕਰਨ ਹਿਤ ਕਿਸੇ ਖਾਸ ਹਾਲਤ ਤੇ ਸਮੇਂ ਦੀ ਉਡੀਕ ਨਹੀਂ ਕਰਨੀ ਚਾਹੀਦੀ। ਉਹ ਜਦੋਂ ਤੇ ਜਿਥੇ ਵੀ ਪ੍ਰਾਪਤ ਹੋਵੇ, ਉਹੀ ਸੁਭਾਗ, ਸਫਲ ਤੇ ਮਹਾਨ ਸਮਾਂ ਅੰਮ੍ਰਿਤ ਵੇਲਾ ਹੈ ਜੋ ਧੰਨਭਾਗ ਜਾਣ ਕੇ ਸੰਭਾਲ ਲੈਣਾ ਚਾਹੀਦਾ ਹੈ।" ਫਿਰ ਉਨ੍ਹਾਂ ਨੇ ਨੌਜਵਾਨ ਸੁੰਦਰੀ ਨੂੰ ਕਿਹਾ -

"ਭਾਗਵਾਨ! ਤੂੰ ਚੰਗੇ ਤੇ ਪਵਿੱਤਰ ਪਾਸੇ ਕਦਮ ਚੁਕਣ ਲਗੀ ਹੈਂ। ਅਸਾਂ ਤੇਰੀ, ਸਰੀਰ ਵਰਗੀ ਮਹਾਨ ਪਵਿਤਰ ਧਰਮ ਅਸਥਾਨ ਨੂੰ ਵੇਚ ਕੇ ਪ੍ਰਾਪਤ ਹੋਈ ਹੋਈ ਮਾਇਆ ਗ੍ਰਹਿਣ ਨਹੀਂ ਕਰਨੀ, ਪਰ ਇਹ ਵਾਇਦਾ ਤੇ ਇਕਰਾਰ ਕਰਦੇ ਹਾਂ ਕਿ ਅਸੀਂ ਸਮਾਂ ਪਾ ਕੇ ਫਿਰ ਵੀ ਆਵਾਂਗੇ, ਤਦ ਤੇਰਾ ਕਰਮ ਤੇ ਜੀਵਨ ਢੰਗ ਬਦਲ ਚੁਕਾ ਹੋਵੇਗਾ। ਫਿਰ ਤੇਰਾ ਪ੍ਰਸ਼ਾਦਿ ਤੇ ਕਾਰ ਭੇਟ ਜੋ ਧਰਮ ਕਿਰਤ ਦੀ ਦੇਣ ਹੋਵੇਗਾ, ਗ੍ਰਹਿਣ ਕਰਾਂਗੇ। ਤੇਰੇ ਹੀ ਪ੍ਰਤਾਪ ਕਰਕੇ ਤੇਰਾ ਇਹ ਸ਼ਹਿਰ ਸਤਿਸੰਗੀ ਤੇ ਉਤਮ ਵਿਚਾਰਾਂ ਵਾਲਾ ਹੋਵੇਗਾ। ਉਸ ਸਮੇਂ ਅਸੀਂ ਤੇਰੇ ਕਰਮ ਤੇ ਪਵਿਤਰਤਾ ਅੰਦਰ ਸਾਂਝੀਵਾਲ ਤੇ ਹਿੱਸੇਦਾਰ ਬਣਾਂਗੇ। ਫਿਰ ਤੈਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਤੂੰ ਜ਼ਰੂਰ ਸਾਨੂੰ ਪਛਾਣ ਹੀ ਲਵੇਂਗੀ ਜਿਸਨੇ ਸਾਨੂੰ ਬਾਲ ਅਵਸਥਾ ਵਿਚ ਵੀ ਦੀਰਘ ਦ੍ਰਿਸ਼ਟੀ ਤੋਂ ਨਾਪ ਤੋਲ ਕੇ ਪਰਖ ਹੀ ਲਿਆ ਹੈ।"

ਫਿਰ ਆਪ ਜੀ ਨੇ ਉਸਨੂੰ ਇਕ ਤਸਬੀ ਲੈ ਦਿਤੀ ਤੇ ਖੁਦਾਵੰਦ ਦੀ ਯਾਦ ਅੰਦਰ ਰਹਿਣ ਲਈ ਅਸ਼ੀਰਵਾਦ ਦਿਤਾ। ਜੀਵਨ ਨੂੰ ਸਾਦਾ, ਸੁਚਾ ਤੇ ਖੁਦਾਦਾਦ, ਖੁਦਾਤਰਸ, ਉਸਦੀ ਯਾਦ ਅੰਦਰ ਮਸਤ ਰਹਿਣ ਦੇ ਸਾਧਨ ਦਰਸਾਏ। ਫਿਰ ਭਰੀਆਂ ਅੱਖਾਂ, ਤਰਸਦੇ ਦਿਲ ਨੂੰ ਛੱਡ ਕੇ ਆਪ ਅੱਗੇ ਨੂੰ ਹੋ ਤੁਰੇ ਤੇ ਇਸ ਦੇਵੀ ਨੇ ਜੀਵਨ ਦਾ ਸਾਧਨ ਮੁਢੋਂ ਹੀ ਬਦਲ ਲਿਆ। ਸਾਰਾ ਸਮਾਨ ਜੋ ਸੀ, ਲੋਕਾਂ ਨੂੰ ਲੁਟਾ ਦਿਤਾ ਤੇ ਆਪ ਸ਼ਹਿਰੋਂ ਬਾਹਰ ਇਕ ਜ਼ਮੀਨ ਦਾ ਟੁਕੜਾ ਲੈ ਕੇ ਰਿਹਾਇਸ਼ ਬਣਾ ਲਈ। ਕੋਈ ਵੀ ਮੰਦ ਵਾਸ਼ਨਾ ਵਾਲਾ ਪੁਰਸ਼ ਥੋੜੇ ਦਿਨਾਂ ਅੰਦਰ ਹੀ ਉਧਰ ਜਾਣ ਦਾ ਹੀਆ ਨਹੀਂ ਕਰਦਾ ਸੀ। ਇਸਨੇ ਖੇਤੀ ਕੀਤੀ, ਭੁਖਿਆਂ ਨੂੰ ਅੰਨ ਤੇ ਲੋੜਵੰਦਾਂ ਨੂੰ ਬਸਤਰ ਦੇਣੇ ਅਰੰਭੇ। ਮੰਦੇ ਆਦਮੀ ਜੋ ਬੁਰੀਆਂ ਵਾਸ਼ਨਾ ਸਹਿਤ ਜਾਂਦੇ ਸਨ, ਫਿਰ ਲੋਕ ਸੇਵਾ ਤੇ ਨੇਕੀ ਲਈ ਇਥੇ ਜਾਣ ਲਗ ਪਏ। ਇਹ ਕਿਸੇ ਸਮੇਂ ਜਾ ਕੇ ਪੂਰੀ ਤਰ੍ਹਾਂ ਉਚ ਕਰਣੀ ਦੀ ਮਾਲਕ ਬਣੀ। ਫਿਰ ਕਈ ਸਾਲਾਂ ਪਿਛੋਂ ਸੰਤ ਜੀ ਮਹਾਰਾਜ ਰਾਵਲਪਿੰਡੀ ਵਲ ਜਾਂਦੇ ਹੋਏ ਊਨੇ ਸਾਹਿਬ ਤੋਂ ਵਾਪਸੀ ਪਿਛੋਂ ਇਸ ਪਾਸ ਆਏ ਤੇ ਸਿਮਰਨ ਦੇ ਸਾਧਨ ਦਸ ਕੇ ਇਸਦੇ ਜਨਮ ਮਰਨ ਕਟ ਦਿਤੇ। ਇਸ ਔਰਤ ਦੇ ਸੁਧਾਰ ਨੇ ਇਸ ਯੁਵਕ ਤੇ ਮਹਾਨ ਨੌਜਵਾਨ ਦੀਆਂ ਧੁੰਮਾਂ ਚੌਹੀਂ ਪਾਸੀਂ ਪਾ ਦਿਤੀਆਂ। ਲੋਕ ਰਾਹ ਜਾਂਦਿਆਂ ਇਹ ਉਡੀਕ ਕਰਨ ਲਗੇ ਕਿ ਬਾਬਾ ਜੀ ਮੇਹਰ ਕਰਕੇ ਸਾਡੇ ਘਰ ਚਰਨ ਪਾਉਣ, ਤਦ ਅਸੀਂ ਵੀ ਸਤਿ ਮਾਰਗ ਤੇ ਧਰਮ ਵਾਲੇ ਹੋ ਕੇ, ਸੰਸਾਰ ਸਾਗਰ ਨੂੰ ਤਰੀਏ। ਬਾਬਾ ਜੀ ਨੇ ਇਹ ਰਿਵਾਜ ਪ੍ਰਚਲਤ ਕਰ ਦਿਤਾ ਕਿ ਉਹ ਸਤਿ ਧਰਮ ਤੇ ਸਤਿ ਮਾਰਗ ਦੇ ਪਾਂਧੀਆਂ ਨੂੰ ਢੂੰਡ ਕੇ ਉਨ੍ਹਾਂ ਨੂੰ ਪਿਆਰ ਕਰਨਗੇ, ਸਤਿਕਾਰਨਗੇ ਤੇ ਹੋਰ ਅਗਾਂਹ ਵਧਣ ਵਿਚ ਸਹਾਈ ਹੋਣਗੇ। ਇਸਦਾ ਅਸਰ ਇਹ ਹੋਇਆ ਕਿ ਸਭ ਗਵਾਂਢੀ ਦੂਰੋਂ ਨੇੜਿਓਂ ਸਤਿ ਦੇ ਪ੍ਰਸ਼ਨ ਕਰਨ, ਆਤਮਾ ਕਲਿਆਣ ਤੇ ਉਤਮ ਜੀਵਨ ਦੇ ਸਾਧਨ ਨੂੰ ਜਾਨਣ ਹਿਤ ਇਥੇ ਹੀ ਪਧਾਰਣ ਲਗੇ। ਗਿਆਨ ਤੇ ਵਿਚਾਰ ਦੀ ਡੂੰਘਾਈ ਇਹ ਆਪ ਜੀ ਨੇ ਵਿਰਸੇ ਵਿਚ ਹੀ ਪ੍ਰਾਪਤ ਕਰ ਲਈਆਂ ਸਨ।

## ਤ੍ਰਿਸ਼ਨਾ, ਵਾਸ਼ਨਾ ਤੇ ਦਵੈਸ਼ ਦਾ ਮਾਰਿਆ ਸਾਧ

ਸਾਧ ਲਫਜ਼ ਨੂੰ ਤਿੰਨ ਹਿੱਸਿਆਂ ਅੰਦਰ ਵੰਡਿਆ ਜਾ ਸਕਦਾ ਹੈ - ਇਕ ਫਕੀਰ ਕਰਮਾਂ ਕਰਕੇ ਬਣਦੇ ਹਨ ਜਿਨ੍ਹਾਂ ਦੇ ਮਸਤਕ ਧੁਰ ਤੋਂ ਕਰਤੇ ਨੇ ਧਰਮ ਸ਼ੁਧਤਾ ਤੇ ਸੰਤੋਖ ਸਤਿ ਦੇ ਕਰਮ ਲਿਖ ਕੇ ਘੱਲੇ ਹਨ; ਦੂਸਰੇ ਕਿਸੇ ਖਾਸ ਕਿਸਮ ਦੀ ਗੱਦੀ ਤੇ ਗੁਰੂ ਨੂੰ ਧਾਰਨ ਕਰਕੇ ਉਸਦੇ ਭੇਖ ਅੰਦਰ ਸ਼ਾਮਲ ਹੋ ਕੇ ਚੇਲੇ ਫਿਰ ਸੰਤ ਤੇ ਫਿਰ ਅਖੀਰ ਉਸ ਭੇਖ ਦੀ ਗੱਦੀ ਪਰ ਬੈਠਕੇ ਗੁਰੂ ਸਦਵਾਂਦੇ ਹਨ; ਤੀਸਰੇ ਉਹ ਜੋ ਲੋਕਾਂ ਦੇ ਘਰ ਆਉਣ ਲਗਦੇ ਹਨ, ਉਹ ਮੰਗ ਖਾਣੇ ਫੁਕਰੇ ਹਨ। ਹੋਰ ਕੋਈ ਰੋਟੀ ਕਮਾਉਣ ਦਾ ਸਾਧਨ ਨਹੀਂ, ਕੇਵਲ ਮਾਤਰ ਕਿਸੇ ਢੰਗ ਤਰੀਕੇ ਜਾਂ ਗਾ ਵਜਾ ਕੇ ਲੋਕਾਂ ਪਾਸੋਂ ਉਪਜੀਵਕਾ ਹਾਸਲ ਕਰਦੇ ਹਨ, ਉਹ ਵੀ ਇਕ ਕਿਸਮ ਦੇ ਫਕੀਰ ਹੀ ਹਨ।

ਪਹਿਲੀ ਕਿਸਮ ਦੇ ਸਾਧ ਬਹੁਤ ਹੀ ਘਟ ਹਨ। ਉਹ ਕੋਟਾਂ ਵਿਚੋਂ ਕੋਈ ਇਕ ਹਨ "ਉਹ ਸੰਸਾਰਕ ਵਾਸ਼ਨਾਵਾਂ ਤੋਂ ਮੁਕਤ, ਬਦੇਹ ਮੁਕਤ ਤੇ ਹਰ ਸੰਸਾਰੀ ਤੇ ਮਾਇਕ ਪਦਾਰਥ ਚਿੰਤਾ ਤੋਂ ਪਰੇ ਹੋ ਕੇ ਸੁਤੇ ਸਾਧਾਰਨ ਤੇ ਨਿਸਚਿੰਤ ਜੀਵਨ ਹੀ ਗੁਜ਼ਾਰਦੇ ਹਨ।"

ਦੂਸਰੇ ਜਿਸ ਪਾਸ ਸੰਤੋਖ ਦੇ ਭੂਸ਼ਨ ਨਹੀਂ, ਅਨੰਦ ਸਰੂਪ ਵਾਹਿਗੁਰੂ ਨਾਲ ਪ੍ਰੀਤ ਨਹੀਂ, ਆਤਮ ਰੂਪ ਬ੍ਰਹਮ ਨੂੰ ਜਾਗੇ ਯਥਾਰਥਕ ਵਿਚੋਂ ਤੱਕ ਕੇ ਉਸ ਦੀ ਸੇਵਾ ਤੇ ਸਵੱਛਤਾ ਅਥਵਾ ਉਚਤਾ ਲਈ ਉਤਸ਼ਾਹ ਨਹੀਂ, ਉਹ ਸਾਧ ਨਹੀਂ, ਕੇਵਲ ਭੇਖੀ ਹੈ। ਭਾਵੇਂ ਉਹ ਪੂਰਨ ਤੌਰ ਪਰ ਵੇਦਾਂਤੀ ਹੈ, ਮਹਾਨ ਵਿਦਵਾਨ

ਹੈ ਤੇ ਸ਼ਾਸਤਰ ਅਰਥ ਅੰਦਰ ਸਭਾ-ਜਿਤ ਵੀ ਕਿਉਂ ਨ ਹੋਣ, ਐਸੇ ਮੁਖ ਗਿਆਨੀਆਂ ਨੂੰ ਸਤਿਗੁਰਾਂ ਨੇ ਮਿਰਤਕ ਦਾ ਦਰਜਾ ਦਿਤਾ ਹੈ। ਸਵਾਸ ਕੇਵਲ ਖਲਾਂ ਦੀ ਧੁਨਕੀ ਵਾਂਗ ਹੀ ਚਲਦੇ ਹਨ, ਵੈਸੇ ਜੀਵਨ ਤੇ ਉਚਤਾ ਵਾਲਾ ਕੋਈ ਵੀ ਨਿਸ਼ਾਨ ਉਨ੍ਹਾਂ ਅੰਦਰ ਨਹੀਂ ਹੈ।

ਕਾਦਰਾਬਾਦ ਜੋ ਬਾਬਾ ਭਾਗ ਸਿੰਘ ਜੀ ਦਾ ਜਨਮ ਸਥਾਨ ਸੀ, ਅੰਦਰ ਇਕ ਸੰਨਿਆਸੀ ਸਾਧੂਆਂ ਦਾ ਡੇਰਾ ਸੀ। ਡੇਰੇ ਦਾ ਲੋਕਾਂ ਵਿਚ ਚੰਗਾ ਪ੍ਰਭਾਵ ਸੀ। ਆਮ ਹਿੰਦੂ ਸਿਖ ਬਰਾਦਰੀ ਜੋ ਉਸ ਸਮੇਂ ਤਕ ਇਕੋ ਹੀ ਲੜੀ ਦੇ ਮੋਤੀ ਸਨ, ਇਸ ਡੇਰੇ ਦੇ ਮਹੰਤ ਦਾ ਬਹੁਤ ਸਤਿਕਾਰ ਕਰਦੇ ਸਨ। ਇਹ ਸਾਧ ਕਾਫੀ ਪੜ੍ਹਿਆ ਲਿਖਿਆ ਸੀ। ਚੇਹਰਾ ਸੂਹਾ ਪ੍ਰਭਾਵਸ਼ਾਲੀ ਸੀ ਤੇ ਕਥਾ ਵਾਚਕ ਹੋਣ ਕਰਕੇ ਲੋਕ-ਰੁਚੀਆਂ ਨੂੰ ਵੀ ਸਮਝਦਾ ਸੀ। ਪਰ ਜਦੋਂ ਤੋਂ ਨੌਜਵਾਨ ਬਾਬਾ ਭਾਗ ਸਿੰਘ ਜੀ ਦੀ ਚਰਚਾ ਤੇ ਪ੍ਰਭਾਵ ਲੋਕਾਂ ਵਿਚ ਅਰੰਭ ਹੋਇਆ, ਇਹ ਪਹਿਲਾਂ ਖਿਝਿਆ-ਖਿਝਿਆ ਰਹਿੰਦਾ ਸੀ, ਫਿਰ ਹੋਰ ਖਿਝ ਗਿਆ ਤੇ ਮੂੰਹ ਆਈਆਂ ਬੋਲਣ ਲਗ ਪਿਆ। ਫਿਰ ਇਥੋਂ ਤਕ ਮੂੰਹ ਫੱਟ ਹੋ ਗਿਆ ਕਿ ਜਦੋਂ ਬਾਬਾ ਜੀ ਬਾਹਰ ਨਿਕਲਣ, ਤਦ ਇਹ ਰਾਹ ਕਟ ਕੇ, ਉਨ੍ਹਾਂ ਪਾਸ ਜਾਕੇ ਕਰੜੇ ਤੇ ਖੋਟੇ ਬਚਨ ਬੋਲਦਾ ਰਹਿੰਦਾ। ਇਹ ਯਤਨ ਕਰਦਾ ਕਿ ਕਿਸੇ ਤਰ੍ਹਾਂ ਬਾਬਾ ਜੀ ਨਾਲ ਇਹਨਾਂ ਦਾ ਝਗੜਾ ਹੋਵੇ ਤੇ ਇਸਦੇ ਨਾਮ ਮਾਤਰ ਸ਼ਰਧਾਲੂ ਬਾਬਾ ਜੀ ਨਾਲ ਲੜ ਪੈਣ। ਇਸ ਤਰ੍ਹਾਂ ਸਾਰਾ ਨਗਰ ਹੀ ਪਾਰਟੀ ਬਾਜ਼ੀ ਦਾ ਸ਼ਿਕਾਰ ਹੋ ਜਾਵੇ। ਬਾਬਾ ਜੀ ਹਸਦੇ ਅਗੇ ਲੰਘ ਜਾਣ, ਇਹ ਅਗੇ ਨਾਲੋਂ ਵੀ ਅਧਿਕ ਤੰਗ ਹੋ ਕੇ ਫਿਰ ਸੜਦਾ ਬੁਝਦਾ ਰਹੇ। ਇਕ ਦਿਨ ਇਕ ਸੇਵਕ ਨੇ ਬਾਬਾ ਜੀ ਨੂੰ ਕਿਹਾ, "ਜੇਕਰ ਹੁਕਮ ਕਰੋ ਤਦ ਇਸ ਦੀ ਮੁਰੰਮਤ ਕਰ ਦੇਈਏ।" ਬਾਬਾ ਜੀ ਨੇ ਹੱਸਕੇ ਕਿਹਾ ਕਿ ਜੋ ਆਦਮੀ ਪਹਿਲਾਂ ਹੀ ਸੜ ਰਿਹਾ ਹੈ, ਉਸਨੂੰ ਹੋਰ ਕੀ ਸਾੜੋਗੇ। ਉਸ ਵਿਚਾਰੇ ਦੀ ਦਸ਼ਾ ਤਾਂ ਤਰਸ ਯੋਗ ਹੈ, ਉਹ ਰਾਤ ਦਿਨ ਸੜਦਾ ਹੈ, ਜਾਗਦੇ ਹੋਏ ਨੂੰ ਪੂਜਾ ਪ੍ਰਤਿਸ਼ਟਾ ਘਟਦੀ ਦਿਸਦੀ ਹੈ। ਫਿਰ ਉਹ ਸਾਰਾ ਮਹੱਲ ਜੋ ਇਸਨੇ ਬੜੇ ਯਤਨਾਂ ਨਾਲ ਖੜ੍ਹਾ ਕੀਤਾ ਹੈ, ਗਿਰਦਾ ਹੋਇਆ ਦਿਸਦਾ ਹੈ। ਸੋ ਇਹ ਤਕ ਕੇ ਇਹ ਘਬਰਾਂਦਾ ਹੈ, ਹਥ ਪੈਰ ਮਾਰਦਾ ਹੈ। ਫਿਰ ਜਦੋਂ ਇਸਦੇ ਸਾਥੀ ਵੀ ਇਸਦੇ ਮੂੰਹ ਦੀ ਝੱਗ ਤਕਦੇ ਹਨ, ਤਦ ਮੂੰਹ ਫੇਰਦੇ ਹਨ। ਇਸਦੇ ਮੂੰਹੋਂ ਅਰਲ ਬਰਲ ਨਿਕਲਦਾ ਹੈ, ਇਹ ਦੀਨ ਦੁਨੀਆਂ ਦੋਹਾਂ ਤੋਂ ਹੀ ਗਿਆ ਹੋਇਆ ਹੈ। ਫਿਰ ਇਸ ਦੀ ਭਲਾਈ ਦਾ ਉਪਰਾਲਾ ਕਰਨਾ ਲੋੜੀਂਦਾ ਹੈ। ਜੇਕਰ ਉਹ ਗਾਲ੍ਹਾਂ ਕੱਢੇ, ਅਸੀਂ ਉਸ ਨੂੰ ਮਾਰੀਏ ਤਦ ਸਾਡੇ ਤੇ ਉਸ ਵਿਚ ਕੀ ਫਰਕ ਹੈ। ਆਉ ਸੁਜਾਨ ਵੈਦ ਬਣ ਕੇ ਇਸਦਾ ਇਲਾਜ ਕਰੀਏ।

ਸੋ ਇਕ ਦਿਨ ਬਾਬਾ ਜੀ ਸੰਗਤ ਤੇ ਸਾਥੀਆਂ ਸਮੇਤ ਉਸ ਜਗ੍ਹਾ ਪੁਜ ਗਏ ਜਿਥੇ ਇਹ ਸਾਧ ਸੰਗੀਆਂ ਸਮੇਤ ਬੈਠਾ ਕਥਾ ਕਰ ਰਿਹਾ ਸੀ। ਜਦੋਂ ਭੋਗ ਪਿਆ ਤਦ ਬਾਬਾ ਜੀ ਉਠ ਕੇ ਖਲੋ ਗਏ ਤੇ ਕਿਹਾ, "ਸਵਾਮੀ ਜੀ, ਆਉ ਤੁਸੀਂ ਤੇ ਮੈਂ ਇਕ ਸੌਦਾ ਕਰੀਏ। ਤੁਸੀਂ ਆਪਣੇ ਸਾਰੇ ਮੰਦੇ ਬੋਲ, ਕੌੜੇ ਵਚਨ, ਤੇ ਗੰਦੀਆਂ ਗਾਲ੍ਹਾਂ ਮੈਨੂੰ ਦੇ ਦਿਓ ਤੇ ਮੇਰੇ ਪਾਸੋਂ ਹਾਸਾ ਪਿਆਰ ਤੇ ਮਨ ਦੀ ਸ਼ਾਂਤੀ ਲੈ ਲਵੋ; ਮੈਨੂੰ ਤੁਹਾਡੇ ਪਰ ਤਰਸ ਆਉਂਦਾ ਹੈ ਤੇ ਕਿਸੇ ਦੁਖੀ ਦਾ ਦੁਖ ਹਰਨ ਹਿਤ ਕੁਰਬਾਨੀ ਦੇਣੀ, ਇਹ ਮੇਰੇ ਗੁਰਦੇਵ ਦਾ ਹੁਕਮ ਹੈ, ਇਸ ਕਰਕੇ ਮੈਂ ਤੁਹਾਡਾ ਰੋਗ ਕੱਟਣ ਹਿਤ ਹੀ ਇਹ ਉਪਰਾਲਾ ਕਰਨ ਲਗਾ ਹਾਂ। ਜੇਕਰ ਦਇਆ ਕਰਕੇ ਇਹ ਦਾਨ ਦੇ ਦਿਉ, ਤਦ ਤੁਹਾਡਾ ਸਾਰਾ ਹੀ ਬੋਝ ਹਲਕਾ ਹੋ ਜਾਵੇਗਾ। ਤੁਸੀਂ ਸਚ ਹੀ ਸਾਧ ਹੋ ਜਾਵੋਗੇ।" ਇਹ ਬਚਨ ਇਤਨੇ ਠਰ੍ਹੰਮੇ ਪਿਆਰ ਤੇ ਤਰਸ ਭਰੇ ਲਹਿਜੇ ਵਿਚ ਕਹੇ ਕਿ ਸਾਧ ਦਾ ਗਲ ਰੁਕ ਗਿਆ, ਅੱਖੀਆਂ ਭਰ ਆਈਆਂ ਤੇ ਇਸ ਨੇ ਉਠ ਕੇ ਬਾਬਾ ਜੀ ਨੂੰ ਜੱਫੀ ਵਿਚ ਲੈ ਕੇ ਕਿਹਾ, "ਲਉ ਗੁਰਮੁਖੋ, ਸਾਡੇ ਪੱਲੇ ਪਹਿਲਾਂ ਹੀ ਕੁਝ ਨਹੀਂ ਸੀ, ਪਰ ਜੇਕਰ ਕੇਵਲ ਭੇਖ ਧਾਰੀ ਹੋਣ ਕਾਰਨ ਸੀ, ਤਦ ਉਹ ਵੀ ਤੁਸੀਂ ਲੈ ਲਵੋ, ਤੇ ਇਹ ਗੁਰੂ ਨਾਨਕ ਦੀ ਮੇਹਰਾਮਤ ਤੇ ਤਰਸ ਭਰੀ ਜੀਵਨੀ ਦਾਨ ਦਿਉ।"

ਇਸ ਦੇ ਗੁਰੂ ਧਾਰਨ ਕਰਨ ਵਾਲੀ ਗਲ ਨੂੰ ਸੁਣ ਕੇ ਬਾਬਾ ਜੀ ਨੇ ਕਿਹਾ, "ਸੰਤ ਜੀ, ਹੋਰ ਕੁਝ ਦਿਤਾ ਕਿ ਨਹੀਂ, ਪਰ ਤੁਸਾਂ ਮੈਨੂੰ ਇਸ ਭਾਰੀ ਭੁਲ ਦੀ ਸੋਧ ਕਰਨ ਲਈ ਪ੍ਰੇਰਿਆ ਹੈ, ਇਸ ਕਰਕੇ ਮੈਂ ਤੁਹਾਡੇ ਇਸ ਸਾਰੇ ਹੀ ਨਾਟਕ ਦਾ ਧੰਨਵਾਦੀ ਹਾਂ ਕਿ ਮੈਂ ਅਜੇ ਗੁਰੂ ਤੋਂ ਹੀਣਾ ਹਾਂ। ਸੋ ਮੈਂ ਛੇਤੀਂ ਹੀ ਕਿਸੇ ਮਹਾਂਪੁਰਖ ਪਾਸੋਂ ਅੰਮ੍ਰਿਤਪਾਨ ਕਰਕੇ ਸਿਖੀ ਧਾਰਨ ਕਰਾਂਗਾ ਕਿਉਂਕਿ ਬਿਨਾਂ ਪਾਹੁਲ ਸਿਖੀ ਤਾਂ ਕੇਵਲ ਬਨਾਵਟ ਤੇ ਭੇਖ ਦੀ ਹੀ ਸਿਖੀ ਹੈ ਜੋ ਦਰ ਪ੍ਰਵਾਨ ਨਹੀਂ ਹੋ ਸਕਦੀ।"

ਸੰਨਿਆਸੀ ਨੇ ਦਿਮਾਗ ਤੇ ਦਿਲ ਵਿਚੋਂ ਸਾਫ਼ ਹੋਣ ਪਿਛੋਂ ਲੋਕਾਂ ਸਾਹਮਣੇ ਕਿਹਾ, "ਲਉ ਭਾਈ ਸੰਗੀ ਸਾਥੀਓ ਤੇ ਸਤਿ ਸੰਗੀਓ, ਇਹ ਸਾਫ ਸੁਣ ਲਵੋ ਕਿ ਮੇਰੇ ਇਕ ਗੁਰੂ ਨੇ ਗਲ ਕੰਠੀ ਤੇ ਗੇਰੂਆ ਬਸਤਰ ਦੇ ਕੇ ਭੇਖ ਦਿਤਾ ਸੀ। ਪਰ ਉਸ ਸੰਨਿਆਸ ਵਿਚ ਅੱਖਰ ਦੇ ਗਿਆਨ ਦਾ ਗਰੂਰ ਤੇ ਫਿਰ ਭੇਖ ਦਾ ਅਭਿਮਾਨ ਸੀ। ਸੋ ਅਜ ਉਹ ਬਾਹਰ ਦੇ ਹੰਕਾਰ ਦਾ ਬੁਰਜ ਡਿਗ ਪਿਆ। ਉਹ ਦੁਖੀ ਹੋ ਕੇ ਕਲਪਦਾ ਸੀ। ਸੋ ਅਜ ਹੀ ਸਾਰਾ ਪਿਛਲਾ ਮਾਣ ਮੁਕ ਗਿਆ ਹੈ। ਹੁਣ ਸਾਫ ਹੀ ਦਿਸਦਾ ਹੈ ਕਿ ਸਾਦਾ ਤੇ ਸਿਧਾ, ਸਹਿਜ ਮਾਰਗ ਸਾਥੋਂ ਚੰਗਾ ਹੀ ਨਹੀਂ ਸਗੋਂ ਬਹੁਤ ਉਤਮ ਹੈ ਤੇ ਕਲਿਆਣਕਾਰੀ ਵੀ ਹੈ। ਸਾਧ-ਪਣ ਕਿਸੇ ਦੇ ਪਿਓ ਦਾਦੇ ਦੀ ਵਰਾਸਤ ਨਹੀਂ ਹੈ, ਉਹ ਕਿਸੇ ਵੀ ਮਨ ਦੇ ਸਚੇ ਵਿਅਕਤੀ ਅੰਦਰ 'ਸਾਧ ਨਾਮ ਨਿਰਮਲ ਤਾ ਕੇ ਕਰਮ॥' ਦੀ ਧਾਰਨਾ ਪ੍ਰਗਟ ਕਰ ਸਕਦੀ ਹੈ। ਭੇਖ, ਅਭਿਮਾਨ ਤੇ ਚਾਰ ਅਖਰਾਂ ਦੀ ਜਾਣਕਾਰੀ ਦੇ ਝੂਠੇ ਮਾਣ, ਲੋਕਾਂ ਦੇ ਦਰੋਂ ਇਕੱਠਾ ਕੀਤਾ ਕੂੜ ਕਪਟ ਤੇ ਝੂਠ ਦਾ ਭੰਡਾਰ ਹੈ, ਜਿਸ ਪਰ ਮਾਣ ਕਰਨਾ ਮੂਰਖਤਾ ਦਾ ਚਿੰਨ੍ਹ ਸੀ। ਸੋ ਸਤਿ ਮਾਰਗ ਦੇ ਪਾਂਧੀਆਂ ਨੇ ਉਹ ਸਾਰਾ ਹੀ ਧੂੰਏਂ ਦਾ ਪਹਾੜ ਗੇਰ ਕੇ ਅਕਾਸ਼ ਦੇ ਪ੍ਰਤੱਖ ਰੂਪ ਨੂੰ ਨੰਗਿਆਂ ਕੀਤਾ ਹੈ। ਮੈਂ ਬੀਮਾਰ ਸਾਂ। ਅਸਲ ਵਿਚ ਹਰ ਆਦਮੀ ਇਸ ਮਹਾਨ ਰੋਗ ਦਾ ਸ਼ਿਕਾਰ ਹੈ, ਹਉਮੈਂ ਦਾ ਕੰਡਾ ਹਰ ਸਮੇਂ ਚੁਭਦਾ ਤੇ ਰੜਕਦਾ ਹੈ। ਸੋ ਅਜ ਉਹ ਨਿਕਲਕੇ, ਮੈਂ ਹੌਲਾ ਸੁਰਖਰੂ ਬਣਦਾ ਨਜ਼ਰ ਆ ਰਿਹਾ ਹਾਂ। ਕੌੜੇ ਬਚਨ ਬੋਲਕੇ ਮੇਰੀ ਆਤਮਾ ਕੌੜੀ ਫਿਕੀ ਤੇ ਝੁਲਸੀ ਹੋਈ ਸੀ। ਸੋ ਮੈਂ ਹੁਣ ਇਸ ਨੂੰ ਕਦੇ ਵੀ ਕਿਸੇ ਦੀ ਆਤਮਾ ਦੁਖੀ ਕਰਨ ਹਿਤ ਨਹੀਂ ਵਰਤਾਂਗਾ ਸਗੋਂ ਸਤਿ ਤੇ ਸੰਤੋਖ, ਸਹਿਨਸ਼ੀਲਤਾ, ਮਿਠੇ ਬਚਨਾਂ ਦੀ ਫੌਜ ਲੈ ਕੇ ਸੰਸਾਰ ਨੂੰ ਮਨ ਰਾਹੀਂ ਹੀ ਫਤਹਿ ਕਰਾਂਗਾ।"

ਬਾਬਾ ਜੀ ਨੇ ਫਿਰ ਕਿਹਾ, "ਵਾਹਿਗੁਰੂ ਮੇਹਰ ਕਰੇ ਤਦ ਇਹ ਰੁਖ ਸਾਡੇ ਪਰ ਪ੍ਰਗਟ ਕਰੋ ਕਿ ਅਸੀਂ ਸਤਿ ਬਚਨ, ਸਤਿ ਵਿਵਹਾਰ ਤੇ ਸਤਿ ਕਰਮ ਕਰਕੇ ਪ੍ਰਭੂ ਨੂੰ ਸਤਿ ਪਦਾਰਥ ਦੇ ਰੂਪ ਵਿਚ ਹੀ ਪ੍ਰਾਪਤ ਕਰ ਲਈਏ। ਫਿਰ ਸਾਧਨਾਂ ਸਹਿਤ ਹੀ ਸੰਸਾਰ ਦਾ ਸਚਾ ਆਗੂ ਹੈ।"

*'ਚਲਦਾ'*

*(ਗਿਆਨੀ ਮੇਹਰ ਸਿੰਘ ਰਚਿਤ ਪੁਸਤਕ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)*

✡ ✡ ✡ ✡ ✡ ✡ ✡ ✡ ✡ ✡ ✡

# ਪਾਰਖੂ ਦ੍ਰਿਸ਼ਟੀ

*ਸੰਤ ਕਲਿਆਨ ਦਾਸ ਜੀ*
*ਕੁਟੀਆ ਜਵਾਲਾਪੁਰੀ, ਸ੍ਰੀ ਆਨੰਦਪੁਰ ਸਾਹਿਬ*

ਮੈਂ ਤੀਹ ਸਾਲ ਤੋਂ ਸ੍ਰੀ ਆਨੰਦਪੁਰ ਸਾਹਿਬ ਇਕ ਝੌਂਪੜੀਆਂ ਵਾਲੀ ਛੋਟੀ ਜਿਹੀ ਕੁਟੀਆ ਜਵਾਲਾਪੁਰੀ ਨਾਮ ਦੇ ਆਸ਼ਰਮ ਵਿਚ ਨਿਵਾਸ ਕਰਦਾ ਹਾਂ। ਸੰਤ ਸੰਮੇਲਨਾਂ ਵਿਚ ਬਹੁਤ ਘਟ ਗਿਆ ਹਾਂ। ਜੇ ਗਿਆ ਤਾਂ ਸੁਣਾਇਆ ਨਹੀਂ, ਸੁਣਨ ਗਿਆ, ਸੁਣ ਕੇ ਹੀ ਅਨੰਦ ਪ੍ਰਾਪਤ ਕੀਤਾ; ਸੁਣਾਉਣ ਨਾਲੋਂ ਸੁਣਨ ਦਾ ਮਜ਼ਾ ਵੱਧ ਹੈ। ਸੰਤ ਹਰੀ ਸਿੰਘ ਰੰਧਾਵੇ ਵਾਲੇ ਬਹੁਤ ਪ੍ਰੇਮ ਰਖਦੇ ਹਨ। ਉਨ੍ਹਾਂ ਨੇ ਆਪਣੇ ਇਕ ਸੰਤ ਸੰਮੇਲਨ ਵਿਚ ਮੈਨੂੰ ਵੀ ਬੁਲਾਉਣ ਦੀ ਕ੍ਰਿਪਾ ਕੀਤੀ। ਸੰਤ ਬਾਬਾ ਵਰਿਆਮ ਸਿੰਘ ਜੀ ਰੰਧਾਵੇ ਆਏ ਤਾਂ ਦਾਸ ਨੂੰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਨਾਮ ਤਾਂ ਮੈਂ ਪਹਿਲਾਂ ਵੀ ਸੁਣਿਆ ਹੋਇਆ ਸੀ, ਲੇਕਿਨ ਕਦੇ ਦਰਸ਼ਨ ਨਹੀਂ ਸੀ ਹੋਏ।

ਬੜੇ-ਬੜੇ ਵਿਦਵਾਨ ਮਹਾਂਪੁਰਸ਼ਾਂ ਦੇ ਪ੍ਰਵਚਨ, ਕਥਾ ਕੀਰਤਨ, ਵਿਚਾਰ ਸੁਣੇ। ਫੁੱਲ ਚਾਹੇ ਕਿਸੇ ਕਿਸਮ ਦਾ ਹੋਵੇ, ਕਿਸੇ ਸ਼ਕਲ ਦਾ ਹੋਵੇ, ਛੋਟੇ ਵੱਡੇ ਆਕਾਰ ਦਾ ਹੋਵੇ; ਲਾਲ, ਪੀਲਾ, ਚਿੱਟਾ, ਗੁਲਾਬੀ, ਕੋਈ ਰੰਗ ਹੋਵੇ; ਹਰ ਫੁੱਲ ਸੁਗੰਧੀ ਬਖੇਰਦਾ ਹੈ; ਕੇਵਲ ਸੁਗੰਧੀ, ਭਾਵੇਂ ਭਿੰਨ-ਭਿੰਨ, ਆਪਣੀ-ਆਪਣੀ ਤਰ੍ਹਾਂ ਦੀ ਵੱਖੋ-ਵੱਖਰੀ ਕਿਉਂ ਨਾ ਹੋਵੇ, ਦੁਰਗੰਧ ਕੋਈ ਫੁੱਲ ਵੀ ਨਹੀਂ ਦਿੰਦਾ।

ਮਹਾਂਪੁਰਸ਼ ਸੰਤ ਜਨ ਆਪਣੀ-ਆਪਣੀ ਸੰਪਰਦਾ, ਆਪਣਾ-ਆਪਣਾ ਬਾਣਾ, ਆਪਣੇ-ਆਪਣੇ ਢੰਗ ਨਾਲ ਆਪਣੇ ਮਨੋਹਰ ਬਚਨਾਂ ਦੁਆਰਾ ਸਿਖਿਆਦਾਇਕ ਵਿਚਾਰਾਂ ਦੀ ਸੁਗੰਧ ਪ੍ਰਦਾਨ ਕਰਦੇ ਹਨ। ਹਰ ਮਹਾਤਮਾ ਦੀ ਸੁਗੰਧੀ, ਭਾਵ ਬਚਨ ਸੁਣੇ। ਲੇਕਿਨ ਜਦੋਂ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਸੁਣਿਆ, ਇਨ੍ਹਾਂ ਦੇ ਬਚਨ ਪੁਸ਼ਪਾਂ ਚੋਂ ਜੋ ਮਹਿਕ ਉਠੀ (ਸੁਗੰਧੀ ਫੈਲੀ), ਉਹ ਬੜੀ ਵਿਲਕਸ਼ਣ ਸੀ। ਮਜ਼ਹਬ, ਫਿਰਕੇ, ਸੰਪਰਦਾ, ਪੰਥ, ਜਾਤ, ਵਰਨ, ਦ੍ਵੈਸ਼, ਈਰਖਾ, ਮਤ-ਭੇਦ ਤੋਂ ਉਪਰ, ਖੰਡਨ-ਮੰਡਨ ਤੋਂ ਰਹਿਤ, ਸਰਬ ਸਾਂਝੀ, ਦਿਲ ਨੂੰ ਠੇਸ ਨਾ ਪਹੁੰਚਾਉਣ ਵਾਲੀ, ਹਿਆਉ ਨ ਠਾਹੇ ਕਹੀਦਾ 'ਆਤਮ ਮਾਰਗ' ਦੀ ਤੇਜ਼ ਮਨ ਲੁਭਾਵਨੀ ਸੁਗੰਧ ਸੀ। ਮੈਂ ਬੜਾ ਪ੍ਰਭਾਵਿਤ ਹੋਇਆ।

ਦੂਜੀ ਵਾਰ ਮੁਹਾਲੀ ਸੰਤ ਅਵਤਾਰ ਸਿੰਘ ਜੀ ਦੇ ਸੰਤ ਸਮਾਗਮ ਵਿਚ ਅੰਮ੍ਰਿਤ ਬਚਨ ਸੁਣੇ। ਮਨ ਵਿਚ ਵਿਚਾਰ ਆਈ ਕਿ ਸਿੱਧੀ ਧਾਰਨਾ ਲਾ ਕੇ ਕੀਰਤਨ ਕਰਨ ਵਾਲੇ ਬਹੁਤ ਸੰਤ ਹਨ ਜੋ ਕੀਰਤਨ ਤੇ ਮਿੱਠੀ ਰਸਨਾ ਨਾਲ ਸੰਗਤਾਂ ਨੂੰ ਸੰਮੋਹਨ ਕਰਦੇ ਹਨ ਪਰ ਇਹ ਆਤਮ ਗਿਆਨ ਯੋਗ, ਸਹਿਜ ਯੋਗ, ਵੇਦਾਂਤ, ਗੁਰਮਤਿ ਯੋਗ ਬਾਰੇ ਇਤਨੀ ਜਾਣਕਾਰੀ ਰਖਦੇ ਹਨ, ਗਿਆਨ ਦੇ ਭੰਡਾਰ ਹਨ। ਜਾਪਦਾ ਸੀ, ਬਚਨ ਇਨ੍ਹਾਂ ਦੇ ਅੰਦਰੋਂ ਯਥਾਰਥ ਨਾਲ ਭਿੱਜ ਕੇ ਅਨੁਭਵ ਦੇ ਕੋਸ਼ ਵਿਚੋਂ ਆਉਂਦੇ ਸੀ। ਕਲਪਿਤ ਤੇ ਬਨਾਉਟੀ ਉਧਾਰ ਨਹੀਂ ਸਨ। ਸੋਚਿਆ, ਜਾਪਦਾ ਨਹੀਂ ਕਿ ਇਹ ਵੀ ਕੀਰਤਨ ਕਰਕੇ ਧਨ ਤੇ ਜਸ ਕਮਾਉਂਦੇ ਹੋਣਗੇ। ਇਨ੍ਹਾਂ ਵਰਗੇ ਵਯੋ ਬ੍ਰਿਧ ਗਿਆਨਵਾਨ ਸੰਤਾਂ ਨੂੰ ਨਵੇਂ ਰੰਗਰੂਟ ਸਾਧੂਆਂ ਤਾਂਈ ਗਿਆਨ ਵੰਡਣਾ ਚਾਹੀਦਾ ਹੈ। ਛੋਟੀ ਉਮਰ ਦੇ ਨਵੇਂ ਸਾਧਕ ਸਾਧੂਆਂ ਨੂੰ ਇਹ ਵੇਦਾਂਤ ਅਦ੍ਵੈਤ ਮਤ ਕਿਥੇ ਆਉਂਦਾ ਹੈ। ਹੁਣ ਕੋਈ ਆਤਮ ਗਿਆਨ ਅਤੇ ਧਿਆਨ ਯੋਗ ਵੱਲ ਰੁਚੀ ਘੱਟ ਹੀ ਦਿੰਦੇ ਹਨ। ਪੁਰਾਣੇ ਸਾਧੂਆਂ ਵਾਲਾ ਆਤਮ ਗਿਆਨ ਨਸ਼ਟ ਹੋ ਰਿਹਾ ਹੈ। ਇਸਨੂੰ ਪੁਨਰ ਜੀਵਤ ਕਰਨ ਦੀ ਲੋੜ ਹੈ।

ਦੋ ਸੁਰਾਂ ਦੱਬਣੀਆਂ ਸਿੱਖ ਕੇ ਸਿੱਖਿਆ ਦੇਣ ਲਗ ਜਾਂਦੇ ਹਨ, ਕੋਈ ਆਪ ਸਿੱਖਿਆ ਲੈ ਕੇ ਰਾਜ਼ੀ ਨਹੀਂ, ਕਿਉਂਕਿ ਗੁਰਬਾਣੀ ਦਾ ਕੀਰਤਨ ਐਸਾ ਮੋਹਕ ਹੈ, ਸੰਗਤਾਂ ਮੋਹਿਤ ਹੋ ਜਾਂਦੀਆਂ ਹਨ, ਮਾਇਆ ਬਰਸਣ ਲਗ ਜਾਂਦੀ ਹੈ, ਛੋਟੇ ਸੰਤ ਚੇਲੇ (ਸਿੱਖ) ਬਣਨ ਤੋਂ ਪਹਿਲਾਂ ਹੀ ਗੁਰੂ ਬਣ ਜਾਂਦੇ ਹਨ। ਮਾਇਆ ਤੇ ਮਾਣ ਵਡਿਆਈ ਵਿਚ ਫਸ ਕੇ ਕਮਾਈ ਤੋਂ ਰਹਿ ਜਾਂਦੇ ਹਨ। ਉਪਮਾ (ਲੋਕ ਵਡਿਆਈ) ਦੀਆਂ ਜ਼ੰਜੀਰਾਂ ਜਕੜ ਲੈਂਦੀਆਂ ਹਨ। ਪੱਗ ਨੂੰ ਮਾਯਾ (ਮੈਦੇ ਤੋਂ ਬਣਿਆ) ਲੱਗ ਜਾਵੇ ਤਾਂ ਆਕੜ ਜਾਂਦੀ ਹੈ, ਤਿਵੇਂ ਬੰਦੇ ਨੂੰ ਮਾਯਾ ਲਗ ਜਾਵੇ ਤਾਂ ਮਾਨੀ ਬਣ ਕੇ ਆਕੜ ਜਾਂਦਾ ਹੈ।

ਮੇਰੇ ਮਨ ਵਿਚ ਬਾਰ-ਬਾਰ ਵਿਚਾਰ ਆਇਆ ਕਰੇ ਕਿ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਚਾਹੀਦਾ ਹੈ ਕਿ ਕੋਈ ਆਸ਼ਰਮ ਬਣਾ ਕੇ ਛੋਟੇ ਸੰਤਾਂ, ਸਾਧਕਾਂ, ਗੁਰਮੁਖਾਂ ਜਗਿਆਸੂਆਂ ਨੂੰ ਆਤਮ ਵਿਦਿਆ, ਯੋਗ ਵਿਦਿਆ, ਗੁਰਮਤਿ ਗਿਆਨ-ਧਿਆਨ ਦੀ ਸਿਖਿਆ ਪਰਦਾਨ ਕਰਨ। ਪਰ ਸਾਧੂ ਕੰਜੂਸ ਹੁੰਦੇ ਹਨ, ਬਿਨਾਂ ਘਾਲ ਘਲਵਾਇਆਂ ਕਿਸੇ ਨੂੰ ਕੁਝ ਦੇ ਕੇ ਰਾਜ਼ੀ ਨਹੀਂ।

*ਉਹ ਬੇਪਰਵਾਹ ਨ ਬੋਲਨੀ ਹਉ ਮਲ ਮਲ ਧੋਵਾਂ ਪਾਇ॥*

ਇਸ ਤੋਂ ਬਾਦ ਲੁਧਿਆਣੇ ਬਾਬਾ ਸਰਬਜੋਤ ਸਿੰਘ ਜੀ ਬੇਦੀ ਦੁਆਰਾ ਸੰਤ ਸੰਮੇਲਨ ਹੋਇਆ। ਮੈਂ ਉਥੇ ਸੰਤ ਬਾਬਾ ਜੀ ਨੂੰ ਉਲਾਂਭਾ ਦੇ ਹੀ ਦਿਤਾ ਕਿ ਤੁਸੀਂ ਆਪਣਾ ਗਿਆਨ ਵੰਡਦੇ ਕਿਉਂ ਨਹੀਂ -

*ਆਪਿ ਜਪਹੁ ਅਵਰਹ ਨਾਮੁ ਜਪਾਵਹੁ॥* ਪੰਨਾ - 290

ਮੈਂ ਸਟੇਜ ਤੋਂ ਉਤਰਿਆ ਤਾਂ ਸੰਤ ਬਾਬਾ ਜੀ ਨੇ ਮੈਨੂੰ 'ਆਤਮ ਮਾਰਗ' ਰਸਾਲਾ ਦਿਤਾ। ਮੈਂ ਡੇਰੇ ਆ ਕੇ ਇਸਨੂੰ ਪੜ੍ਹਿਆ, ਤਾਂ ਹੈਰਤ ਅਤੇ ਪ੍ਰਸੰਨਤਾ ਦੀ ਹੱਦ ਨ ਰਹੀ। ਵੇਦ ਭਾਰਤੀ ਜੀ ਦਾ ਲੇਖ ਪੜ੍ਹਿਆ, ਬਾਬਾ ਜੀ ਦੀ ਘਾਲ ਕਮਾਈ ਦਾ ਚਾਨਣਾ ਹੋਇਆ, ਅੱਖਾਂ ਖੁਲ੍ਹ ਗਈਆਂ। ਮਨ ਕ੍ਰਿਤਗਤਾ ਨਾਲ ਭਰ ਗਿਆ, ਸ਼ਰਧਾ ਨਾਲ ਲਬ੍ਰੇਜ਼ ਹੋ ਗਿਆ।

ਮੇਰੇ ਖਿਆਲ ਵਿਚ ਇਹ ਪਤਰਿਕਾ ਅਦੁੱਤੀ ਹੈ। ਇਸ ਦੀ ਮਿਸਾਲ ਇਹ ਆਪ ਹੈ। ਸੰਤ ਬਾਬਾ ਜੀ ਦੇ ਲੇਖਾਂ ਨੇ ਇਸਨੂੰ ਸ਼ਿੰਗਾਰ ਕੇ ਅਨਮੋਲ ਬਣਾ ਦਿਤਾ ਹੈ। ਇਸ ਦੀ ਰਚਨਾ ਲਈ ਬੜੀ ਮਿਹਨਤ ਕਮਾਈ ਕੀਤੀ ਹੈ, ਮਹਾਂਪੁਰਸ਼ਾਂ ਦੇ ਅਨੁਭਵੀ ਬਚਨ ਬੜੀ ਦੁਰਲਭ ਸੰਪਦਾ ਹੈ। ਇਸ ਰਸਾਲੇ ਦੀ ਰਚਨਾ ਰਚ ਕੇ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਸਤਸੰਗੀਆਂ ਦੀ ਦੁਨੀਆਂ

ਵਿਚ ਇਕ ਧਮਾਕਾ ਕਰ ਦਿਤਾ ਹੈ। ਗਿਆਨ ਤੇ ਗੁਰਮਤਿ ਪ੍ਰਕਾਸ਼ ਦਾ ਚਾਨਣ ਮੁਨਾਰਾ ਸਥਾਪਿਤ ਕਰ ਦਿਤਾ ਹੈ। ਇਹ ਰਸਾਲਾ ਨਹੀਂ, ਗੁਰਮਤਿ ਗਿਆਨ ਦੀ ਯੂਨੀਵਰਸਿਟੀ ਹੈ। ਕਈ ਰਸਾਲੇ ਐਸੇ ਹਨ ਜਿਨ੍ਹਾਂ ਦੇ ਸਾਇਨ ਬੋਰਡ (sign board) ਹੋਰ ਹਨ ਅਤੇ ਅੰਦਰ ਮਾਲ ਹੋਰ ਹੈ। ਸ਼ੀਸ਼ੀ ਦਾ ਲੇਬਲ ਹੋਰ ਹੈ ਅਤੇ ਵਿਚ ਦਵਾਈ ਹੋਰ ਹੁੰਦੀ ਹੈ। ਇਸ ਦਾ ਨਾਮ ਵੀ ਬਾਬਾ ਜੀ ਨੇ ਕਿਆ ਚੁਣ ਕੇ ਰੱਖਿਆ ਹੈ। ਜੋ ਟਾਇਟਲ (Title), ਉਹ ਹੀ ਮਾਲ ਅੰਦਰ ਭਰਿਆ ਹੈ। ਕਿਸੇ ਪੰਥ ਸੰਪਰਦਾ ਦਾ ਖੰਡਨ ਨਹੀਂ, ਨਿੰਦਾ ਨਹੀਂ; ਸਰਬ ਸਾਂਝੀਵਾਲਤਾ ਹੈ। ਗੁਰੂ ਪ੍ਰੇਮ, ਸ਼ਰਧਾ, ਭਗਤੀ, ਸੇਵਾ, ਨਾਮ ਅਭਿਆਸ, ਯੋਗ - *'ਏਕੋ ਬ੍ਰਹਮ ਦੁਤੀਆ ਨੇਸਤ।।'* ਅਦ੍ਵੈਤ ਮਤ, ਪਲ-ਪਲ, ਪੱਗ-ਪੱਗ, ਗੁਰਮਤਿ ਸਿਧਾਂਤ ਵਰਨਣ ਹੈ। ਮੈਂ ਰਸਾਲੇ ਦੀਆਂ ਗੱਲਾਂ ਕਰਦਾ-ਕਰਦਾ ਭੁੱਲ ਹੀ ਗਿਆ। ਰਸਾਲੇ ਦੀ ਮਹਿਮਾ ਬਹੁਤ ਵੱਡੀ ਹੈ, ਫੇਰ ਕਰਾਂਗਾ।

ਸੰਤ ਬਾਬਾ ਜੀ ਦਾ ਪਰਉਪਕਾਰ ਸੇਵਾ, ਗਰੀਬਾਂ ਦੁਖੀਆਂ ਦੀ ਸਹਾਇਤਾ, ਸਤਿਸੰਗ ਦੇ ਰੁਝੇਵੇਂ, ਨਵੀਂ ਟਕਨੀਕ ਨਾਲ ਕੈਸਟਾਂ ਦੇ ਮਾਧਿਅਮ ਰਾਹੀਂ ਗੁਰੂ ਨਾਨਕ ਮਤ ਦੀ ਦੇਸ ਵਿਦੇਸਾਂ ਵਿਚ ਪਤਾਕਾ (ਝੰਡਾ) ਫਹਿਰਾਈ। ਕਿਤਨੀ ਅਣਥੱਕ ਬਿਰਤੀ ਦੇ ਮਾਲਕ ਹਨ ਜੋ ਇਤਨਾ ਲਿਟਰੇਚਰ ਲਿਖਦੇ ਹਨ। ਇਸ ਅਵਸਥਾ ਵਿਚ ਇਤਨੀ ਮਿਹਨਤ ਬੁਧ ਚਕ੍ਰਿਤ ਹੋ ਜਾਂਦੀ ਹੈ। ਮੈਂ ਬਾਬਾ ਜੀ ਦੀ ਸ਼ਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਮਨ ਵਿਚ ਆਈ ਕਿ ਦਰਸ਼ਨ ਕਰਕੇ ਆਈਏ ਅਤੇ ਰਸਾਲੇ ਦਾ ਚੰਦਾ ਦੇ ਕੇ ਪਤਰਿਕਾ ਚਾਲੂ ਕਰਾਈਏ। 23.8.95 ਨੂੰ ਮੁਹਾਲੀ ਮਿਲਣ ਗਿਆ ਸੋਚਦਾ ਸਾਂ ਕਿ ਧਨੀ, ਮਾਨ ਪ੍ਰਤਿਸ਼ਟਾ ਵਾਲੇ ਖਿਆਤੀ-ਵਾਨ ਹਨ; ਪਤਾ ਨਹੀਂ ਬੈਠਣ ਨੂੰ ਵੀ ਕਹਿਣਗੇ ਕਿ ਨਹੀਂ। ਦਾਸ ਜਦੋਂ ਉਨ੍ਹਾਂ ਦੇ ਨਿਵਾਸ ਤੇ ਪਹੁੰਚੇ ਤਾਂ ਸੰਤ ਬਾਬਾ ਜੀ ਸੰਗਤ ਪ੍ਰੇਮੀਆਂ ਨਾਲ ਬਚਨ ਕਰ ਰਹੇ ਸਨ। ਦਾਸ ਨੇ ਨਮਸ਼ਕਾਰ ਕੀਤੀ ਤੇ ਤੁੱਛ ਭੇਟਾ ਚਰਨਾਂ ਤੇ ਰੱਖੀ। ਬਾਬਾ ਜੀ ਨੇ ਕੁਰਸੀ ਮੰਗਾ ਕੇ ਆਦਰ ਕੀਤਾ, ਬੜੇ ਪ੍ਰੇਮ ਨਾਲ ਜਲ ਪਾਨ ਛਕਾਇਆ। ਮੇਰੀ ਭੇਟਾ ਇਹ ਕਹਿਕੇ ਅਸਵੀਕਾਰ ਕਰ ਦਿਤੀ ਕਿ ਤੁਹਾਡੇ ਪਾਸੋਂ ਪੂਜਾ ਨਹੀਂ ਕਰਾਉਣੀ। ਰਸਾਲੇ ਲਈ ਮਾਇਆ ਸੇਵਾਦਾਰ ਬੀਬੀ ਨੂੰ ਦਿਤੀ, ਉਹ ਭੀ ਨਾ ਲਈ। ਬੜਾ ਪ੍ਰੇਮ ਕੀਤਾ, ਬੜੇ ਪਿਆਰੇ ਬਚਨ ਕਰਦੇ ਰਹੇ।

ਆਸ਼ਰਮ ਬੜਾ ਸਾਫ ਸੁਥਰਾ ਸੀ, ਬਾਬਾ ਜੀ ਵੀ ਬੜੇ ਸਾਫ ਸੁਥਰੇ ਤੇ ਸੋਹਣੇ ਹਨ। ਬਾਬਾ ਜੀ ਦਾ ਦਿਲ ਵੀ ਬੜਾ ਸਾਫ ਸੁਥਰਾ ਹੈ। ਮਾਨ ਹੰਕਾਰ ਦੀ ਬਦਬੂ ਸੌ-ਸੌ ਕੋਹ ਨੇੜੇ ਨਹੀਂ ਹੈ। ਐਸੇ ਸੰਤ ਮਿਲਣੇ ਦੁਰਲੱਭ ਹਨ। ਉਹ ਸ਼ਰਧਾਲੂ, ਸੇਵਕ, ਜਗਿਆਸੂ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਬਾਬਾ ਜੀ ਦੀ ਨਿਕਟਤਾ ਪ੍ਰਾਪਤ ਹੈ।

ਹੰਕਾਰ ਸਰਬ ਸ਼੍ਰੋਮਣੀ ਵਿਕਾਰ ਹੈ। ਇਸ ਦੀ ਸੂਖਮ ਹੋਂਦ ਦਾ ਪਤਾ ਹੀ ਨਹੀਂ ਲਗਦਾ -

*ਐਸੋ ਨਰ ਨਹੀ ਕੋ ਜਗ ਮਾਹੀਂ।।*
*ਪ੍ਰਭੁਤਾ ਪਾਏ ਜੋ ਗਰਬਤ ਨਾਹੀ।। (ਤੁਲਸੀ ਦਾਸ ਜੀ)*

1. ਖਿਆਤੀ ਪਤਿ 2. ਵਿਦਿਆ ਪਤਿ 3. ਆਸ਼ਰਮ ਪਤਿ 4. ਜਸ, ਮਾਣ ਪਤਿ 5. ਸੇਵਕ ਪਤਿ 6. ਸੁੰਦਰਤਾ ਪਤਿ 7. ਅਰੋਗਤਾ ਪਤਿ 8. ਧਨ ਪਤਿ 9. ਪ੍ਰਭੁਤਾ ਪਤਿ 10. ਯੋਗ ਪਤਿ 11. ਭਗਤੀ ਪਤਿ 12. ਗਿਆਨ ਪਤਿ; ਬਾਰਾਂ ਗੁਣਾਂ ਦੇ ਪਤਿ ਹੋ ਕੇ ਫੇਰ ਕੋਈ ਗਰਵ ਨਹੀਂ; ਧੰਨ ਹੈਂ। ਇਨ੍ਹਾਂ ਦੇ ਬਚਨਾਂ ਤੋਂ ਸ਼ਰਧਾ, ਗੁਰੂ ਆਦਰ, ਸੰਤ ਪ੍ਰੇਮ, ਸੰਗਤ ਦਾ ਪਿਆਰ, ਦਿਆਲਤਾ, ਉਦਾਰਤਾ, ਵਿਦ੍ਵਤਾ, ਬੁਧਿ, ਗਿਆਨ ਵਿਗਿਆਨ, ਗੁਰਬਾਣੀ ਦੀ ਖੋਜ, ਸ਼ਾਸ਼ਤਰ ਗਿਆਨ ਛਲਕ ਛਲਕ ਪੈਂਦਾ ਹੈ। ਮਨ ਦੀ ਗਰੀਬੀ ਤੇ ਮਰਯਾਦਾ ਪਰਸ਼ੋਤਮ ਹਨ।

*ਗਰੀਬੀ ਗਦਾ ਹਮਾਰੀ।। ਖੰਨਾ ਸਗਲ ਰੇਨੁ ਛਾਰੀ।।*
*ਇਸੁ ਆਗੈ ਕੋ ਨ ਟਿਕੈ ਵੇਕਾਰੀ।।*
*ਗੁਰ ਪੂਰੇ ਏਹ ਗਲ ਸਾਰੀ।।* *ਪੰਨਾ - 628*

ਜਦੋਂ ਬਾਬਾ ਜੀ ਪਾਸੋਂ ਵਿਦਾ ਮੰਗੀ ਤਾਂ ਬਾਬਾ ਜੀ ਨੇ ਮਾਤਾ ਜੀ ਨੂੰ ਇਸ਼ਾਰਾ ਕੀਤਾ। ਮਾਤਾ ਜੀ ਅੰਦਰ ਗਏ, ਇਕ ਚਿੱਟੀ ਲੋਈ, ਸੁੱਕੇ ਮੇਵੇ ਦਾ ਪੈਕਟ ਤੇ ਕੁਝ ਮਾਇਆ ਮੈਨੂੰ ਸਿਰੋਪਾ ਬਖਸ਼ਿਸ਼ ਕੀਤਾ। ਦਾਸ ਨੇ ਬੇਨਤੀ ਕੀਤੀ, "ਬਾਬਾ ਜੀ, ਤੁਸਾਂ ਮੇਰੀ ਭੇਟ ਲਈ ਨਹੀਂ; ਹੁਣ ਮੈਂ ਕਿਵੇਂ ਲਵਾਂ?" ਹੱਸ ਕੇ ਬੋਲੇ, "ਤੁਸੀਂ ਵਿਰਕਤ ਸੰਤ ਹੋ, ਮੈਂ ਗ੍ਰਿਹਸਤੀ ਹਾਂ। ਪਹਿਲੀ ਵਾਰ ਘਰ ਆਏ ਹੋ। ਮਰਯਾਦਾ ਅਨੁਸਾਰ ਤੁਹਾਡਾ ਸਨਮਾਨ ਬਣਦਾ ਹੈ।" ਮੈਂ ਕਿਹਾ, "ਬਾਬਾ ਜੀ ਸੁਖਦੇਵ ਮੁਨੀ ਵਿਰਕਤ ਸਨ, ਰਾਜਾ ਜਨਕ ਜੀ ਗ੍ਰਿਹਸਥੀ ਸਨ ਪਰ ਗਿਆਨ ਦੀ ਪਦਵੀ ਕਰਕੇ ਵੱਡੇ ਸਨ।" ਅੱਗੋਂ ਮੁਸਕਰਾਏ ਜਿਵੇਂ ਪੁਸ਼ਪ ਵਰਖਾ ਹੋ ਗਈ। ਹੁਕਮ ਕੀਤਾ ਕਿ ਆਪਣੇ ਅਨੁਭਵ ਵਿਚਾਰ ਲੜੀ ਵਾਰ ਭੇਜਿਆ ਕਰੋ। ਸਤਿ ਬਚਨ ਜੀ!

ਕਾਠੇ ਅੰਬ ਦੀ ਬੀਜੂ ਗਿਟਕ ਉਗਾ ਕੇ, ਉਸ ਤੇ ਕਲਮੀ, ਅੰਬ ਦੀ ਟਾਹਣੀ, ਕਲਮ ਕਰਕੇ ਲਾਈ ਜਾਂਦੀ ਹੈ। ਹੇਠਾਂ ਧੜ ਕਾਠੇ ਅੰਬ ਦਾ ਹੁੰਦਾ ਹੈ ਤੇ ਸਿਰ ਕਲਮੀ ਦਾ ਹੁੰਦਾ ਹੈ। ਉਸਨੂੰ ਕਲਮੀ (ਪਿਉਂਦੀ) ਅੰਬ ਕਹਿੰਦੇ ਹਨ। ਉਸਦਾ ਆਪਣਾ ਸਿਰ ਲਹਿ ਕੇ ਕਲਮੀ ਦਾ ਲੱਗ ਜਾਂਦਾ ਹੈ। ਉਹ ਹੂ-ਬ-ਹੂ ਕਲਮੀ ਅੰਬ ਹੋ ਜਾਂਦਾ ਹੈ ਅਤੇ ਉਸੇ ਸਾਲ ਫਲ ਦੇਣ ਲਗ ਜਾਂਦਾ ਹੈ। ਉਸਨੂੰ ਖੱਟੇ ਤੇ ਕਾਠੇ ਅੰਬ ਨਹੀਂ ਲਗਦੇ, ਕਲਮੀ ਅਸਲੀ ਫਲ ਲਗਦੇ ਹਨ। ਇਕ ਲੇਖੇ ਉਹ ਆਪਣੇ ਕਲਮੀ ਬਾਪ ਦਾ ਸ਼ਾਖਸ਼ਾਤ ਪੁੱਤਰ ਹੁੰਦਾ ਹੈ ਬਲਕਿ ਉਸੇ ਦਾ ਸ਼ਾਖਸ਼ਾਤ ਰੂਪ ਹੋ ਜਾਂਦਾ ਹੈ। ਸਿੱਖ ਵੀ ਬੀਜੂ ਨਹੀਂ ਹੁੰਦਾ ਭਾਵੇਂ ਸਿੱਖ ਦੇ ਘਰ ਹੀ ਕਿਉਂ ਨਾ ਪੈਦਾ ਹੋਇਆ ਹੋਵੇ। ਕਲਮੀ ਦੀ ਗੁਠਲੀ ਬੀਜੀਏ ਤਾਂ ਕਲਮੀ ਸਹੀ ਨਹੀਂ ਬਣਦਾ, ਪਿਉਂਦ ਹੀ ਕਰਨਾ ਪੈਂਦਾ ਹੈ। ਸਿੱਖ ਵੀ ਪਿਉਂਦ ਹੋ ਕੇ ਹੀ ਬਣਦਾ ਹੈ। ਸਿਰ ਕਲਮ ਕਰਾਏ ਬਿਨਾਂ ਕੋਈ ਕਲਮੀ ਨਹੀਂ ਬਣ ਸਕਦਾ। ਆਪਣਾ ਸਿਰ ਗਵਾ ਕੇ ਗੁਰੂ ਕਾ ਸਿਰ (ਮਤਿ) ਲਗਵਾਣਾ ਪਵੇਗਾ। ਆਪਣੀ ਬੁੱਧੀ ਦਾ ਤਿਆਗ ਕਰਨਾ ਪੈਂਦਾ ਹੈ। ਸਿਰ ਹੀ ਹੰਕਾਰ ਦਾ ਪ੍ਰਤੀਕ ਹੈ। ਸਿਰ ਲਹਿ ਗਿਆ ਤਾਂ ਹੰਕਾਰ ਕਟਿਆ ਗਿਆ। ਧੜ ਤੇ ਗੁਰੂ ਦੀ ਮੱਤਿ (ਸਿਰ) ਸਵਾਰ ਹੋ ਗਈ ਆਪਣੀ ਮਤਿ (ਮਨਮਤਿ) ਅਲੋਪ ਹੋ ਗਈ। ਗੁਰੂ ਕੇ ਹੁਕਮ ਵਿਚ ਹੋ ਗਿਆ। ਜਦੋਂ ਸਿਰ ਗੁਰੂ ਦਾ ਹੋ ਗਿਆ ਤਾਂ ਬਾਕੀ ਦੇਹ ਵੀ ਗੁਰੂ ਦੇ ਹੁਕਮ ਵਿਚ ਹੋ ਜਾਂਦੀ ਹੈ, ਜੋ ਗੁਰੂ ਦੇ ਹੁਕਮ ਵਿਚ ਹੋ ਜਾਂਦਾ ਹੈ, ਉਹ ਕਲਮੀ ਅੰਬ ਦੀ ਤਰ੍ਹਾਂ ਕਾਠਾ (ਜੀਵ) ਨਹੀਂ ਰਹਿ ਜਾਂਦਾ, ਗੁਰੂ ਦਾ ਰੂਪ ਹੋ ਜਾਂਦਾ ਹੈ।

*ਨਾਨਕ ਗੁਰ ਤੇ ਗੁਰੁ ਹੋਆ ਵੇਖਹੁ ਤਿਸ ਦੀ ਰਜਾਇ।।*
*ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ।।*
*ਪੰਨਾ - 490-91*

*ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ।।*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।।*
*(ਰਹਿਰਾਸ ਸਾਹਿਬ)*

ਸੰਤ ਬਾਬਾ ਵਰਿਆਮ ਸਿੰਘ ਜੀ, ਰਾੜੇ ਸਾਹਿਬ ਵਾਲੇ ਬ੍ਰਹਮਗਿਆਨੀ ਮਹਾਂਪੁਰਖਾਂ ਤੋਂ ਵਰੋਸਾਏ ਹਨ (ਪਿਊਂਦੇ ਹੋਏ ਹਨ)। ਸਿਰ ਕਟਾਇਆ, ਹੰਕਾਰ ਰਹਿਤ ਸੇਵ ਕਮਾਈ। ਇਨ੍ਹਾਂ ਦੀ ਦੇਹ ਪਰ ਸੀਸ ਮਹਾਂਪੁਰਖਾਂ ਦਾ ਹੈ। ਉਹੋ ਫਲ ਲਗਦੇ ਹਨ। ਮੈਨੂੰ ਇਨ੍ਹਾਂ ਦੇ ਮੁਖ ਮੰਡਲ ਤੇ ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਜੀ ਦੀ ਝਲਕ ਪੈਂਦੀ ਹੈ। ਓਹੋ ਗਿਆਨ, ਓਹੋ ਆਭਾ, ਓਹੋ ਕੀਰਤਨ ਉਪਦੇਸ਼, ਓਹੀ ਮਿਸ਼ਨ ਇਸ ਦੇਹ ਵਿਚ ਚਲਾ ਰਹੇ ਹਨ। ਰੋਮ-ਰੋਮ ਵਿਚ ਆਪਣੇ ਪਿਆਰੇ ਦੀ ਯਾਦ ਬਸੀ ਹੈ। ਮਾਤਾ ਜੀ ਵੀ ਪੂਰਣ ਆਦਰਸ਼ ਮਾਂ ਹਨ। ਬਾਬਾ ਜੀ ਦੀ ਚੜ੍ਹਦੀ ਕਲਾ ਤੇ ਮਿਸ਼ਨ ਪੂਰਤੀ ਦਾ ਸ਼ਰੇ (ਸਿਹਰਾ) ਇਨ੍ਹਾਂ ਦਾ ਹੀ ਹੈ, ਇਹ ਮੇਰਾ ਅਨੁਭਵ ਹੈ। ਮਾਤਾ ਜੀ ਦਾ ਸੰਗਤ ਤੇ ਸੇਵਕਾਂ ਪ੍ਰਤਿ ਵਾਤਸਲਯ ਸਨੇਹ ਮੈਂ ਅੱਧੇ ਘੰਟੇ ਵਿਚ ਹੀ ਵੇਖ ਲਿਆ ਸੀ। ਮਮਤਾ ਦੀ ਮੂਰਤਿ ਮੋਹ ਰਹਿਤ ਉਚੀ ਬ੍ਰਿਤੀ ਦੇ ਮਾਲਕ ਹਨ। ਮਾਤਾ ਜੀ ਦਾ ਜੀਵਨ ਮਾਤਾਵਾਂ ਲਈ ਪ੍ਰੇਰਣਾ ਦਾ ਸਰੋਤ ਹੈ, ਮੈਂ ਨਮਸ਼ਕਾਰ ਕਰਦਾ ਹਾਂ। ਮੈਂ ਤੁਰਨ ਲਗਿਆਂ ਇਕ ਕਵਿਤਾ ਪੇਸ਼ ਕੀਤੀ ਸੀ, ਜੋ ਕਿਸੇ ਸੰਤ ਸੰਮੇਲਨ ਵਿਚ ਬੋਲਣੀ ਸੀ। ਬਾਬਾ ਸਰਬਜੋਤ ਸਿੰਘ ਜੀ ਦਾ ਐਕਸੀਡੈਂਟ ਹੋਣ ਨਾਲ ਸਮਾਗਮ ਮਿਸ ਹੋ ਗਿਆ। ਮੈਂ ਉਹ ਕਵਿਤਾ ਬਾਬਾ ਜੀ ਨੂੰ ਦੇ ਆਇਆ ਸਾਂ। ਮੇਰੀ ਉਹ ਕਵਿਤਾ ਮੇਰੀ ਸ਼ਰਧਾ ਹੈ। ਕੋਈ ਖਾਲੀ ਕੋਨਾ ਵੇਖ ਕੇ ਲਿਖ ਦੇਣੀ। ਇਹ ਬਚਨ ਮੇਰੇ ਉਦਗਾਰ ਹਨ, ਸਵੀਕਾਰ ਕਰੋ।

**ਨੋਟ** – ਬਾਬਾ ਜੀ ਆਪਣੇ ਨਿਜ ਬਾਰੇ ਪ੍ਰਸੰਸਾ ਰੂਪੀ ਬਚਨਾਂ ਦਾ ਬੋਝ ਚੁਕਣੋਂ ਅਸਮਰਥ ਹਨ, ਨਿੰਦਿਆ ਤੋਂ ਨਹੀਂ ਘਬਰਾਉਂਦੇ। ਸੰਤ ਕਲਿਆਨ ਦਾਸ ਜੀ ਦੇ ਨਿਜੀ ਭਾਵਾਂ ਨੂੰ ਠੇਸ ਲਾਉਣਾ ਭੀ ਉਹਨਾਂ ਲਈ ਅਸਹਿ ਹੈ। ਹੁਕਮ ਟਾਲ ਨਹੀਂ ਸਕਦੇ ਕਿਉਂਕਿ ਸੰਤਾਂ ਲਈ ਉਹਨਾਂ ਦੇ ਮਨ ਵਿਚ ਅਥਾਹ ਸਤਿਕਾਰ ਪਿਆਰ ਹੈ। ਬਾਬਾ ਜੀ ਕਹਿੰਦੇ ਹਨ ਕਿ ਇਹ ਭਾਵ ਪਰਮ ਉਜਲ ਮਤਿ ਮਹਾਂਪੁਰਸ਼ਾਂ ਦੇ ਹਨ। ਮੈਂ ਤਾਂ ਅਣਜਾਣਾਂ ਤੋਂ ਭੀ ਅਣਜਾਣ, ਇਕ ਦਮ ਗੁਣਾਂ ਤੋਂ ਖਾਲੀ ਹਾਂ। ਪਾਠਕ ਮੁਆਫ ਕਰਨ - ਕਿੰਤੂ ਕਰਨ ਤੋਂ। *(ਐਡੀਟਰ)*

## ਕਵਿਤਾ

### ਬਾਬਾ ਵਰਿਆਮ ਸਿੰਘ ਜੀ ਰਤਵਾੜੇ ਵਾਲੇ

*ਅੰਤਰਿ ਬਾਹਰ ਬ੍ਰਿਧ ਅਵਸਥਾ, ਅੰਦਰੋਂ ਬਾਹਰੋਂ ਸੋਹਣੇ।*
*ਚਿਤ ਪ੍ਰਸੰਨ ਤੇ ਮੁਖੜਾ ਹਸਦਾ, ਮਿਸਟ ਬਚਨ ਮਨ ਮੋਹਣੇ।*
*ਪਗੜੀ ਗੋਲ, ਛੜੀ ਹਾਥ ਮੈਂ, ਸ੍ਵੇਤ ਮੁਛਹਿਰੇ ਦਾਹੜੇ ਵਾਲੇ।*
*ਬ੍ਰਹਮਵੇਤਾ ਤੇ ਆਤਮ ਦਰਸੀ, ਵਰਿਆਮ ਸਿੰਘ ਰਤਵਾੜੇ ਵਾਲੇ।*

*ਹਾਰਮੋਨੀਅਮ ਆਗੇ ਧਰ ਕਰ, ਜਦੋਂ ਗਾਏਂ ਗੁਰ ਬਾਨੀ।*
*ਬ੍ਰਿਤ ਇਕਾਗਰ ਹੋ ਜਾਂਦੀ ਹੈ, ਚੜ੍ਹੇ ਸੁਰਤਿ ਅਸਮਾਨੀ।*
*ਸਿਧੀ ਧਾਰਨਾ ਇਉਂ ਲਾਉਂਦੇ ਨੇ, ਜਿਉਂ ਈਸ਼ਰ ਸਿੰਘ ਜੀ ਰਾੜੇ ਵਾਲੇ।*
*ਬ੍ਰਹਮ ਵੇਤਾ ਤੇ ਆਤਮ ਦਰਸੀ.............................।*

*ਗੁਰਬਾਣੀ ਦੇ ਪੂਰਨ ਗਿਆਤਾ, ਖੋਜੀ ਵੱਡੇ ਅਪਾਰਾ।*
*ਬਾਣੀ ਵੇਦ ਵੇਦਾਂਤ ਵਿਚ, ਮੁੱਕੇ ਨਾਹਿ ਭੰਡਾਰਾ।*
*ਅਰਥ ਪ੍ਰਮਾਣ ਕਥਾ ਇਉਂ ਕਰਦੇ, ਜਿਉਂ ਗਿਆਨੀ ਸੰਤ ਅਖਾੜੇ ਵਾਲੇ।*
*ਬ੍ਰਹਮ ਵੇਤਾ ਤੇ ਆਤਮ ਦਰਸੀ,..............................।*

*ਤਰਕ ਵਿਤਰਕ ਦਾ ਕੱਟਣ ਕਰਦੇ, ਉਤਰ ਢਾਲ ਬਿਚਾਰੀ।*
*ਸੰਸੇ ਸ਼ਤਰੂ ਕੋ ਵਰਿਆਮੇ, ਵੱਡ ਜੋਧੇ ਬਲਕਾਰੀ।*
*ਅਹੰ ਬ੍ਰਹਮ ਅਸਮੀ ਧੌਂਸਾ ਵੱਜੇ, ਤਤ੍ਵੰ ਮਸੀ ਨਗਾੜੇ ਵਾਲੇ।*
*ਬ੍ਰਹਮ ਵੇਤਾ ਤੇ ਆਤਮ ਦਰਸੀ,..............................।*

*ਪ੍ਰੀਪੂਰਣ ਪ੍ਰਮਾਤਮ ਏਕੋ, ਵਿਆਪਕ ਸਰਬ ਸਮਾਯਾ।*
*ਭੇਖ ਸੰਪ੍ਰਦਾ ਜਾਤ ਵਰਣ ਸਭਿ, ਜਾਨਣ ਇਕੋ ਮਾਇਆ।*
*ਦ੍ਵੈਤ ਛਤਰੀ ਬੰਸ ਬਿਨਾਸੀ, ਪ੍ਰਸਰਾਮ ਕੁਹਾੜੇ ਵਾਲੇ।*
*ਬ੍ਰਹਮਬੇਤਾ ਤੇ ਆਤਮ ਦਰਸੀ...............................।*

*ਮਹਾਂ ਦਿਆਲੂ ਪਰਉਪਕਾਰੀ, ਗੁਰਚਰਣਾਂ ਦੇ ਨੇੜੇ।*
*ਗੁਰ ਅੰਮ੍ਰਿਤ ਦੀ ਦਾਤ ਬਖਸ਼ ਕੇ, ਚਾੜ੍ਹਣ ਸਤਿਗੁਰ ਬੇੜੇ।*
*ਭਲਾ ਸਰਬ ਦਾ ਸੋਚਣ ਵਾਲੇ, ਬ੍ਰਿਤੀ ਲੋਭ ਲਤਾੜੇ ਵਾਲੇ।*
*ਬ੍ਰਹਮਬੇਤਾ ਤੇ ਆਤਮ ਦਰਸੀ...........................।*

*ਸਿਮਰਨ ਭਜਨ ਬੰਦਗੀ ਵਾਲੇ, ਸੰਤ ਸਮਾਜ ਦੇ ਪ੍ਰੇਮੀ।*
*ਕਥਾ ਕੀਰਤਨ ਚਲੇ ਭੰਡਾਰਾ, ਗੁਰਬਾਣੀ ਦੇ ਨੇਮੀ।*
*ਪ੍ਰੇਮ ਦੇ ਭਿੱਜੇ ਬਚਨ ਬੋਲਦੇ, ਕਦੇ ਨਾ ਬੋਲਣ ਸਾੜੇ ਵਾਲੇ।*
*ਬ੍ਰਹਮਬੇਤਾ ਤੇ ਆਤਮ ਦਰਸੀ............................।*

*ਗੁਰਮਤਿ ਸਿਧਾਂਤ ਦਿਗ ਵਿਜੈ, ਸੰਤਨ ਜਸ ਫੈਲਾਇਆ।*
*ਦੂਰ ਦੂਰ ਤਕ ਦੇਸ ਵਿਦੇਸ਼ੀਂ, ਗੁਰ ਸੰਦੇਸ਼ ਪੁਚਾਇਆ।*
*ਦਾਸ ਕਲਿਆਣ ਲਾਭ ਉਹ ਲੈਂਦੇ, ਜੋ ਨਰ ਭਾਗ ਮਥਾੜੇ ਵਾਲੇ।*
*ਬ੍ਰਹਮਬੇਤਾ ਤੇ ਆਤਮ ਦਰਸੀ, ਵਰਿਆਮ ਸਿੰਘ ਰਤਵਾੜੇ ਵਾਲੇ।*
*ਬ੍ਰਹਮਬੇਤਾ ਤੇ ਆਤਮ ਦਰਸੀ, ਵਰਿਆਮ ਸਿੰਘ ਰਤਵਾੜੇ ਵਾਲੇ।*

ਮਹਾਂਪੁਰਸ਼ਾਂ ਦੀ ਉਪਮਾ ਕੋਈ ਅਤਿਕਥਨੀ ਨਹੀਂ ਹੈ।

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।*
*ਪੰਨਾ - 136*

ਜਿਸ ਸੱਚੇ ਮਾਰਗ ਤੇ ਬਾਬਾ ਜੀ ਚਲ ਰਹੇ ਹਨ, ਉਸ ਮਾਰਗ ਤੇ ਸੰਤ ਬਾਬਾ ਜੀ ਦੀ ਉਪਮਾ ਅਕੱਥ ਹੈ।

ਗੁਰਮਤਿ ਰਾਹੀਂ ਸਾਰੇ ਵਿਸ਼ਵ ਵਿਚ ਰੂਹਾਨੀਅਤ ਦਾ ਪ੍ਰਚਾਰ ਕਰਕੇ ਵਿਛੜੀਆਂ ਆਤਮਾਵਾਂ ਨੂੰ ਮੇਲਣ ਦੀ ਪਰਉਪਰਕਾਰੀ ਤੜਪ ਨੇ, ਸਰਬੱਤ ਦੇ ਭਲੇ ਦੀ ਤੀਬਰ ਇੱਛਾ ਨੇ, ਗੁਰੂ ਨਾਨਕ ਦੇਵ ਜੀ ਦੀ ਧ੍ਰਜ ਪਤਾਕਾ 'ਸਤਿਨਾਮ' ਦੇਸ ਵਿਦੇਸਾਂ ਵਿਚ ਫਹਿਰਾਵਨ ਲਈ, ਆਪਣੇ ਗੁਰੂ ਦੀ ਦਾਤ ਬਖਸ਼ਿਸ਼ ਬਦਲੇ ਸ਼ੁਕਰਾਨੇ ਵਜੋਂ ਗੁਰ ਕੀਰਤ ਫੈਲਾਉਣ ਦੇ ਚਾਉ ਨੇ, ਵੰਡ ਛਕਣ ਦੀ ਆਦਤ (ਸੁਭਾਵ) ਨਾਮ ਵੀ ਵੰਡ-ਛਕਾਉਣ ਲਈ, ਕੋਮਲ ਚਿਤ ਦਿਆਲੂ ਹੋਣ ਕਰਕੇ ਜਗਤ ਜਲੰਦਾ ਰੱਖਣ ਲਈ, ਸਾਧਕਾਂ ਦੇ ਪੱਥ ਪ੍ਰਦਰਸ਼ਕ ਲਈ, ਨਾਮ ਅਭਿਆਸ ਦੀ ਜੁਗਤੀ ਸਮਝਾਉਣ, ਬ੍ਰਿਤ ਇਕਾਗਰ ਕਰਕੇ ਸ੍ਵਾਸਾਂ ਦੇ ਸਿਮਰਨ ਦੀ ਵਿਧੀ ਦਸ ਗੁਰਸਿੱਖਾਂ ਦੇ ਅੰਮ੍ਰਿਤਪਾਨ ਨੂੰ ਸਫਲ ਬਣਾਉਣ ਲਈ, ਕਾਰ-ਵਿਹਾਰ ਕਰਦੇ ਹੋਏ ਘਰ-ਗ੍ਰਹਿਸਥੀ ਹੁੰਦੇ ਹੋਏ ਕਿਰਤੀ ਜੀਵਨ ਜਾਂਚ ਦੱਸਣ ਲਈ, ਦੁਖੀਆਂ ਦੇ ਦਰਦ ਨਿਵਾਰਨ ਲਈ, ਥੱਕੇ ਟੁਟਿਆਂ ਦੀ ਮਦਦ ਕਰਨ ਲਈ, ਮਨ ਅਤੇ ਤਨ ਦੇ ਰੋਗੀਆਂ ਦੇ ਇਲਾਜ ਲਈ, ਸਹੀ ਅਰਥਾਂ ਵਿਚ ਸਾਂਝੀਵਾਲਤਾ ਦਾ ਨਮੂਨਾ ਪੇਸ਼ ਕਰਨ ਲਈ, ਗੁਰੂ ਘਰ ਦੀ ਉਚੀ ਸੁੱਚੀ ਮਹਿਮਾ ਵਿਸਥਾਰਨ ਲਈ, ਨਾਮ ਰਸੀਏ ਬੰਦਗੀ ਜੀਵਨ ਆਦਰਸੀ ਆਤਮਦਰਸ਼ੀ

ਮਹਾਂਪੁਰਸ਼ ਸੰਤਾਂ, ਸਾਧੂਆਂ ਦਾ ਆਦਰ ਸਤਿਕਾਰ ਵਧਾਉਣ ਲਈ, ਨਾਮ ਨਾਲ ਬੀਤ ਰਾਗ ਸਿੱਖ ਸੰਤ ਮਹਾਂਪੁਰਸ਼ਾਂ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ, ਵਾਯੂ ਮੰਡਲ ਵਿਚ ਉਨ੍ਹਾਂ ਦੇ ਮਨੋਹਰ ਬਚਨ broadcast (ਪ੍ਰਸਾਰਣ) ਲਈ, ਪਖੰਡੀ ਸੰਤਾਂ ਕਾਰਣ ਸੰਤਾਂ ਤੋਂ ਟੁੱਟੀ ਸ਼ਰਧਾ ਪੂਰਨ ਸੰਤਾਂ ਦਾ ਮੇਲ ਕਰਾ ਕੇ ਸ਼ਰਧਾ ਕਾਇਮ ਕਰਾਉਣ ਲਈ; ਅਜੇ ਹੋਰ ਬੇਅੰਤ ਭਲੇ ਕਾਰਜਾਂ ਲਈ ਜੋ ਮੈਨੂੰ ਚੇਤੇ ਨਹੀਂ ਆਉਂਦੇ, ਸੰਤ ਬਾਬਾ ਵਰਿਆਮ ਸਿੰਘ ਜੀ ਨੂੰ 'ਗੁਰਮਤਿ ਰੂਹਾਨੀ ਮਿਸ਼ਨ ਟਰੱਸਟ' ਦੀ ਸਥਾਪਨਾ ਕਰਨੀ ਪਈ। ਸੰਤ ਬਾਬਾ ਜੀ ਨੇ ਇਹ ਇਕ ਮਹਾਨ ਉਤਮ ਖੇਚਲ ਭਰਿਆ ਉਦਮ ਧਾਰਿਆ ਹੈ। ਇਸ ਮਿਸ਼ਨ ਦੀ ਪ੍ਰਵਿਸ਼ਿ ਕਰਨ ਵਾਸਤੇ ਅਤੇ ਰੂਹਾਨੀ ਖੁਰਾਕ ਦੇਣ ਵਾਸਤੇ 'ਆਤਮ ਮਾਰਗ' ਮਾਸਿਕ ਪਤਰਿਕਾ ਦੀ ਸੰਪਾਦਨਾ ਕੀਤੀ। ਵਿਦ੍ਵਤਾ ਅਤੇ ਗੁਰਬਾਣੀ ਦੀ ਡੂੰਘੀ ਖੋਜ ਭਰੇ ਆਪਣੇ ਨਿਜੀ ਅਨੁਭਵਾਂ ਵਾਲੇ ਲੇਖ ਲਿਖ ਕੇ ਪ੍ਰਕਾਸ਼ ਦਿਤਾ। **'ਆਤਮ ਮਾਰਗ'** ਨੂੰ ਆਤਮ ਮਾਰਗ ਬਣਾਇਆ। ਮਹਾਂਪੁਰਸ਼ਾਂ ਤੇ ਗੁਰਮੁਖ ਪਿਆਰੇ ਗੁਰਸਿੱਖਾਂ ਦੇ ਲੇਖ ਪ੍ਰਕਾਸ਼ਿਤ ਕੀਤੇ। ਕਮਾਈ ਵਾਲੇ ਪੁਰਾਤਨ ਮਹਾਂਪੁਰਸ਼ਾਂ ਦੇ ਸੰਤ ਬਚਨ ਅਤੇ ਮੌਜੂਦਾ ਸੰਤਾਂ ਦੇ ਬਚਨ, ਟੇਪਾਂ ਦੇ ਤਰਜ਼ਮੇ ਸੰਮਿਲਤ ਕਰਕੇ ਆਤਮ ਮਾਰਗ ਨੂੰ ਸਪਸ਼ਟ ਆਤਮ ਮਾਰਗ ਦਰਸਾਇਆ। ਭਾਵੇਂ ਆਤਮ ਮਾਰਗ ਰਸਾਲੇ ਨੂੰ ਸੰਤ ਬਾਬਾ ਜੀ ਦੇ ਹੀ ਲੇਖ ਕਾਫੀ ਸਨ, ਕੋਈ ਕਮੀ ਬਾਕੀ ਨਹੀਂ ਰਹਿੰਦੀ, ਤਾਂ ਵੀ ਸੰਤ ਬਾਬਾ ਜੀ ਨੇ ਮਹਾਂਪੁਰਸ਼ਾਂ ਦੇ ਨਿਜੀ ਅਨੁਭਵੀ ਬਚਨ ਸੰਮਿਲਤ ਕਰਕੇ ਆਤਮ ਮਾਰਗ ਨੂੰ ਸਰਬ ਸਾਂਝਾ ਤੇ ਆਤਮ ਵਿਦਿਆ ਦਾ ਦਰਬਾਰ (ਕੌਂਸਲ) ਬਣਾ ਦਿਤਾ ਹੈ। ਇਹ ਸੰਤ ਬਾਬਾ ਜੀ ਦੀ ਬਹੁਤ ਵੱਡੀ ਉਦਾਰਤਾ ਹੈ ਅਤੇ ਨਿਮਾਣਤਾ ਤੇ ਏਕਤਾ ਦੀ ਮਿਸਾਲ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*

*ਪੰਨਾ - 846*

ਦੇ ਮਹਾਂਵਾਕ ਨੂੰ ਸਾਕਾਰ ਕਰ ਦਿਤਾ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਗੁਰਬਾਣੀ ਦਾ ਸੰਗ੍ਰਹਿ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਅਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਾਰਾਜ ਭਗਤਾਂ, ਫਕੀਰਾਂ, ਭੱਟਾਂ ਆਦਿ ਦੀ ਬਾਣੀ ਨਾ ਵੀ ਸੰਮਿਲਤ ਕਰਦੇ, ਤਾਂ ਵੀ ਕੁਝ ਅਧੂਰਾ ਨਾ ਰਹਿੰਦਾ, ਕੋਈ ਕਮੀ ਪ੍ਰਤੀਤ ਨਾ ਹੁੰਦੀ। ਪਹਿਲਾਂ ਵੀ ਬਹੁਤ ਗ੍ਰੰਥ ਹਨ ਜਿਨ੍ਹਾਂ ਦੀ ਰਚਨਾ ਇਕ-ਇਕ ਮਹਾਂਪੁਰਸ਼ ਨੇ ਕੀਤੀ ਹੈ, ਉਹ ਗ੍ਰੰਥ ਵੀ ਪੂਰਨਾਂਗ ਹਨ।

ਜਿਵੇਂ ਕਬੀਰ ਬਾਣੀ, ਗੀਤਾ, ਸ੍ਰੀ ਮਦ ਭਗਵਤ, ਅਧਿਆਤਮ ਰਾਮਾਇਣ, ਤੁਲਸੀ ਰਾਮਾਇਣ ਸ਼ਾਸ਼ਤਰਾਂ ਦੇ ਕਰਤੇ ਇਕ-ਇਕ ਮਹਾਂਪੁਰਸ਼ ਹਨ। ਪ੍ਰੰਤੂ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਚ ਭਗਤਾਂ ਤੇ ਮੁਸਲਮਾਨ ਫਕੀਰਾਂ, ਰਵਿਦਾਸ, ਰਾਮਾਨੰਦ ਗੁਸਾਈਂ ਆਦਿ ਦੀ ਬਾਣੀ ਪਾ ਕੇ, ਆਪਣੇ ਬਰਾਬਰ ਆਸਣ ਦਿਤਾ। ਜਦੋਂ ਨਿੰਦਕ ਡੂਮਾਂ ਦਾ ਮਨ ਸ਼ੁਧ ਹੋ ਗਿਆ ਤਾਂ ਉਨ੍ਹਾਂ ਨੂੰ ਵੀ ਆਪਣੇ ਬਰਾਬਰ ਆਸਣ ਤੇ ਬਿਠਾਇਆ। ਸਾਂਝੀਵਾਲਤਾ, ਅਦ੍ਵੈਤ ਏਕਤਾ, ਬ੍ਰਹਮ ਦੀਸੈ ਬ੍ਰਹਮ ਸੁਣੀਐ ਨੂੰ ਪ੍ਰਤੱਖ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ (ਦਰਬਾਰ ਸਾਹਿਬ) ਹਰ ਜਾਤ ਮਜ਼ਹਬ ਦਾ ਸਾਂਝਾ ਹਰ ਮਨੁੱਖ ਮਾਤਰ ਦਾ ਜਗਤ ਗੁਰੂ ਸਿੱਧ ਕੀਤਾ। ਹੋਰ ਗ੍ਰੰਥਾਂ ਵੇਦ ਸ਼ਾਸ਼ਤਰਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਵਿਸ਼ੇਸ਼ਤਾ ਹੈ। ਕੁਰਾਨ ਕੇਵਲ ਮੁਸਲਮਾਨਾਂ ਦਾ ਹੈ; ਵੇਦ ਸ਼ਾਸ਼ਤਰ ਮੁਸਲਮਾਨਾਂ ਦੇ ਨਹੀਂ, ਹਿੰਦੂਆਂ ਦੇ ਹਨ। ਬੋਧ ਗ੍ਰੰਥ ਬੋਧੀਆਂ ਦੇ ਅਤੇ ਮਹਾਂਵੀਰ ਦੇ ਗ੍ਰੰਥ ਜੈਨੀਆਂ ਦੇ ਹਨ। ਅੰਜੀਲ, ਬਾਈਬਲ ਈਸਾਈਆਂ ਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਹੋਣ ਦੇ ਨਾਲ-ਨਾਲ ਸਭ ਦਾ ਹੈ। ਇਹ ਇਕ ਸਾਂਝਾ ਦਰਬਾਰ ਸਾਹਿਬ ਹੈ।

ਸੰਤ ਬਾਬਾ ਵਰਿਆਮ ਸਿੰਘ ਜੀ ਨੇ ਆਪਣੇ ਲੇਖਾਂ ਪ੍ਰਵਚਨਾਂ ਦੀਆਂ ਟੇਪ ਕਾਪੀਆਂ ਦੇ ਨਾਲ-ਨਾਲ ਆਤਮ ਮਾਰਗ ਵਿਚ ਅਨਯ ਮਹਾਂਪੁਰਸ਼ਾਂ ਜਿਵੇਂ ਸਵਾਮੀ ਰਾਮ ਜੀ, ਸਵਾਮੀ ਵੇਦ ਭਾਰਤੀ ਜੀ ਦੇ ਅਨੁਭਵੀ ਬਚਨ ਦੇ ਕੇ ਇਸ ਰਸਾਲੇ ਨੂੰ ਸਰਬ ਸਾਂਝਾ ਅਤੇ ਦਰਬਾਰ ਬਣਾ ਦਿਤਾ ਹੈ।

*ਧਾਰਨਾ - ਮੇਰੇ ਗੁਰਾਂ ਨੇ ਜਹਾਜ਼ ਬਣਾਇਆ,*
*ਆਓ ਜਿਹਨੇ ਪਾਰ ਲੰਘਣਾ।*

ਮੈਂ ਜ਼ਿੰਦਗੀ ਵਿਚ ਕਿਸੇ ਰਸਾਲੇ ਵਿਚ ਕੋਈ ਲੇਖ ਨਹੀਂ ਦਿਤਾ। ਇਹ ਪਹਿਲਾ ਲੇਖ ਹੈ ਜੋ ਸੰਤ ਬਾਬਾ ਜੀ ਦੀ ਸ਼ਖਸ਼ੀਅਤ, ਪੁਰਸ਼ਾਰਥ ਅਤੇ ਨਿਰਮਲ ਆਤਮਾ ਤੋਂ ਪ੍ਰਭਾਵਿਤ ਹੋ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਨੋਟ – ਆਤਮ ਮਾਰਗ ਦਾ ਐਡੀਟੋਰੀਅਲ ਬੋਰਡ ਸੰਤ ਕਲਿਆਣ ਦਾਸ ਜੀ ਦੇ ਪਰਖ ਭਰੇ ਬਚਨਾਂ ਲਈ ਧੰਨਵਾਦੀ ਹੈ ਕਿਉਂਕਿ ਅਸੀਂ ਨੇੜੇ ਰਹਿੰਦੇ ਹੋਏ ਭੀ ਅਗਿਆਤ ਵਿਚ ਹੀ ਸਾਂ। *(ਐਡੀਟਰ)*

✡ ✡ ✡ ✡ ✡ ✡ ✡ ✡ ✡

## *ਮੰਦਾ ਕਿਸੇ ਨ ਆਖ ਪਿਆਰੇ*

*ਤੇਜਿੰਦਰਬੀਰ ਸਿੰਘ ਸਾਜਿਦ*

*ਮੰਦਾ ਕਿਸੇ ਨਾ ਆਖ ਪਿਆਰੇ ਸਭ ਵਿਚ ਉਸਦਾ ਨੂਰ।*
*ਕਰਮੀਂ ਆਪੋ ਆਪਣੀ ਕੋਈ ਨੇੜੇ ਕੋਈ ਦੂਰ।*
*ਹਰਿ ਦਾ ਸਿਮਰਨ ਹੈ ਸਭ ਤੋਂ ਉਚਾ ਕਰਨਾ ਸਦ ਬਿਉਹਾਰ,*
*ਸੱਚ ਦੇ ਮਾਰਗ ਤੇ ਚਲ ਕੇ ਹੀ ਉਸਤਤਿ ਮਿਲੇ ਹਜ਼ੂਰ।*

*ਮੰਦਾ ਨ ਕਿਸੇ ਨੂੰ ਕਹਿ ਹਰ ਕੋਈ ਉਸਦਾ ਬੰਦਾ ਹੈ।*
*ਹੁੰਦਾ ਹੈ ਉਹੀ ਕੁਝ ਜੋ ਉਸ ਨੂੰ ਮਨਜ਼ੂਰ ਹੁੰਦਾ ਹੈ।*
*ਸਿਮਰ ਸਿਮਰ ਪ੍ਰਭ ਆਪਣਾ ਨੇਕ ਅਮਲ ਤੂੰ ਕਰਦਾ ਜਾ,*
*ਮੰਦੇ ਕੰਮੀਂ ਸਾਜਿਦਾ ਜਦ ਕਦ ਹੁੰਦਾ ਮੰਦਾ ਹੈ।*

*ਕਿਸ ਨੂੰ ਮੰਦਾ ਆਖਦੇ ਹੋ ਸਭਨਾਂ ਵਿਚ ਉਹ ਸਾਹਿਬ ਮੇਰਾ।*
*ਓਸਨੇ ਬਣਤ ਬਣਾਈ ਹੈ ਕਿਧਰੇ ਚਾਨਣ ਕਿਧਰੇ ਹਨੇਰਾ।*
*ਨਾਮ ਜਪੋ ਕਿਰਤ ਕਰੋ ਵੰਡ ਛਕੋ ਤਿੰਨ ਅਸੂਲ ਸੁਨਹਿਰੀ,*
*ਸਾਜਿਦਾ ਇਸ ਰਾਹ ਤੇ ਚਲਦਿਆਂ ਲੰਘੇ ਹਰ ਸ਼ਾਮ ਸਵੇਰਾ।*

*ਮੰਦਾ ਕਿਸਨੂੰ ਆਖਦੇ ਹੋ ਆਪਣੇ ਅੰਦਰ ਝਾਤੀ ਮਾਰੋ।*
*ਅਸੀਂ ਕਿੰਨੇ ਕੁ ਚੰਗੇ ਹਾਂ ਜ਼ਰਾ ਗਹੁ ਨਾਲ ਬੈਠ ਵਿਚਾਰੋ।*
*ਸਤਿਗੁਰ ਮੇਰਾ ਰਖਵਾਲਾ ਉਹ ਸਾਜਿਦ ਪ੍ਰੀਤਮ ਪਿਆਰਾ ਹੈ,*
*ਉਹਦੀ ਸਿਫਤਿ ਸਲਾਹ ਦੇ ਵਿਚ ਆਪਣਾ ਹਲਤ ਪਲਤ ਸਵਾਰੋ।*

# ਕੇਸ ਪਰਸੰਗ
## (ਕੇਸ ਵਿਸ਼ੇਸ਼ ਸਭਨ ਤੇ ਜਾਨੋ)

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 36)*

ਪੱਛਮੀ ਦੇਸ਼ਾਂ ਦੇ ਡਾਕਟਰਾਂ ਅਤੇ ਸਾਇੰਸਦਾਨਾਂ ਨੇ ਹੁਣੇ-ਹੁਣੇ ਕਈ ਡੂੰਘੀਆਂ ਘੋਖਾਂ ਮਗਰੋਂ ਕੇਸਾਂ ਬਾਰੇ ਬੜੇ ਮਹਤਵਪੂਰਨ ਨਿਰਣੇ ਪੇਸ਼ ਕੀਤੇ ਹਨ ਜਿਹਨਾਂ ਦੀ ਨਿਮਨ ਦਰਜ ਸੰਖੇਪ ਜਿਹੀ ਵਾਕਫੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੇਸ ਅਤੇ ਸਰੀਰ ਦੇ ਹੋਰ ਵਾਲ ਮਨੁੱਖ ਲਈ ਕਿਤਨੀ ਭਰਵੀਂ ਤੇ ਵੱਡਮੁਲੀ ਸੇਵਾ ਕਰ ਰਹੇ ਹਨ। ਇਕ ਲਿਬਾਰਟਰੀ ਅਨੁਮਾਨ ਅਨੁਸਾਰ ਪੰਜਾਹ ਗਰਾਮ ਮਨੁੱਖੀ ਵਾਲ ਕੱਟਣ ਨਾਲ ਅਸੀਂ ਇਕ ਗਰਾਮ ਟਰੇਸ ਧਾਤਾਂ ਜ਼ਾਇਆ ਕਰ ਦੇਂਦੇ ਹਾਂ ਜਿਹਨਾਂ ਵਿਚ ਸ਼ੱਕਰ ਦੀ ਭੈੜੀ ਬਿਮਾਰੀ ਨੂੰ ਠਲ੍ਹ ਪਾਉਣ ਅਤੇ ਗੰਭੀਰ ਤੋਂ ਗੰਭੀਰ ਅੱਗ ਦੇ ਸਾੜ ਨੂੰ ਖਤਮ ਕਰਨ ਲਈ ਪੂਰੀ-ਪੂਰੀ ਸਮਰਥਾ ਹੁੰਦੀ ਹੈ। ਜਿਹੜੇ ਸੱਜਣ ਕੇਸ ਕਟਵਾਂਦੇ ਹਨ ਉਹ ਬਿਨਾਂ ਕਿਸੇ ਕਾਰਨ ਹੀ ਇਹਨਾਂ ਕੀਮਤੀ ਤੇ ਬਹੁਮੁਲੀਆਂ ਧਾਤਾਂ ਨੂੰ ਹੋਰ ਕੇਸ ਉਗਾਉਣ ਵਿਚ ਵਰਤਣ ਕਾਰਨ ਬਰਬਾਦ ਕਰ ਕੇ ਆਪਣੇ ਆਪ ਨੂੰ ਕਈ ਬਿਮਾਰੀਆਂ ਦੇ ਟਾਕਰੇ ਲਈ ਕਮਜ਼ੋਰ ਬਣਾ ਰਹੇ ਹੁੰਦੇ ਹਨ। ਇਕ ਭਾਰਤੀ ਵਿਗਿਆਨੀ ਡਾ. ਏ. ਐਸ. ਪਰਾਸ਼ਰ ਅਨੁਸਾਰ ਗਰਮੀਆਂ ਵਿਚ ਕੇਸਾਂ ਦੀ ਬਦੌਲਤ ਸਰੀਰ ਵਿਚ ਉਸ ਜਿਸਤ (ਜ਼ਿੰਕ) ਵੈਲਿਊ (value) ਵਿਚ ਵਾਧਾ ਹੁੰਦਾ ਹੈ ਜਿਸ ਨਾਲ ਉਂਗਲਾਂ ਦਾ ਇਨਫੈਕਸ਼ਨ ਤੇ ਸੇਬਓਰਗੀਆ ਜੈਸੀਆਂ ਬਿਮਾਰੀਆਂ ਤੋਂ ਕਾਫੀ ਰਾਹਤ ਮਿਲਦੀ ਹੈ। ਡਾ.ਆਰ.ਓ. ਫਿਲ ਇਹ ਮੰਨਦੇ ਹਨ ਕਿ ਕੇਸ, ਟਰੇਸ ਧਾਤਾਂ ਦੇ ਸਬੰਧ ਵਿਚ ਇਕ ਕੁਦਰਤੀ ਬੈਂਕ ਦਾ ਕੰਮ ਕਰਦੇ ਹਨ, ਇਸ ਲਈ ਇਨ੍ਹਾਂ ਦੀ ਇਸ ਦੁਰਲੱਭ ਸੇਵਾ ਕਾਰਨ ਹੀ ਇਨ੍ਹਾਂ ਨੂੰ ਸੰਭਾਲ ਕੇ ਰੱਖਣਾ ਮਨੁੱਖ ਮਾਤਰ ਦੇ ਹਿਤ ਦੀ ਗੱਲ ਹੈ। ਟਰੇਸ ਧਾਤਾਂ ਦੀ ਦੱਸੀ ਗਈ ਉਕਤ ਮਹੱਤਤਾ ਤੋਂ ਇਲਾਵਾ ਵੀ ਇਹ ਸਾਬਤ ਹੋ ਚੁਕਾ ਹੈ ਕਿ ਇਨ੍ਹਾਂ ਧਾਤਾਂ ਦੀ ਕਮੀ ਨਾਲ ਜਿਥੇ ਉਪਰੋਕਤ ਬਿਮਾਰੀਆਂ ਸਰੀਰ ਨੂੰ ਚੰਬੜਦੀਆਂ ਰਹਿੰਦੀਆਂ ਹਨ, ਉਥੇ ਬੱਚਿਆਂ ਨੂੰ ਪੂਰੀ-ਪੂਰੀ ਭੁੱਖ ਨਹੀਂ ਲਗਦੀ ਅਤੇ ਉਨ੍ਹਾਂ ਦੇ ਸਵਾਦ ਦੀ ਸ਼ਕਤੀ ਵਿਚ ਵੀ ਵਿਘਨ ਪੈ ਜਾਂਦਾ ਹੈ ਜਿਸ ਕਰਕੇ ਉਹ ਪੂਰੀ ਨਸ਼ੋਨੁਮਾ (ਪ੍ਰਵਰਸ਼) ਨਹੀਂ ਪਾ ਸਕਦੇ ਅਤੇ ਉਨ੍ਹਾਂ ਦੇ ਕਦ ਵੀ ਛੋਟੇ ਰਹਿ ਜਾਂਦੇ ਹਨ। ਇਸ ਲਈ ਬੱਚੇ ਨੂੰ ਲੰਮ-ਸਲੰਮਾ ਤੇ ਰਿਸ਼ਟ-ਪੁਸ਼ਟ ਮਨੁੱਖ ਬਣਨ ਲਈ ਵੀ ਵਾਲ ਉਸ ਲਈ ਵੱਡੇ ਮਦਦਗਾਰ ਸਾਬਤ ਹੁੰਦੇ ਹਨ। (ਬੌਣੇ ਮਨੁੱਖ ਵਿਚ ਜਿਸਤ ਦੀ ਘਾਟ ਹੁੰਦੀ ਹੈ ਜਿਹੜੀ ਵਾਲਾਂ ਰਾਹੀਂ ਸਰੀਰ ਵਿਚ ਪ੍ਰਾਪਤ ਹੁੰਦੀ ਹੈ।)

ਇਸ ਬਾਰੇ ਕਾਫੀ ਲੰਮੀ ਖੋਜ ਹੋਈ ਹੈ। ਇਨ੍ਹਾਂ ਟਰੇਸ ਧਾਤਾਂ ਦੀ ਕਾਫੀ ਮਿਕਦਾਰ ਔਰਤ ਦੇ ਸਰੀਰ ਵਿਚ ਹੋਣ ਕਰਕੇ ਪੈਦਾ ਹੋਣ ਵਾਲੇ ਬੱਚੇ ਦੇ ਸਰੀਰ ਦੀ ਬਣਤਰ ਉਤੇ ਵੀ ਸੁਖਾਵਾਂ ਅਸਰ ਪੈਂਦਾ ਹੈ ਅਤੇ ਕੁਦਰਤ ਨੇ ਵਾਲਾਂ ਵਿਚ ਇਹ ਖੂਬੀ ਭਰੀ ਹੈ ਕਿ ਉਹ ਅਜਿਹੀਆਂ ਦੁਰਲਭ ਧਾਤਾਂ ਨੂੰ ਸਰੀਰ ਵਿਚ ਇਕੱਠਾ ਕਰ ਦੇਂਦੇ ਹਨ ਤਾਂ ਜੋ ਲੋੜ ਵੇਲੇ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਕਿਉਂਕਿ ਔਰਤਾਂ ਨੇ ਸੰਤਾਨ ਪੈਦਾ ਕਰਨੀ ਹੁੰਦੀ ਹੈ, ਇਸ ਲਈ ਅਕਾਲਪੁਰਖ ਨੇ ਉਨ੍ਹਾਂ ਦੇ ਵਾਲਾਂ ਨੂੰ ਇਨ੍ਹਾਂ ਧਾਤਾਂ ਦੀ ਪ੍ਰਾਪਤੀ ਤੇ ਸੰਭਾਲ ਲਈ, ਮਰਦਾਂ ਦੇ ਵਾਲਾਂ ਨਾਲੋਂ ਵਧੇਰੇ ਤਾਕਤਵਰ, ਸੰਘਣਾ ਤੇ ਲੰਮਾ ਬਣਾਇਆ ਹੈ। ਇਹ ਵੀ ਦੇਖਿਆ ਗਿਆ ਹੈ ਕਿ ਗਰਭਵਤੀ ਔਰਤਾਂ ਦੇ ਕੇਸ ਭਾਰੇ ਹੋ ਜਾਂਦੇ ਹਨ, ਸ਼ਾਇਦ ਇਸ ਲਈ ਕਿ ਉਹ ਉਨ੍ਹਾਂ ਦੀ ਬੱਚਾ ਪੈਦਾ ਕਰਨ ਲਈ ਵੱਧ ਧਾਤਾਂ ਦੀ ਲੋੜ ਨੂੰ ਪੂਰਾ ਕਰਨ ਵਿਚ ਸਹਾਈ ਹੋ ਸਕਣ। ਦੇਖੋ ਕੁਦਰਤ ਸਾਡਾ ਕਿਤਨਾ ਖਿਆਲ ਰੱਖਦੀ ਹੈ ਅਤੇ ਅਸੀਂ ਹਾਂ ਕਿ ਸਮਝਦੇ ਹੀ ਨਹੀਂ। ਲਗਦਾ ਹੈ, ਮੱਛੀ ਪੱਥਰ ਚੱਟ ਕੇ ਹੀ ਮੁੜੇਗੀ।

**ਕੇਸਾਂ ਦਾ ਦੰਦਾਂ ਅਤੇ ਉਮਰ ਨਾਲ ਸਬੰਧ**

ਇਕ ਵਿਗਿਆਨੀ ਰੇਨੋਲਡ ਨੇ ਆਪਣੀ ਪੁਸਤਕ 'ਦਾਹੜੀਆਂ' ਵਿਚ ਕੇਸਾਂ, ਦਾਹੜੀਆਂ ਤੇ ਮੁੱਛਾਂ ਬਾਰੇ ਕਈ ਪੱਖਾਂ ਤੋਂ ਬਹੁਤਾ ਸੁਹਣਾ ਚਾਨਣਾ ਪਾਇਆ ਹੈ। ਉਸ ਦੇ ਕਥਨ ਅਨੁਸਾਰ ਇਨ੍ਹਾਂ ਨੂੰ ਰੱਖਣਾ ਖੁਸ਼ਕਿਸਮਤੀ ਦੀ ਗੱਲ ਹੈ। ਰੇਨੋਲਡ ਦੇ ਕਥਨ ਅਨੁਸਾਰ ਲੋਕਾਂ ਦੇ ਦੰਦ ਜਲਦੀ ਗਿਰ ਜਾਂਦੇ ਹਨ ਜਿਹੜੇ ਕੇਸ ਨਹੀਂ ਰੱਖਦੇ। ਇਥੇ ਹੀ ਬੱਸ ਨਹੀਂ, ਡਾ. ਚੰਦਾ ਸਿੰਘ ਦੀ ਖੋਜ ਅਨੁਸਾਰ ਕੇਸਾਂ ਦਾ ਪ੍ਰਭਾਵ ਦੰਦਾਂ ਦੇ ਨਾਲ ਨਾਲ ਕੱਦ ਕਾਠ ਅਤੇ ਛਾਤੀ ਦੇ ਚੌੜੇ ਹੋਣ ਤੇ ਵੀ ਪੈਂਦਾ ਹੈ। ਡਾ. ਸਿੰਘ ਨੇ ਮਾਹਿਰ ਡਾਕਟਰਾਂ ਦੀ ਟੋਲੀ ਨਾਲ ਕੋਟਕਪੂਰੇ ਦੇ ਦੋ ਹਾਈ ਸਕੂਲਾਂ ਦੇ 900 ਮੁੰਡਿਆਂ ਦੀ ਡਾਕਟਰੀ ਕਰਨ ਪਿਛੋਂ ਜੋ ਨਤੀਜੇ ਕੱਢੇ ਹਨ, ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਉਨ੍ਹਾਂ ਦਾ ਸੰਖੇਪ ਜਿਹਾ ਹਵਾਲਾ ਨਿਮਨ ਅਨੁਸਾਰ ਹੈ -

**ਦੰਦਾਂ ਦਾ ਘੁਣਾਧਾ**

ਇਹ ਬਿਮਾਰੀ ਗੈਰ-ਕੇਸਧਾਰੀ ਮੁੰਡਿਆਂ ਵਿਚ 12.8% ਤੇ ਕੇਸਧਾਰੀ ਮੁੰਡਿਆਂ ਵਿਚ 5.21% ਨਿਕਲੀ ਹੈ। ਇਸੇ ਤਰ੍ਹਾਂ ਇਕੋ ਉਮਰ ਦੇ ਗੈਰ-ਕੇਸਧਾਰੀ ਬੱਚਿਆਂ ਦਾ ਕਦ ਚਾਰ ਫੁੱਟ ਸਵਾ ਗਿਆਰਾਂ ਇੰਚ (4'-11-1/4") ਨਿਕਲਿਆ ਜਦ ਕਿ ਕੇਸਧਾਰੀ ਬੱਚਿਆਂ ਦਾ ਕਦ ਗੈਰ-ਕੇਸਧਾਰੀਆਂ ਦੇ ਮੁਕਾਬਲੇ ਵਿਚ 5 ਫੁਟ, 2.3 ਇੰਚ ਸੀ। ਸ਼ਾਇਦ ਇਸ ਪਰਮਾਣ ਦੇ ਆਧਾਰ ਤੇ ਹੀ ਇਹ ਕਿਹਾ ਜਾਂਦਾ ਹੈ ਕਿ ਜਦ ਸਾਰੇ ਭਾਰਤੀ ਕੇਸਾਧਾਰੀ ਸਨ ਤਾਂ ਉਨ੍ਹਾਂ ਦੇ ਕਦ ਸਤ ਫੁਟ ਤਕ ਆਮ ਹੁੰਦੇ ਸਨ ਪਰ ਕੇਸ ਹੀਨ ਹੋ ਜਾਣ ਕਰਕੇ ਅਜ ਉਹ 6 ਫੁਟ ਤੋਂ ਵੀ ਛੋਟੇ ਕਦ ਦੇ ਰਹਿ ਗਏ ਹਨ। ਜੇ ਕੇਸਾਂ ਦਾ ਸਬੰਧ ਕਦ ਨਾਲ ਹੈ ਤਾਂ ਇਨ੍ਹਾਂ ਦਾ ਸਬੰਧ ਮਨੁੱਖੀ ਉਮਰ ਨਾਲ ਵੀ ਸਾਬਤ ਕੀਤਾ ਜਾ ਚੁੱਕਾ ਹੈ।

ਰੇਨੋਲਡ ਅਨੁਸਾਰ ਕੇਸਾਧਾਰੀਆਂ ਦੀਆਂ ਉਮਰਾਂ ਕੇਸ-ਹੀਣ ਵਿਅਕਤੀਆਂ ਨਾਲੋਂ ਆਮ ਕਰਕੇ ਵਧੇਰੇ ਹੁੰਦੀਆਂ ਹਨ। ਇਹ ਗੱਲ ਵੀ ਉਸ ਨੇ ਤਥਾਂ ਦੀ ਮਦਦ ਨਾਲ ਸਾਬਤ ਕੀਤੀ ਹੈ। ਅਮਰੀਕਾ ਦੀਆਂ ਬੀਮਾ ਕੰਪਨੀਆਂ ਹੁਣ ਇਨ੍ਹਾਂ ਤੱਥਾਂ ਦੀ ਪੁਸ਼ਟੀ ਉਪਰੰਤ ਆਪਣੇ ਵਿਹਾਰ ਵਿਚ ਇਸ ਨੁਕਤੇ ਨੂੰ ਮਹੱਤਤਾ ਦੇਣ ਲਈ ਵਿਚਾਰ ਕਰਨ ਲਗ ਪਈਆਂ ਹਨ। ਉਕਤ ਸਾਰੀਆਂ ਗੱਲਾਂ ਅਥਿਕਥਨੀ ਤੇ ਅਧਾਰਿਤ ਨਹੀਂ ਸਗੋਂ ਇਨ੍ਹਾਂ ਦੇ ਪ੍ਰਮਾਣ ਵਿਚ ਹੁਣ ਬੇਸ਼ੁਮਾਰ ਸਾਹਿਤ ਉਪਲਬਧ ਹੈ ਜਿਹੜਾ ਕਸਵੱਟੀ ਵਜੋਂ ਆਧਾਰ ਮੰਨਿਆ ਜਾਂਦਾ ਹੈ। ਇਸ ਲਈ ਕਦ ਬੁਤ ਸਡੌਲ ਤੇ ਲੰਮਾ ਬਣਾਉਣ ਵਾਲੇ ਮੁੰਡੇ ਕੁੜੀਆਂ ਹੋਰ ਸਭ ਗੱਲਾਂ ਇਕ ਪਾਸੇ ਰੱਖ ਕੇ ਇਸ ਨੁਕਤੇ ਨੂੰ ਧਿਆਨ ਵਿਚ ਰਖਦੇ ਹੋਏ ਕੇਸਾਂ ਨੂੰ ਕਟਵਾਣਾ ਬੰਦ ਕਰਨ, ਇਸੇ ਵਿਚ ਉਨ੍ਹਾਂ ਦਾ ਬਹੁ ਪਰਕਾਰੀ ਭਲਾ ਹੈ ਕਿਉਂਕਿ ਕੇਸ ਉਨ੍ਹਾਂ ਦੇ ਸਰੀਰਾਂ ਦੇ ਉਵੇਂ ਹੀ ਮਦਦਗਾਰ ਹਨ ਜਿਵੇਂ ਹੀ ਉਨ੍ਹਾਂ ਦੇ ਆਪਣੇ ਮਾਪੇ।

'ਚਲਦਾ'

*(ਸਰੂਪ ਸਿੰਘ ਅਲੱਗ ਰਚਿਤ ਪੁਸਤਕ 'ਕੇਸ ਪ੍ਰਸੰਗ' ਵਿਚੋਂ ਧੰਨਵਾਦ ਸਹਿਤ)*

# ਸੰਤ ਬਚਨ

ਸੰਤ ਵਰਿਆਮ ਸਿੰਘ ਜੀ
ਮੁਖੀ ਤੇ ਬਾਨੀ ਵਿ. ਗੁ. ਰੂ. ਮਿਸ਼ਨ।

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-50)

1961 ਵਿਚ ਚੰਡੀਗੜ੍ਹ ਦੀਵਾਨ ਲਗੇ ਉਨ੍ਹਾਂ ਵਿਚ ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ) ਦੇ ਅਗਾਧ ਬੋਧ ਬਚਨ ਸੁਣਨ ਵਾਸਤੇ ਕੁਰਸੀ ਸਮੇਂ ਬਹੁਤ ਇਕੱਠ ਹੋ ਜਾਇਆ ਕਰਦਾ ਸੀ। ਸੰਤ ਮਹਾਰਾਜ ਇਕ ਘੰਟਾ ਉਤਮ ਜਗਿਆਸੂਆਂ ਦੇ ਭਲੇ ਲਈ ਆਪਣਾ ਅਤਿ ਕੀਮਤੀ ਸਮਾਂ ਦਿਆ ਕਰਦੇ ਸਨ ਅਤੇ ਕੁਰਸੀ ਉਤੇ ਬਿਰਾਜਮਾਨ ਹੋ ਕੇ ਜਗਿਆਸੂਆਂ ਦੇ ਵਿਚ ਬੈਠ ਕੇ ਉਨ੍ਹਾਂ ਨੂੰ ਅਧਿਆਤਮਕ ਬਚਨ ਸੁਣਾਇਆ ਕਰਦੇ ਸਨ। ਸਰੋਤਿਆਂ ਵਿਚ ਹਿੰਦੂ ਵੀਰ, ਰਾਧਾ ਸੁਆਮੀ ਵੀਰ, ਅਨੇਕਾਂ ਹੀ ਮਹਾਤਮਾਵਾਂ ਦੇ ਅਧਿਆਤਮਕ ਮਾਰਗ ਦੇ ਰਾਹ ਚਲਣ ਵਾਲੇ ਪ੍ਰੇਮੀ ਇਕੱਠੇ ਹੋ ਜਾਇਆ ਕਰਦੇ ਸਨ। ਸਾਰਿਆਂ ਦਾ ਇਹ ਵਿਸ਼ਵਾਸ਼ ਸੀ ਕਿ –

*ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ॥*
*ਏਹੁ ਨਿਧਾਨਾ ਸਾਧੂ ਪਾਹਿ॥* ਪੰਨਾ - 888

ਇਸ ਵਿਸ਼ਵਾਸ਼ ਅਧੀਨ ਰੂਹਾਨੀ ਮੰਜ਼ਲਾਂ ਦੇ ਭਉਰੇ ਇਕੱਠੇ ਹੋ ਜਾਇਆ ਕਰਦੇ ਸਨ। ਉਨ੍ਹਾਂ ਦੇ ਮਨ ਵਿਚ ਇਹ ਭਾਵਨਾ ਹੁੰਦੀ ਸੀ –

*ਨਾਨਕ ਗੁਰੁ ਗੋਵਿਦੁ ਜਿਸੁ ਤੂਠਾ॥*
*ਘਟਿ ਘਟਿ ਰਮਈਆ ਤਿਨ ਹੀ ਡੀਠਾ॥* ਪੰਨਾ - 888

ਕੱਲ੍ਹ ਵਾਲੇ ਬਚਨ (ਅਕਤੂਬਰ ਵਿਚ ਦਰਜ) ਸੁਣ ਕੇ ਬਹੁਤ ਸਾਰੇ ਪ੍ਰੇਮੀਆਂ ਨੇ ਆਪਣੀਆਂ ਨੋਟ ਬੁਕਾਂ ਵਿਚ ਦਰਜ ਕਰ ਲਏ ਸਨ ਅਤੇ ਆਪਸ ਵਿਚ ਅਨਹਦ ਸ਼ਬਦਾਂ ਬਾਰੇ ਕੱਲ੍ਹ ਦੇ ਪ੍ਰਵਚਨਾਂ ਦੇ ਵਿਚ ਦੱਸੇ ਪ੍ਰਕਾਸ਼ਾਂ ਬਾਰੇ ਪ੍ਰਸਪਰ ਵਿਚਾਰ ਕਰ ਰਹੇ ਸਨ ਅਤੇ ਉਚੀਆਂ ਸੁਰਤਾਂ ਵਿਚ ਆਪਣੀਆਂ ਬਿਰਤੀਆਂ ਨੂੰ ਰੱਖ ਰਹੇ ਸਨ ਤਾਂ ਇਕ ਪ੍ਰੇਮੀ ਨੇ ਗੁਰੂ ਮਹਾਰਾਜ ਦੀ ਬਾਣੀ ਵਲ ਧਿਆਨ ਦਿਵਾਇਆ ਕਿ ਸਚਖੰਡ ਦੀ ਅਵਸਥਾ ਜੋ ਮਹਾਂਪੁਰਸ਼ਾਂ ਨੇ ਕੱਲ੍ਹ ਦੱਸੀ ਸੀ ਉਸਦੇ ਬਾਰੇ ਗੁਰੂ ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ-

*ਪੰਚ ਸਬਦ ਤਹ ਪੂਰਨ ਨਾਦ॥*
*ਅਨਹਦ ਬਾਜੇ ਅਚਰਜ ਬਿਸਮਾਦ॥*
*ਕੇਲ ਕਰਹਿ ਸੰਤ ਹਰਿ ਲੋਗ॥*
*ਪਾਰਬ੍ਰਹਮ ਪੂਰਨ ਨਿਰਜੋਗ॥*
*ਸੂਖ ਸਹਜ ਆਨੰਦ ਭਵਨ॥*
*ਸਾਧਸੰਗਿ ਬੈਸਿ ਗੁਣ ਗਾਵਹਿ*
*ਤਹ ਰੋਗ ਸੋਗ ਨਹੀ ਜਨਮ ਮਰਨ॥*
*ਊਹਾ ਸਿਮਰਹਿ ਕੇਵਲ ਨਾਮੁ॥*
*ਬਿਰਲੇ ਪਾਵਹਿ ਓਹੁ ਬਿਸ੍ਰਾਮੁ॥*
*ਭੋਜਨੁ ਭਾਉ ਕੀਰਤਨ ਆਧਾਰੁ॥*
*ਨਿਹਚਲ ਆਸਨੁ ਬੇਸੁਮਾਰੁ॥*
*ਡਿਗਿ ਨ ਡੋਲੈ ਕਤਹੂ ਨ ਧਾਵੈ॥*
*ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥*
*ਭ੍ਰਮ ਭੈ ਮੋਹ ਨ ਮਾਇਆ ਜਾਲ॥*
*ਸੁੰਨ ਸਮਾਧਿ ਪ੍ਰਭੂ ਕਿਰਪਾਲ॥*
*ਤਾ ਕਾ ਅੰਤੁ ਨ ਪਾਰਾਵਾਰੁ॥*
*ਆਪੇ ਗੁਪਤੁ ਆਪੇ ਪਾਸਾਰੁ॥*
*ਜਾ ਕੈ ਅੰਤਰਿ ਹਰਿ ਹਰਿ ਸੁਆਦੁ॥*
*ਕਹਨੁ ਨ ਜਾਈ ਨਾਨਕ ਬਿਸਮਾਦੁ॥* ਪੰਨਾ - 888-89

ਉਪਰੋਕਤ ਮਹਾਂਵਾਕਾਂ ਦੀ ਵਿਚਾਰ ਆਪਸ ਵਿਚ ਬੈਠੇ ਕਰ ਰਹੇ ਸਨ ਅਤੇ ਮਹਾਂਪੁਰਸ਼ਾਂ ਦੇ ਅਨੁਭਵ ਚੋਂ ਨਿਕਲੇ ਬਚਨਾਂ ਬਾਰੇ ਬਹੁਤ ਹੀ ਪ੍ਰਸੰਸਾ ਕਰਦੇ ਆਪਣੀ ਭਾਵਨਾ ਪ੍ਰਗਟ ਕਰਦੇ ਕਹਿ ਰਹੇ ਸਨ।

*ਸੰਤਹ ਚਰਣ ਧੋਇ ਧੋਇ ਪੀਵਾ॥*
*ਸੰਤਹ ਦਰਸੁ ਪੇਖਿ ਪੇਖਿ ਜੀਵਾ॥*
*ਸੰਤਹ ਕੀ ਮੇਰੈ ਮਨਿ ਆਸ॥*
*ਸੰਤ ਹਮਾਰੀ ਨਿਰਮਲ ਰਾਸਿ॥* ਪੰਨਾ - 889

ਅਜਿਹੇ ਬਚਨ ਹੋ ਹੀ ਰਹੇ ਸਨ ਕਿ ਸੰਤ ਮਹਾਰਾਜ ਨਿਯਤ ਸਮੇਂ ਤੇ ਆ ਕੇ ਬਿਰਾਜਮਾਨ ਹੋ ਗਏ ਤਾਂ ਉਸ ਵੇਲੇ ਅੱਗੇ ਵਾਂਗੂੰ ਹੀ ਮਹਾਰਾਜ ਜੀ ਦਾ ਰੁਖ ਦੇਖ ਕੇ ਬਹੁਤ ਅਧੀਨਗੀ ਨਾਲ ਪ੍ਰਸ਼ਨ ਕੀਤਾ ਗਿਆ ਕਿ ਮਹਾਰਾਜ ਜੀ ਕੱਲ ਜੋ ਆਪ ਨੇ ਅੰਦਰਲੀਆਂ ਅਵਸਥਾਵਾਂ ਬਾਰੇ ਪ੍ਰਕਾਸ਼ ਪਾਇਆ ਸੀ, ਅਸੀਂ ਉਸ ਉਪਰ ਪ੍ਰਸਪਰ ਵਿਚਾਰ ਕਰ ਰਹੇ ਸਾਂ ਤਾਂ ਸਾਨੂੰ ਐਉਂ ਅਨੁਭਵ ਹੋਇਆ ਕਿ ਅਸੀਂ ਅਧਿਤਮਵਾਦ ਵਿਚ ਧਰਮਾਂ, ਜਾਤਾਂ ਸੰਪਰਦਾਵਾਂ ਤੋਂ ਉਚੇ ਉਠ ਕੇ ਇਕੋ ਹੀ ਮਾਰਗ ਤੇ ਤੁਰੇ ਜਾ ਰਹੇ ਹਾਂ ਜਿਸਨੂੰ 'ਆਤਮ ਮਾਰਗ' ਆਖਿਆ ਜਾ ਸਕਦਾ ਹੈ। ਇਸ ਸੰਗਤ ਵਿਚ ਬੈਠੇ ਸਰੋਤੇ ਬਹੁਤ ਸਾਰੇ ਵੱਖ-ਵੱਖ ਸੰਪਰਦਾਵਾਂ ਦੇ ਮਹਾਤਮਾਂ ਤੋਂ ਗੁਰਮੰਤ੍ਰ ਪ੍ਰਾਪਤ ਕਰਕੇ ਅੰਦਰਲੀ ਖੋਜ ਵਿਚ ਲਗੇ ਹੋਏ ਹਨ। ਐਉਂ ਪ੍ਰਤੀਤ ਦੇਣ ਲਗਿਆ ਹੈ ਕਿ ਪ੍ਰਭੂ ਦੇ ਮਾਰਗ ਤੇ ਚਲਣ ਵਾਲਿਆਂ ਨੂੰ ਇਕੋ ਜਿਹਾ ਹੀ ਅਨੁਭਵ ਹੁੰਦਾ ਹੈ ਜਿਸ ਕਰਕੇ, ਇਸ ਗੱਲ ਦਾ ਵਿਸ਼ਵਾਸ਼ ਸਾਡੇ ਮਨਾਂ ਵਿਚ ਆ ਗਿਆ ਹੈ ਕਿ ਰਸਤਾ ਇਕੋ ਹੀ ਹੈ ਪਰ ਵੱਖੋ-ਵੱਖਰੇ ਸਕੂਲਾਂ ਵਿਚ ਦਾਖਲਾ ਲੈ ਕੇ ਪੜ੍ਹਾਈ ਕਰਨੀ ਹੈ। ਅਸੀਂ ਇਸ ਗੱਲ ਦਾ ਨਿਰਣਾ ਕਰ ਰਹੇ ਸਾਂ ਕਿ ਵੱਖੋ-ਵੱਖਰੀਆਂ ਸੰਪਰਦਾਵਾਂ, ਇਕੋ ਹੀ ਆਤਮ ਸ਼ਾਖਸ਼ਾਤਕਾਰ ਕਰਾਉਣ ਵਾਲੀਆਂ ਵੱਖੋ-ਵੱਖ ਨਾਵਾਂ ਦੀਆਂ ਸਿਖਿਆ ਪ੍ਰਣਾਲੀਆਂ ਹਨ। ਕਿਸੇ ਵੀ ਅਨੁਭਵੀ ਮਹਾਂਪੁਰਸ਼, ਜਿਸਨੇ ਆਤਮ ਮਾਰਗ ਦੀ ਚੜ੍ਹਾਈ, ਧਰਮ ਦੇ ਮਾਰਗ ਦੀ ਪੌੜੀ ਚੜ੍ਹ ਕੇ ਪੂਰਨ ਪ੍ਰਾਪਤੀ ਕਰ ਲਈ ਹੈ, ਉਨ੍ਹਾਂ ਦਾ ਦਿਤਾ ਹੋਇਆ ਉਪਦੇਸ਼ ਸਰਬ ਲਈ ਸਾਂਝਾ ਹੁੰਦਾ ਹੈ। ਆਪ ਕਿਰਪਾ ਕਰਕੇ ਇਸ ਮਾਰਗ ਉਪਰ ਆਪਣੇ ਹੀ ਅਨੁਭਵ ਤੋਂ ਹੋਰ ਪ੍ਰਕਾਸ਼ ਪਾਵੋ ਕਿਉਂਕਿ ਅੱਜ ਅਸਾਨੂੰ ਕੋਈ ਪ੍ਰਸ਼ਨ, ਪੁੱਛਣ ਵਾਲਾ, ਉਤਪੰਨ ਹੀ ਨਹੀਂ ਹੋ ਰਿਹਾ। ਦਰਸ਼ਨ ਵਿਚ ਹੀ ਇਕ ਐਸਾ ਅਨੰਦ ਆ ਰਿਹਾ ਹੈ ਜਿਸਦੇ ਪ੍ਰਭਾਵ ਕਰਕੇ ਅਸਾਡਾ ਮਨ ਫੁਰਨਿਆਂ ਤੋਂ ਸ਼ਾਂਤ ਹੋ ਕੇ ਅੰਦਰ ਹੀ ਜੁੜ ਰਿਹਾ ਹੈ ਅਤੇ ਕੋਈ ਫੁਰਨਾ ਉਠ ਹੀ ਨਹੀਂ ਰਿਹਾ। ਬਦੋ-ਬਦੀ ਨੇਤਰ ਬੰਦ ਹੁੰਦੇ ਜਾ ਰਹੇ ਹਨ ਅਤੇ ਸੁਰਤ ਅੰਦਰਲੇ ਨੁਕਤੇ ਤੇ ਜੁੜ

ਰਹੀ ਹੈ। ਕੋਈ ਰਸ ਅੰਦਰ ਹੀ ਅੰਦਰ ਪੀਤਾ ਜਾ ਰਿਹਾ ਹੈ ਤੇ ਸਰੀਰ ਵਿਚੋਂ ਹਲਕੀਆਂ-ਹਲਕੀਆਂ ਵਿਦਯੁਤ ਲਹਿਰਾਂ ਉਠ ਰਹੀਆਂ ਹਨ ਅਤੇ ਗੁਰਬਾਣੀ ਦੀ ਤੁਕ ਅੰਦਰ ਗੂੰਜ ਰਹੀ ਹੈ -

*ਸਾਧ ਕੈ ਸੰਗਿ ਨਹੀ ਕਛੁ ਘਾਲ॥*
*ਦਰਸਨੁ ਭੇਟਤ ਹੋਤ ਨਿਹਾਲ॥* *ਪੰਨਾ - 272*

ਸੋ ਇਸ ਲਈ ਪ੍ਰਾਥਨਾ ਹੈ ਕਿ ਆਪ ਹੀ ਆਪਣੇ ਅਨੁਭਵ ਤੋਂ ਕ੍ਰਿਪਾ ਕਰਕੇ ਬਚਨ ਸਰਵਣ ਕਰਾਓ ਅਤੇ ਕੋਈ practical ਅਭਿਆਸ ਦਾ ਤਰੀਕਾ ਦੱਸਣ ਦੀ ਕ੍ਰਿਪਾ ਕਰੋ। ਉਸ ਵੇਲੇ ਇਹ ਬੇਨਤੀ ਸੁਣ ਕੇ ਆਪ ਜੀ ਥੋੜਾ ਮੁਸਕਰਾਏ ਅਤੇ ਫੁਰਮਾਨ ਕੀਤਾ ਕਿ ਉਤਮ ਜਗਿਆਸੂ ਬਚਨ ਸ੍ਰਵਣ ਕਰਕੇ ਮੰਨਣ ਕਰਦੇ ਹਨ ਅਤੇ ਫਿਰ ਨਿਧਿਆਸਣ ਲਈ ਜਤਨ ਕਰਕੇ ਆਪਣੀ ਮੰਜ਼ਿਲ ਤੇ ਪੁਜਦੇ ਹਨ। ਜੋ ਆਪ ਨੇ ਆਪਣੀ ਹਾਲਤ ਦੱਸੀ ਹੈ, ਉਹ ਉਤਮ ਜਗਿਆਸੂਆਂ ਦੀ ਹੀ ਹੋਇਆ ਕਰਦੀ ਹੈ। ਸਭ ਦੇ ਅੰਦਰ, ਭਾਵੇਂ ਉਹ ਈਸਾਈ ਹੋਵੇ, ਭਾਵੇਂ ਹਿੰਦੂ ਹੋਵੇ, ਮੁਸਲਮਾਨ ਹੋਵੇ, ਭਾਵੇਂ ਕਿਸੇ ਵੀ ਸੰਪਰਦਾ ਨਾਲ ਸਬੰਧ ਰੱਖਣ ਵਾਲਾ ਹੋਵੇ, ਧੁਨਆਤਮਕ ਨਾਮ ਇਕੋ ਹੀ ਹੋਇਆ ਕਰਦਾ ਹੈ। ਵਰਣਾਤਮਕ ਨਾਮ ਆਚਾਰੀਆਂ, ਸਾਧੂ, ਮਹਾਂਪੁਰਸ਼ਾਂ ਨੇ ਵੱਖੋ-ਵੱਖਰੇ ਰਖੇ ਹੁੰਦੇ ਹਨ ਜਿਵੇਂ ਕਿਸੇ ਦਾ ਮੰਤਰ ਅੱਲਾ ਹੂ ਹੈ, ਕੋਈ ਪੰਚ ਨਾਮ, ਜੋਤਿ ਨਿਰੰਜਨ, ਸਤਿਨਾਮ, ਓਅੰਕਾਰ ਆਦਿ ਜਪ ਕੇ ਮਨ ਦੀ ਇਕਾਗਰਤਾ ਕਰਦਾ ਹੈ। ਕੋਈ ਰਾਮ-ਰਾਮ, ਕੋਈ ਓਅੰਕਾਰ, ਕੋਈ ਅੱਲਾ ਹੂ, ਕੋਈ ਸੋਹੰ; ਮਤਲਬ ਕਿ ਬੇਅੰਤ ਮੰਤਰਾਂ ਰਾਹੀਂ ਜਾਪ ਕਰਕੇ ਆਪਣੀ ਸੁਰਤੀ ਨੂੰ ਸੂਖਸ਼ਮ ਕਰਦਾ ਹੈ। ਇਸ ਤਰ੍ਹਾਂ ਮੇਹਨਤ ਕਰਦੇ-ਕਰਦੇ ਜਦੋਂ ਸੁਰਤੀ ਬਿਰਤੀ ਬਹੁਤ ਹੀ ਸੂਖਸ਼ਮ ਹੋ ਜਾਂਦੀ ਹੈ ਤਾਂ ਧੁਨਆਤਮਕ ਨਾਮ ਆਪਣੇ ਆਪ ਹੀ ਅੰਦਰੋਂ ਸੁਣਨ ਲਗ ਜਾਇਆ ਕਰਦਾ ਹੈ। ਇਹ 'ਓਅੰਕਾਰ' ਦੀ ਨਿਰੰਤਰ ਚਲ ਰਹੀ ਧੁਨ ਹੈ ਜੋ ਏਕੰਕਾਰ ਜੀ ਤੋਂ ਹੋਇਆ ਪ੍ਰਥਮ ਸ਼ਬਦ ਹੈ। ਇਸ ਸ਼ਬਦ ਬਾਰੇ ਕੋਈ ਕੁਝ ਕਹਿ ਨਹੀਂ ਸਕਦਾ ਕਿਉਂਕਿ ਧੁਨ ਅੱਖਰਾਂ ਦੀ ਮੁਹਥਾਜ ਨਹੀਂ ਹੈ ਜਿਵੇਂ ਵਾਹਿਗੁਰੂ ਜੀ ਦਾ ਕੋਈ ਨਾਮ ਨਹੀਂ ਹੋਇਆ ਕਰਦਾ ਪਰ ਵਾਹਿਗੁਰੂ ਜੀ ਦੀ ਹੋਂਦ ਨੂੰ ਜਾਨਣਾ ਅਗੰਮ ਤੇ ਅਗੋਚਰ ਵਿਸ਼ਾ ਹੈ, ਇਸੇ ਤਰ੍ਹਾਂ ਨਾਲ ਇਹ ਧੁਨ ਹੈ ਜਿਸ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ -

*ਪ੍ਰਥਮ ਓਅੰਕਾਰ ਤਿਨ ਕਹਾ। ਸੋ ਧੁਨ ਪੂਰਿ ਜਗਤ ਮੋਹ ਰਹਾ।*
*ਪੰਨਾ - 158 (ਦਸਮ ਗ੍ਰੰਥ)*

ਮੁਸਲਮਾਨ ਇਸਨੂੰ 'ਕੁੰਨ' ਸ਼ਬਦ ਕਹਿੰਦੇ ਹਨ। ਭਾਈ ਗੁਰਦਾਸ ਜੀ ਇਸ ਬਾਰੇ ਅੰਕਿਤ ਕਰਦੇ ਹਨ -

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਇਆ।*
*ਏਕੰਕਾਰਹੁੰ ਸਬਦ ਧੁਨ ਓਅੰਕਾਰ ਆਕਾਰ ਬਨਾਇਆ।*
*ਭਾਈ ਗੁਰਦਾਸ ਜੀ, ਵਾਰ 26/2*

ਜਿਥੇ ਇਹ ਸ਼ਬਦ ਧੁਨ ਹੈ, ਉਥੇ ਪ੍ਰਤੀਕ ਰੂਪ ਵਿਚ ਏਕੰਕਾਰ ਜੀ ਦਾ ਸਰਗੁਣ ਸਰੂਪ ਭੀ ਹੈ -

*"ਜਾ ਕੈ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ,*
*ਕੀਰਤਨ ਸਮੈ ਸਾਧ ਸੰਗਤ ਸੋ ਲਗਨ ਹੈ॥"*
*(ਕਬਿੱਤ 237ਵਾਂ)*

*"ਸੂਖਮ ਸਥੂਲ ਓਅੰਕਾਰ ਕੈ ਅਕਾਰ ਹੁਇ,*
*ਬ੍ਰਹਮ ਬਿਬੇਕ ਬੁਧਿ ਭਏ ਬ੍ਰਹਮਚਾਰੀ ਹੈਂ॥"*
*(ਕਬਿੱਤ 458ਵਾਂ)*

*"ਅਨਿਕ ਅਕਾਰ ਓਅੰਕਾਰ ਕੈ ਬਿਥਾਰ ਤਾਂਹਿ,*
*ਨੰਦ ਕੋ ਨੰਦਨ ਕਹੇ ਕੌਨ ਪ੍ਰਭਤਾਈ ਹੈ॥"*
*(ਕਬਿੱਤ 556ਵਾਂ)*

ਸੋ ਇਸ ਤਰ੍ਹਾਂ ਨਾਲ ਧੁਨਆਤਮਕ ਨਾਮ ਅੱਖਰਾਂ ਦਾ ਮੁਹਥਾਜ ਨਹੀਂ, ਇਹ ਧੁਨ ਹੈ ਜੋ ਸਰਗੁਣ ਬ੍ਰਹਮ ਦੀ ਪ੍ਰਤੀਕ ਹੈ ਅਤੇ ਇਸ ਧੁਨ ਦੇ ਪਿਛਵਾੜੇ ਏਕੰਕਾਰ ਰੂਪੀ ਉਹ ਹਸਤੀ ਹੈ ਜਿਸ ਦਾ ਕੋਈ ਪਾਰਾਵਾਰ ਨਹੀਂ। ਸੋ ਮਹਾਰਾਜ ਜੀ ਦਾ ਵੀ ਫੁਰਮਾਨ ਹੈ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਪੰਨਾ - 879*

ਏਥੇ ਇਕ ਗੱਲ ਦਾ ਖਾਸ ਧਿਆਨ ਰਖਣਾ ਪੈਂਦਾ ਹੈ, ਇਕ ਤਾਂ ਇਹ ਹੈ ਕਿ ਜਗਿਆਸੂ ਨੂੰ ਧੁਨਆਤਮਕ ਨਾਮ ਦਾ ਜਦੋਂ ਪ੍ਰਕਾਸ਼ ਹੋ ਗਿਆ ਤਾਂ ਉਹ ਇਸ ਧੁਨ ਨੂੰ ਹੀ ਸਭ ਕੁਝ ਸਮਝਦਾ ਹੈ। ਉਹ ਇਸ ਵਿਚ ਰੂਪਮਾਨ ਹੋਈ ਪਰਮ ਸੱਚ ਦੀ ਸੱਤਾ ਤੋਂ ਆਪਣੇ ਆਪ ਨੂੰ ਅਚੇਤ ਰਖਦਾ ਹੈ। ਦੂਜੇ ਉਹ ਸਾਧਕ ਹਨ ਜਿਹੜੇ ਧੁਨ ਵਿਚ ਬਿਰਾਜਮਾਨ ਪਰਮ ਸੱਤਾ ਏਕੰਕਾਰ ਦੇ ਧਿਆਨ ਵਿਚ ਲੀਨ ਹੋ ਕੇ ਧੁਨ ਨੂੰ ਵੀ ਭੁਲ ਜਾਇਆ ਕਰਦੇ ਹਨ ਅਤੇ ਸੰਪਰਗਿਆਤ ਸਮਾਧੀ ਵਿਚੋਂ ਉਨਤੀ ਕਰਕੇ ਅਸੰਪਰਗਿਆਤ ਸਮਾਧ ਅਤੇ ਹੌਲੀ-ਹੌਲੀ ਅਭਿਆਸ ਦੇ ਬਲ ਨਾਲ ਸਹਿਜ ਸਮਾਧ ਵਿਚ ਲੀਨ ਹੋ ਕੇ ਦੁਵੰਦ ਪਦ ਤੋਂ ਪੂਰੀ ਤਰ੍ਹਾਂ ਨਾਲ ਮੁਕਤ ਹੋ ਜਾਇਆ ਕਰਦੇ ਹਨ। ਇਸ ਸਹਿਜ ਸਮਾਧ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥* *ਪੰਨਾ - 106*

ਇਹ ਅਵਸਥਾਵਾਂ ਕਿਸੇ discussion ਜਾਂ ਵਰਣਨ ਦੀਆਂ ਮੁਹਥਾਜ ਨਹੀਂ। ਇਸ ਦੇ ਅਨੁਭਵ ਵਾਸਤੇ ਪੂਰਨ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ, ਬ੍ਰਹਮ ਰੂਪ ਹੋਏ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਅਤੇ ਨਿਰੰਤਰ ਦ੍ਰਿੜ੍ਹ ਅਭਿਆਸ ਦੀ ਅਵੱਸ਼ਕਤਾ ਹੈ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਐਸੀਆਂ ਉਤਮ ਅਵਸਥਾਵਾਂ ਦੀ ਪ੍ਰਾਪਤੀ ਗੱਲਾਂ ਬਾਤਾਂ ਨਾਲ ਤਾਂ ਨਹੀਂ ਹੁੰਦੀ ਅਤੇ ਪੁਸਤਕਾਂ ਦੇ ਢੇਰਾਂ ਦੇ ਢੇਰ ਪੜ੍ਹ ਕੇ ਅਨੁਭਵ ਨਹੀਂ ਜਾਗਦਾ। ਇਹ ਅਵਸਥਾਵਾਂ ਜਿਥੇ ਬੁਧੀ ਦੀ ਉਡਾਰੀ ਖਤਮ ਹੋ ਜਾਂਦੀ ਹੈ, ਉਸ ਤੋਂ ਅੱਗੇ ਸ਼ੁਰੂ ਹੁੰਦੀਆਂ ਹਨ। ਇਸ ਰੂਹਾਨੀ ਕਲਾਸ ਵਿਚ ਦਾਖਲ ਹੋਣ ਤੋਂ ਲੈ ਕੇ ਪੂਰਨ ਪ੍ਰਾਪਤੀ ਤਕ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨਿਆਂ ਵਿਚ ਨਿਰਵਿਵਾਦ instructions ਹਨ, ਜਿਨ੍ਹਾਂ ਬਾਰੇ ਜਗਿਆਸੂ ਨੂੰ ਆਪਣੇ ਆਪ ਦੀ ਸੋਝੀ ਹੋਣੀ ਬਹੁਤ ਹੀ ਅਸੰਭਵ ਹੈ ਜੇ ਪਿਛਲੇ ਜਨਮਾਂ ਦੇ ਉਤਮ ਪੁੰਨਾਂ ਦੇ ਆਧਾਰ ਤੇ ਕ੍ਰੋੜਾਂ ਵਿਚੋਂ ਇਕ ਅੱਧ ਨੂੰ ਹੋ ਵੀ ਗਈ ਤਾਂ ਇਹ ਉਸਦੇ ਪਿਛਲੇ ਜਨਮਾਂ ਵਿਚ ਕੀਤੇ ਹੋਏ ਅਭਿਆਸ ਦਾ ਫਲ ਹੈ। ਆਮ ਜਗਿਆਸੂ ਨੂੰ ਇਹ ਅਵਸਥਾਵਾਂ ਪੂਰਨ ਮਹਾਂਪੁਰਸ਼ਾਂ ਦੇ ਪਿਆਰ ਰਾਹੀਂ ਕੀਤੇ ਸਤਿਸੰਗ ਦਾ ਫਲ ਹੁੰਦਾ ਹੈ।

ਇਤਨੇ ਬਚਨ ਕਰਕੇ ਸੰਤ ਮਹਾਰਾਜ ਜੀ ਨੇ ਅਚਾਨਕ ਹੀ ਆਪਣੇ ਬਚਨ ਬੰਦ ਕਰ ਦਿਤੇ ਅਤੇ ਨੇਤਰ ਬੰਦ ਕਰਕੇ ਕਿਸੇ ਅਕਹਿ ਰਸ ਵਿਚ ਰੱਤੇ ਪ੍ਰਤੀਤ ਦੇ ਰਹੇ ਸਨ। ਜਗਿਆਸੂ ਵੀ pin drop ਚੁੱਪ ਦਾ ਅਨੁਭਵ ਕਰ ਰਹੇ ਸਨ। ਐਉਂ ਲਗਦਾ

ਸੀ ਜਿਵੇਂ ਕਿ ਉਹ ਆਪਣੇ ਅੰਦਰ ਇਨ੍ਹਾਂ ਅਵਸਥਾਵਾਂ ਨੂੰ ਪ੍ਰਤੱਖ ਰੂਪ ਵਿਚ ਵੇਖਣ ਲਈ ਕਿਸੇ ਝਲਕਾਰਿਆਂ ਦਾ ਇੰਤਜ਼ਾਰ ਕਰ ਰਹੇ ਹੋਣ। ਉਸ ਸਮੇਂ ਸੰਤ ਮਹਾਰਾਜ ਜੀ ਨੇ ਅਚਾਨਕ ਹੀ ਇਸ ਚੁੱਪ ਨੂੰ ਤੋੜਦਿਆਂ ਹੋਇਆ ਫੁਰਮਾਇਆ ਕਿ ਪ੍ਰੇਮੀ ਜਨੋ! ਇਸ ਮਾਰਗ ਦੀ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਆਪਣੇ-ਆਪਣੇ ਧਰਮਾਂ ਦੀਆਂ ਦੱਸੀਆਂ ਸਰ੍ਹਾ ਰੂਪੀ ਰਹਿਤਾਂ ਤੋਂ ਉਪਰ ਮਾਨਸਿਕ ਰਹਿਤਾਂ ਹਰ ਹਾਲਤ ਵਿਚ ਰੱਖਣੀਆਂ ਪੈਂਦੀਆਂ ਹਨ ਜਿਨ੍ਹਾਂ ਬਾਰੇ ਵਿਸਥਾਰ ਨਾਲ ਸਮ ਤੇ ਦਮ ਦੀਆਂ ਦੱਸੀਆਂ ਰਹਿਤਾਂ ਅਨੁਸਾਰ ਜੀਵਨ ਬਤੀਤ ਕਰਨਾ ਪੈਂਦਾ ਹੈ। ਹੁਣ ਅਸੀਂ ਪਹਿਲੀ ਜਮਾਤ ਤੋਂ ਸ਼ੁਰੂ ਕਰਦੇ ਹਾਂ ਕਿ ਮਨੁੱਖੀ ਸਰੀਰ ਦੀ ਸਫਲਤਾ ਵਾਸਤੇ ਅਤਿਅੰਤ ਜ਼ਰੂਰੀ ਹੈ ਕਿ ਜਗਿਆਸੂ ਕੁਸੰਗ ਦਾ ਤਿਆਗ ਹਰ ਹਾਲਤ ਵਿਚ ਕਰੇ, ਮਹਾਂਪੁਰਸ਼ਾਂ ਦੇ ਤਾਂ ਫੁਰਮਾਨ ਇਸ ਬਾਰੇ ਬਹੁਤ ਹੀ ਧਿਆਨ ਨਾਲ ਵਿਚਾਰਨੇ ਯੋਗ ਹਨ ਜਿਵੇਂ ਕਿ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*

*ਪੰਨਾ - 1371*

ਸਾਕਤ ਮਨਮੁਖ ਦੇ ਬਚਨ, ਮਨਮੁਖ ਦੇ ਖਿਆਲ ਬਹੁਤ ਠੋਸ ਹੁੰਦੇ ਹਨ। ਉਹ ਨਾ ਤਾਂ ਧਰਮ ਸ਼ਾਸਤਰ ਦੇ ਬਚਨਾਂ ਉਪਰ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਪਦੇਸ਼ਾਂ ਦੇ ਮੁਤਾਬਿਕ, ਆਪਣਾ ਨਿਸ਼ਚਾ ਬਣਾਉਂਦਾ ਹੈ ਅਤੇ ਆਪਣੇ ਆਪ ਨੂੰ ਕੇਵਲ ਪੜ੍ਹਨ, ਪੜ੍ਹਾਉਣ ਤਕ ਹੀ ਸੀਮਤ ਰਖਦਾ ਹੈ। ਬਚਨਾਂ ਦੀ ਡੂੰਘਿਆਈ ਵਿਚ ਜਾ ਕੇ ਆਪਣੇ ਜੀਵਨ ਵਿਚ ਉਤਮ ਜੀਵਨ ਨੂੰ ਪ੍ਰਵੇਸ਼ ਨਹੀਂ ਹੋਣ ਦਿੰਦਾ। ਜਗਿਆਸੂ ਨੂੰ ਉਸਦੇ ਅੰਧਮਈ ਬਚਨ ਨਾਸਤਕ ਬਣਾ ਦਿੰਦੇ ਹਨ। ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ -

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥*

*ਪੰਨਾ - 1369*

ਜਗਿਆਸੂ ਦਾ ਸਮਾਂ ਨਸ਼ਟ ਹੋ ਜਾਂਦਾ ਹੈ ਅਤੇ ਮਨਮੁਖ ਦੀ ਤਰਕਾਂ ਰੂਪੀ ਬਾਣੀ ਸੁਣ ਕੇ ਆਪਣੇ ਨਿਸ਼ਚਿਆਂ ਤੋਂ ਹਿੱਲ ਜਾਂਦਾ ਹੈ ਅਤੇ ਕਈ-ਕਈ ਹਫਤੇ, ਕਈ-ਕਈ ਮਹੀਨੇ ਬਿਰਤੀ ਉਸ ਅਸਥਾਨ ਤੇ ਮੁੜ ਕੇ ਵਾਪਸ ਨਹੀਂ ਆਉਂਦੀ ਜਿਸ ਸਮੇਂ ਤੋਂ ਉਸ ਦਾ ਮਨਮੁਖ ਦੀ ਸੰਗਤ ਨਾਲ ਵਾਹ ਪਿਆ। ਸੋ ਇਸ ਕਰਕੇ ਫੁਰਮਾਨ ਹੈ ਕਿ ਕੁਸੰਗ ਨੂੰ ਹਰ ਕੀਮਤ ਉਤੇ ਦੂਰ ਰੱਖੋ। ਇਸ ਦੀ ਥਾਂ ਸਤਿਪੁਰਸ਼ਾਂ ਦੀ ਸੰਗਤ ਵਾਸਤੇ ਮਨ ਅੰਦਰ ਪਿਆਰ ਭਰੀ ਧੂਹ, ਖਿੱਚ ਲਗੀ ਰਹਿਣੀ ਆਵੱਸ਼ਕ ਹੈ। ਜਿਸ ਤਰ੍ਹਾਂ ਦੇ ਨਾਲ ਕਿਸੇ ਕਾਮੀ ਪੁਰਸ਼ ਨੂੰ ਕਾਮਨੀ ਦੀ ਖਿੱਚ ਲਗੀ ਰਹਿੰਦੀ ਹੈ, ਇਸੇ ਤਰ੍ਹਾਂ ਦੇ ਨਾਲ ਜਗਿਆਸੂ ਨੂੰ ਮਹਾਂਪੁਰਸ਼ਾਂ ਦੀ ਪਿਆਰ ਭਰੀ ਖਿੱਚ ਹੱਦ ਤੋਂ ਜ਼ਿਆਦਾ ਲਗੀ ਰਹਿਣੀ ਚਾਹੀਦੀ ਹੈ। ਐਸੀ ਸੰਗਤ ਦੇ ਹੋਣ ਨਾਲ ਬੇਅੰਤ ਫੁਰਨੇ, ਬੇਅੰਤ ਵਿਕਲਪ, ਸੰਕਲਪ ਆਪੇ ਹੀ ਸ਼ਾਂਤ ਹੋਣੇ ਸ਼ੁਰੂ ਹੋ ਜਾਇਆ ਕਰਦੇ ਹਨ। ਗੱਲ ਤਾਂ ਇਥੋਂ ਤਕ ਹੈ ਕਿ ਜਦੋਂ ਖਿਆਲ ਬਣਾ ਕੇ ਸ਼ਰਧਾ ਨਾਲ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਲਈ ਪਹਿਲਾ ਕਦਮ ਹੀ ਪੁਟਦੇ ਹਾਂ, ਉਸ ਵੇਲੇ ਹੀ ਵਿਕਾਰ ਦਬਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਦੀ ਥਾਂ ਰਸਨਾ ਰਾਹੀਂ ਗੁਰਮੰਤ੍ਰ ਦਾ ਉਚਾਰਨ ਹੋਣ ਲਗ ਜਾਂਦਾ ਹੈ ਅਤੇ ਜਿਉਂ-ਜਿਉਂ ਮਹਾਂਪੁਰਸ਼ਾਂ ਵਲ ਨੂੰ ਪੈਰ ਪੁਟਦੇ ਹਾਂ ਤਿਉਂ-ਤਿਉਂ ਅੰਦਰ ਸ਼ਾਂਤੀ ਵਧਦੀ ਜਾਂਦੀ ਹੈ ਅਤੇ ਬੇਅੰਤ ਨਿਰਾਰਥਕ ਪ੍ਰਸ਼ਨ ਆਪੇ ਹੀ ਦਬਦੇ ਚਲੇ ਜਾਂਦੇ ਹਨ। ਮਹਾਂਪੁਰਸ਼ਾਂ ਦੇ ਦਰਸ਼ਨ ਕਰਦਿਆਂ ਹੀ ਪੂਰੇ ਰਸ ਨਾਲ ਸਿਮਰਨ ਸ਼ੁਰੂ ਹੋ ਜਾਂਦਾ ਹੈ ਅਤੇ ਸਾਰੇ ਸ਼ੰਕਿਆਂ ਦਾ ਉਤਰ ਆਪਣੇ ਆਪ ਹੀ ਅੰਦਰ ਪ੍ਰਗਟ ਹੋ ਜਾਇਆ ਕਰਦਾ ਹੈ। ਮਹਾਂਪੁਰਸ਼ਾਂ ਪਾਸ ਜਾ ਕੇ ਬਿਰਤੀ ਮੋਨ ਹੋ ਜਾਂਦੀ ਹੈ ਅਤੇ ਪੁੱਛਣ ਲਈ ਬਾਕੀ ਕੁਝ ਵੀ ਨਹੀਂ ਬਚਿਆ ਕਰਦਾ ਅਤੇ ਚਿਤ ਵਿਚ ਸਾਹਿਬ ਦਾ ਵਾਸਾ ਹੋ ਜਾਂਦਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥*
*ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥*
*ਬੰਧਨ ਖੋਲਨਿ ਸੰਤ ਦੂਤ ਸਭਿ ਜਾਹਿ ਛਪਿ॥*
*ਤਿਸੁ ਸਿਉ ਲਾਇਨਿ ਰੰਗੁ ਜਿਸ ਦੀ ਸਭ ਧਾਰੀਆ॥*
*ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ॥*
*ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ॥*
*ਜਾ ਆਪੇ ਹੋਇ ਦਇਆਲ ਤਾਂ ਭਗਤ ਸੰਗੁ ਪਾਈਐ॥*

*ਪੰਨਾ - 520*

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਸੰਤਾਂ, ਭਗਤਾਂ ਦੀ ਸੰਗਤ ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਬਗੈਰ ਹੋਣੀ ਬਹੁਤ ਹੀ ਮੁਸ਼ਕਲ ਹੈ। ਐਸੇ ਸਾਧੂ ਪਰਮ ਮਿੱਤਰ ਹੋਇਆ ਕਰਦੇ ਹਨ ਪਰ ਹੁੰਦੇ ਵਿਰਲੇ ਹਨ। ਜਿਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਹਨ।

*ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥*

*ਪੰਨਾ - 520*

ਇਸ ਤੋਂ ਅੱਗੇ ਮਹਾਂਪੁਰਸ਼ਾਂ ਦੇ ਕੀਰਤਨ ਅਤੇ ਬਚਨ, ਜਦੋਂ ਜਗਿਆਸੂ ਪੂਰੀ ਸ਼ਰਧਾ ਤੇ ਪ੍ਰੇਮ ਨਾਲ ਸੁਣਦਾ ਹੈ ਤਾਂ ਉਸਦੇ ਜੀਵਨ ਵਿਚੋਂ ਵਿਕਾਰ ਘਟਣੇ ਸ਼ੁਰੂ ਹੋ ਜਾਂਦੇ ਹਨ। ਉਹ ਫੇਰ ਨਿੰਦਿਆ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਵੈਰ ਨਹੀਂ ਕਰਦਾ, ਕਪਟ ਨਹੀਂ ਕਰਦਾ, ਕਿਸੇ ਦਾ ਬੁਰਾ ਨਹੀਂ ਚਿਤਵਦਾ, ਬੇਗਾਨੇ ਧਨ ਨੂੰ ਆਪਣਾ ਨਹੀਂ ਬਣਾਉਂਦਾ, ਆਪਣੇ ਧਨ ਵਿਚੋਂ ਵੀ ਦਸਾਂ ਨਹੁੰਆਂ ਦੀ ਕਿਰਤ ਕਰਕੇ ਲੋੜਵੰਦਾਂ ਨੂੰ ਵੰਡਦਾ ਰਹਿੰਦਾ ਹੈ। ਉਹਦੇ ਵਿਚ ਈਰਖਾ ਨਹੀਂ ਹੁੰਦੀ, ਤ੍ਰਿਸ਼ਨਾ ਦੀ ਅੱਗ ਨਹੀਂ ਹੁੰਦੀ, ਵਾਹਿਗੁਰੂ ਦੇ ਭਾਣੇ ਵਿਚ ਸ਼ਾਕਰ ਰਹਿੰਦਾ ਹੈ। ਕਿਸੇ ਕਿਸਮ ਦਾ ਆਡੰਬਰ ਤੇ ਪਾਖੰਡ ਨਹੀਂ ਕਰਦਾ। ਗੱਲ ਕੀ ਕਿ ਸਾਰੇ ਔਗੁਣਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਬਿਰਤੀ ਨਾਮ ਵਲ ਮੁੱਖ ਰੂਪ ਵਿਚ ਪ੍ਰਵਿਰਤ ਹੋ ਜਾਂਦੀ ਹੈ। ਇਸ ਕਰਕੇ ਫੁਰਮਾਨ ਹੈ ਕਿ -

*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥*

*ਪੰਨਾ - 1369*

ਸੰਤ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ! ਰੂਹਾਨੀ ਮਾਰਗ ਦੀ ਚਾਬੀ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਵਿਚੋਂ ਹੀ ਪ੍ਰਾਪਤ ਹੁੰਦੀ ਹੈ।

ਆਪ ਕੁਝ ਦੇਰ ਚੁਪ ਕਰਕੇ ਫੇਰ ਫੁਰਮਾਉਣ ਲੱਗੇ ਕਿ ਭਾਈ! ਮਨ ਦੀ ਸਫਾਈ ਵਾਸਤੇ ਸਾਧਨਾ ਦੀ, ਮੰਤਰ ਦੇ ਜਾਪ ਦੀ, ਸੇਵਾ ਦੀ ਬਹੁਤ ਹੀ ਲੋੜ ਹੈ। ਇਸ ਮਨ ਨੂੰ ਕ੍ਰੋੜਾਂ ਜਨਮਾਂ ਦੀ ਮੈਲ ਲਗੀ ਹੋਈ ਹੋਣ ਕਰਕੇ ਇਹ ਬਿਨਾਂ ਨਾਮ ਤੋਂ ਲਾਹੁਣੀ

ਬਹੁਤ ਮੁਸ਼ਕਲ ਹੈ, ਫੁਰਮਾਨ ਆਇਆ ਹੈ -

*ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥*
*ਪੰਨਾ - 4*

ਸਭ ਤੋਂ ਵੱਡੀ ਮੈਲ ਜੋ ਕ੍ਰੋੜਾਂ ਸਾਲ ਜਤਨ ਕਰਨ ਦੇ ਨਾਲ ਭੀ ਨਹੀਂ ਲਹਿੰਦੀ, ਉਹ ਹੈ - ਹਉਮੈ ਦੀ। ਹਉਮੈ ਅਤੇ ਨਾਮ ਦੋਏ ਅੱਜ ਤਕ ਕਦੇ ਇਕੱਠੇ ਨਹੀਂ ਰਹੇ; ਜਿਥੇ ਹਉਮੈ ਦਾ ਵਾਸਾ ਰਹੇਗਾ ਉਥੇ ਨਾਮ ਗੁਪਤ ਰੂਪ ਵਿਚ ਰਹਿੰਦਾ ਹੈ।

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥*
*ਨਾਨਕ ਤਿਸੁ ਜਨ ਸੋਝੀ ਪਾਏ॥* *ਪੰਨਾ - 293*

ਉਹ ਨਾਮ ਹਉਮੈ ਦੀ ਮੈਲ ਕਾਰਨ ਅਦ੍ਰਿਸ਼ ਰਹਿੰਦਾ ਹੈ। ਜਦੋਂ ਨਾਮ ਜਾਪ ਦੇ ਬਲ ਨਾਲ ਅਤੇ ਸੰਤ ਦੀ ਕ੍ਰਿਪਾ ਨਾਲ ਅੰਦਰਲੇ ਨੇਤ੍ਰ ਖੁਲ੍ਹ ਜਾਣ ਅਤੇ ਅੰਦਰ ਘਟ-ਘਟ 'ਚ ਰਮੇ ਹੋਏ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਵੇ ਤਾਂ ਇਹ ਹਉਮੈ ਦੀ ਮੈਲ ਲਹਿ ਜਾਇਆ ਕਰਦੀ ਹੈ। ਬਾਕੀ ਅਨੇਕ ਕਿਸਮ ਦੀਆਂ ਮੈਲਾਂ ਇਸ ਹਉਮੈ ਦੀ ਮੈਲ ਦੇ ਖਤਮ ਹੁੰਦੇ ਹੀ ਆਪ ਹੀ ਲਹਿ ਜਾਇਆ ਕਰਦੀਆਂ ਹਨ ਅਤੇ ਅੰਦਰ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਨ੍ਹਾਂ ਅਵਸਥਾਵਾਂ ਨੂੰ ਪ੍ਰਾਪਤ ਕਰਨ ਲਈ ਹਰ ਇਕ ਸਿੱਖ ਅਤੇ ਜਗਿਆਸੂ ਨੂੰ ਇਕ ਪਾਠ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਮਹੀਨੇ ਵਿਚ ਜ਼ਰੂਰ ਕਰ ਲੈਣਾ ਚਾਹੀਦਾ ਹੈ। ਆਪ ਵਿਚੋਂ ਜੇ ਕੋਈ ਅਨਪੜ੍ਹ ਹੋਵੇ ਤਾਂ ਉਹਦੇ ਮਨ ਵਿਚ ਸ਼ੰਕਾ ਕੁਦਰਤੀ ਹੈ ਕਿ ਮੈਂ ਕਿਸ ਤਰ੍ਹਾਂ ਇਕ ਪਾਠ ਦਾ ਫਲ ਪ੍ਰਾਪਤ ਕਰ ਸਕਦਾ ਹਾਂ, ਤਾਂ ਆਪ ਨੇ ਫੁਰਮਾਨ ਕੀਤਾ ਕਿ ਸੁਖਮਨੀ ਸਾਹਿਬ ਦੇ ਦੋ ਪਾਠ ਹਰ ਰੋਜ਼ ਕਰਨ ਨਾਲ ਜਾਂ ਜਪੁਜੀ ਸਾਹਿਬ ਦੇ 10 ਪਾਠ ਰੋਜ਼ਾਨਾ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਪਾਠ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਜੇਕਰ ਐਸਾ ਵੀ ਨਾ ਹੋ ਸਕੇ ਤਾਂ ਮੂਲ ਮੰਤਰ ਦੀਆਂ 'ੴ' ਤੋਂ ਲੈ ਕੇ 'ਹੋਸੀ ਭੀ ਸਚੁ' ਤਕ ਛੇ ਵੱਡੀਆਂ ਮਾਲਾਂ, 108 ਮਣਕੇ ਦੀਆਂ ਕਰਨ ਨਾਲ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਜੇ ਭਲਾ ਅਜੇ ਵੀ ਕੋਈ ਇਹ ਕਹੇ ਕਿ ਮੂਲਮੰਤ੍ਰ ਦਾ ਪਾਠ ਭੀ ਔਖਾ ਹੈ ਤਾਂ 40 ਮਾਲਾਂ 'ਸਤਿਨਾਮ-ਵਾਹਿਗੁਰੂ' ਦੇ ਜਾਪ ਦੀਆਂ ਕਰ ਲਿਆ ਕਰੇ ਜਾਂ 80 ਮਾਲਾ ਇਕੱਲੇ 'ਵਾਹਿਗੁਰੂ' ਮੰਤ੍ਰ ਦੀਆਂ ਕਰਿਆ ਕਰੇ, ਇਹ ਹਰ ਹਾਲਤ ਵਿਚ ਜ਼ਰੂਰੀ ਹੈ ਜਿਸ ਤੋਂ ਬਿਨਾਂ ਰੂਹਾਨੀ ਤਰੱਕੀ ਕਰਨੀ ਬਹੁਤ ਹੀ ਔਖੀ ਹੈ। ਦੂਸਰਾ ਇਹ ਹੈ ਕਿ ਕਮ-ਸ-ਕਮ ਢਾਈ ਘੰਟੇ ਚਿਤ ਨੂੰ ਇਕਾਗਰ ਕਰਕੇ ਚਾਹੇ ਪਾਠ ਕਰੇ, ਚਾਹੇ ਗੁਰਮੰਤ੍ਰ ਦਾ ਜਾਪ ਕਰੇ, ਉਹ ਸਹਾਈ ਹੋਇਆ ਕਰਦਾ ਹੈ। ਇਸ ਤੋਂ ਇਲਾਵਾ ਜਿਸ ਦੇ ਮਨ ਵਿਚ ਤੀਬਰ ਸ਼ੌਕ ਹੈ, ਉਹ ਮਹਾਂਪੁਰਸ਼ਾਂ ਨਾਲ ਮਿਲ ਕੇ ਸਿਮਰਨ ਦੀਆਂ ਜੁਗਤਾਂ ਪੁੱਛ ਕੇ ਹੋਰ ਸਮਾਂ ਅੰਤਰ ਖੋਜ ਵਿਚ ਲਾਉਣ। ਜੇ ਭਲਾ ਸਵੇਰੇ ਅੰਮ੍ਰਿਤ ਵੇਲੇ ਸਮਾਂ ਨਹੀਂ ਮਿਲਦਾ ਤਾਂ ਜਦੋਂ ਸਮਾਂ ਮਿਲੇ, ਉਸ ਵੇਲੇ ਇਹ ਅਭਿਆਸ ਕਰ ਲੈਣਾ ਜ਼ਰੂਰੀ ਹੋਇਆ ਕਰਦਾ ਹੈ। ਇਸ ਤਰ੍ਹਾਂ ਕਰਦੇ-ਕਰਦੇ ਕੁਸੰਗ ਤੋਂ ਬਚ ਕੇ ਤਕਰੀਬਨ ਇਕ ਜਾਂ ਦੋ ਸਾਲ ਦੇ ਸਮੇਂ ਵਿਚ ਖਿਆਲ ਕਾਫੀ ਸ਼ੁਧ ਹੋ ਜਾਂਦੇ ਹਨ ਅਤੇ ਅੰਦਰ ਪਿਆਰ ਪੈਣਾ ਸ਼ੁਰੂ ਹੋ ਜਾਂਦਾ ਹੈ। ਦ੍ਰਿੜ੍ਹਤਾ ਅਤੇ ਲਗਨ ਆ ਜਾਇਆ ਕਰਦੀ ਹੈ। ਨਾਮ ਜਪਣ ਵਾਲੇ ਜਗਿਆਸੂ ਪਹਿਲੇ ਪਹਿਲ ਮਾਲਾ ਦੀ ਮਦਦ ਨਾਲ ਗੁਰਮੰਤ੍ਰ ਦਾ ਜਾਪ ਕਰਦੇ ਹਨ। ਘੱਟ ਤੋਂ ਘੱਟ ਢਾਈ ਪੱਕੀਆਂ ਮਾਲਾਂ ਜਾਂ 270 ਕੱਚੀਆਂ ਮਾਲਾਂ ਜ਼ਰੂਰ ਹੀ ਫੇਰਨੀਆਂ ਚਾਹੀਦੀਆਂ ਹਨ। ਜਦੋਂ ਗੁਰਮੰਤ੍ਰ ਦਾ ਜਾਪ ਆਪੇ ਹੀ ਮਾਲਾ ਤੋਂ ਬਗੈਰ ਹੋਣਾ ਸ਼ੁਰੂ ਹੋ ਜਾਵੇ ਤਾਂ ਰਸਨਾ ਦੇ ਨਾਲ ਢਾਈ ਘੰਟੇ ਨਾਮ ਜਪਿਆ ਜਾਵੇ। ਜਦੋਂ ਰਸਨਾ ਦਾ ਨਾਮ ਐਨਾ ਪ੍ਰਬਲ ਹੋ ਜਾਵੇ ਕਿ ਕਾਰੋਬਾਰ ਕਰਦੇ ਸਮੇਂ ਰਸਨਾ ਆਪੇ ਹੀ ਗੁਰਮੰਤ੍ਰ ਦਾ ਜਾਪ ਕਰਦੀ ਰਹੇ ਅਤੇ ਜਦੋਂ ਜਾਪ ਭੁੱਲਣ ਨਾਲ ਐਸਾ ਮਹਿਸੂਸ ਹੋਣ ਲੱਗ ਜਾਵੇ ਕਿ ਮੇਰੇ ਅੰਦਰੋਂ ਕੁਝ ਗਵਾਚ ਗਿਆ ਹੈ ਤਾਂ ਉਸ ਵੇਲੇ ਮਹਾਂਪੁਰਸ਼ਾਂ ਤੋਂ ਸਾਸ ਗਿਰਾਸ ਦੀ ਜੁਗਤੀ ਪੁਛ ਕੇ ਨਾਮ ਅਭਿਆਸ ਕਰੇ। ਸਾਸ ਗਿਰਾਸ ਦੇ ਨਾਮ ਜਪਦਿਆਂ ਜਦੋਂ ਨਾਮ ਦੀ ਧੁਨ ਜਾਗ ਪਵੇ ਤੇ ਸਵਾਸ, ਨਾਮ ਤੋਂ ਲਾਂਭੇ ਹੋ ਜਾਵੇ ਤਾਂ ਇਹ ਅਜਪਾ ਜਾਪ ਦੀ ਅਵਸਥਾ ਹੋਇਆ ਕਰਦੀ ਹੈ। ਇਸ ਵਿਚ ਅੰਦਰੋਂ ਹੀ ਬਹੁਤ ਹੀ ਸੁਆਦਲਾ ਰਸ ਸਰੀਰ ਦੇ ਰੋਮ-ਰੋਮ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਉਸ ਰਸ ਦੇ ਹੋਣ ਕਰਕੇ ਮਨ ਵਿਚ ਕੋਈ ਫੁਰਨਾ ਨਹੀਂ ਉਠਿਆ ਕਰਦਾ। ਇਹ ਅਵਸਥਾਵਾਂ ਮਹਾਂਪੁਰਸ਼ਾਂ, ਫਕੀਰਾਂ, ਆਰਫਾਂ, ਤੱਤ ਬੇਤਿਆਂ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਕਰਦੀਆਂ ਹਨ। ਇਹ ਜਾਪ ਚਾਰ ਹਿੱਸਿਆਂ - ਬੈਖਰੀ, ਮਧਮਾ, ਪਸੰਤੀ, ਅਤੇ ਪਰਾ ਵਿਚ ਹੋਇਆ ਕਰਦਾ ਹੈ ਅਤੇ ਇਨ੍ਹਾਂ ਤੋਂ ਉਪਰ ਅਨਹਦ ਸ਼ਬਦ ਦੀ ਮਦਦ ਨਾਲ ਇਹ ਅਭਿਆਸ ਬਹੁਤ ਹੀ ਰਸਦਾਇਕ ਅਵਸਥਾ ਵਿਚ ਚਲਦਾ ਰਹਿੰਦਾ ਹੈ। ਜਦੋਂ ਜਗਿਆਸੂ ਦਾ ਅਭਿਆਸ ਪਰਾ ਬਾਣੀ ਦਾ ਪੱਕ ਜਾਵੇ ਤਾਂ ਨਾਭੀ ਉਪਰ ਥੋੜਾ ਜ਼ੋਰ ਦੇਣ ਨਾਲ ਸਾਰੇ ਰੋਮਾਂ ਵਿਚੋਂ ਨਾਮ ਦੀ ਧੁਨ ਦਾ ਪ੍ਰਵਾਹ ਚਲਣਾ ਸ਼ੁਰੂ ਹੋ ਜਾਇਆ ਕਰਦਾ ਹੈ। ਜਦੋਂ ਰੋਮ-ਰੋਮ ਵਿਚੋਂ ਨਾਮ ਅਭਿਆਸ ਦੀ ਆਵਾਜ਼ ਆਉਣੀ ਸ਼ੁਰੂ ਹੋ ਜਾਵੇ ਤਾਂ ਬਿਰਤੀ ਨੂੰ ਸੰਕੋਚ ਕੇ ਦਸਮ ਦੁਆਰ ਵਲ ਨੂੰ ਖਿੱਚਣਾ ਜ਼ਰੂਰੀ ਹੋਇਆ ਕਰਦਾ ਹੈ। ਐਨੇ ਬਚਨ ਕਰਕੇ ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਇਨ੍ਹਾਂ ਬਚਨਾਂ ਨੂੰ ਅੰਤਰੰਗ ਸਤਿਸੰਗ ਰਾਹੀਂ ਘਰ ਜਾ ਕੇ ਜਦੋਂ ਤੁਸੀਂ ਵਿਚਾਰ ਕਰੋਂਗੇ ਤਾਂ ਇਨ੍ਹਾਂ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਵੇਗਾ। ਇਕ ਪ੍ਰੇਮੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਜੇ ਤਨੋ ਮਨੋ ਹੋ ਕੇ ਕੋਈ ਜਗਿਆਸੂ ਪਹਿਲੀ ਜਮਾਤ ਤੋਂ ਪੜ੍ਹਾਈ ਸ਼ੁਰੂ ਕਰੇ ਅਤੇ ਆਤਮ ਮਾਰਗ ਦੀਆਂ ਪੂਰੀਆਂ ਰਹਿਤਾਂ ਅਨੁਸਾਰ ਆਪਣੀ ਯਾਤਰਾ ਜਾਰੀ ਰੱਖੇ ਤਾਂ ਕਿੰਨਾ ਕੁ ਸਮਾਂ ਜਗਿਆਸੂ ਨੂੰ ਲਗ ਸਕਦਾ ਹੈ? ਆਪ ਜੀ ਨੇ ਫੁਰਮਾਨ ਕੀਤਾ ਕਿ ਇਹ ਬਚਨ ਬਹੁਤ ਵੱਡੇ ਵਿਸਥਾਰ ਦਾ ਮੁਹਥਾਜ ਹੈ, ਇਸ ਕਰਕੇ ਇਸ ਬਾਰੇ ਕਦੇ ਫੇਰ ਬੇਨਤੀ ਕੀਤੀ ਜਾਵੇਗੀ, ਸਭ ਨੇ ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਤੇ ਆਪੋ ਆਪਣੀਆਂ ਡਿਊਟੀਆਂ ਦੇਣ ਚਲੇ ਗਏ।

✡ ✡ ✡ ✡ ✡ ✡ ✡ ✡ ✡ ✡ ✡

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

# ਸਿਮਰਨ

ਸੰਤ ਸਾਧੂ ਸਿੰਘ ਜੀ ਬਾਸਲ.ਐਮ.ਏ.,
ਸੰਗਰੂਰ।

ਸਿਮਰਨ ਹਰ ਪਸ਼ੂ, ਪੰਛੀ ਕਰ ਰਿਹਾ ਹੈ ਤਥਾ ਫੁਰਮਾਨ ਹੈ -

*ਹਰਿ ਜਨ ਬੋਲਤ ਸ੍ਰੀ ਰਾਮ ਨਾਮਾ*
*ਮਿਲਿ ਸਾਧਸੰਗਤਿ ਹਰਿ ਤੋਰ॥*
*ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ*
*ਜਿਸੁ ਲਾਗਤ ਹੈ ਨਹੀ ਚੋਰ॥*
*ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ*
*ਸੁਨਿ ਘਨਿਹਰ ਕੀ ਘੋਰ॥*
*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*
*ਨਾਨਕ ਜਨ ਹਰਿ ਕੀਰਤਿ ਗਾਈ*
*ਛੂਟਿ ਗਇਓ ਜਮ ਕਾ ਸਭ ਸੋਰ॥ ਪੰਨਾ - 1265*

ਸਾਰੇ ਜਾਨਵਰ ਸਿਮਰਨ ਕਰ ਰਹੇ ਹਨ, ਹੋਰ ਤਾਂ ਕੀ ਕਹਿਣਾ ਹੈ ਪੌਣ, ਪਾਣੀ, ਧਰਤੀ, ਅਕਾਸ਼ ਵੀ ਸਿਮਰਨ ਕਰ ਰਹੇ ਹਨ -

*ਸਿਮਰੈ ਧਰਤੀ ਅਰੁ ਆਕਾਸਾ॥*
*ਸਿਮਰਹਿ ਚੰਦ ਸੂਰਜ ਗੁਣਤਾਸਾ॥*
*ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ॥*
*ਪੰਨਾ - 1078*

ਇਹ ਵਾਹਿਗੁਰੂ ਰਾਜਾਨ ਰਾਜ ਪਾਤਸ਼ਾਹ ਦੀ ਲੀਲਾ ਹੀ ਐਸੀ ਹੈ। ਉਹ ਆਪ ਦੀ ਲੀਲਾ ਨੂੰ ਆਪ ਹੀ ਜਾਣਦਾ ਹੈ ਜਾਂ ਬਖਸ਼ੀਆਂ ਰੂਹਾਂ ਅਭੇਦ ਮਹਾਂਪੁਰਖ ਹੀ ਜਾਣਦੇ ਹਨ, ਦੁਨੀਆਂ ਨਹੀਂ ਜਾਣਦੀ। ਜਿਹੜਾ ਕੋਈ ਵਡਭਾਗਾ ਗੁਰੂ ਕਿਰਪਾ ਦੁਆਰਾ ਜਾਣ ਲਵੇ, ਉਸ ਦਾ ਮਾਨੁਖ ਤਨ ਧਾਰਿਆ ਸਫਲਾ ਹੋ ਜਾਂਦਾ ਹੈ। ਨਿਰੰਕਾਰ ਵਾਹਿਗੁਰੂ ਨੇ ਮਨੁੱਖ ਨੂੰ ਹਰ ਪੱਖ ਤੋਂ ਹੀ ਮਾਲੋ-ਮਾਲ ਕਰਕੇ ਸੰਸਾਰ ਤੇ ਭੇਜਿਆ ਹੈ। ਮਨੁੱਖ ਸ੍ਰਿਸ਼ਟੀ ਦਾ ਰਾਜਾ ਹੈ ਜਿਸਨੂੰ full power ਔਰ ਸਾਰੇ ਸੁੱਖ ਸੰਪੰਨ ਕੀਤਾ ਹੈ ਪਰ ਨਾਲ ਵਾਹਿਗੁਰੂ ਜੀ ਨੇ ਆਪਣੀ ਮਾਇਆ ਵੀ ਵਰਤਾਈ ਹੈ ਜਿਸ ਦੀ ਸ਼ਕਤੀ ਦਾ ਵਰਣਨ ਕਰਨਾ ਵੀ ਅਸੰਭਵ ਹੀ ਲਗਦਾ ਹੈ। ਵਾਹਿਗੁਰੂ ਜੀ ਦੀ ਮਾਇਆ ਇਤਨੀ ਜ਼ਬਰਦਸਤ ਹੈ, ਉਸ ਵਿਚ ਮਨੁੱਖ ਨੂੰ ਭੁਲਾ ਦੇਣ ਦੀ ਅਮਿਣਵੀਂ ਸ਼ਕਤੀ ਹੈ। ਕਬੀਰ ਸਾਹਿਬ ਬੇਨਤੀ ਕਰਦੇ ਹਨ, ਹੇ ਪ੍ਰਭੂ! ਇਹ ਆਪ ਦੀ ਮਾਇਆ ਨੂੰ ਸੰਕੋਚੋ, ਇਹ ਆਪ ਜੀ ਦਾ ਸਿਮਰਨ ਵਿਸਾਰਦੀ ਹੈ। ਭਗਵਾਨ ਕ੍ਰਿਸ਼ਨ ਜੀ ਪਾਸੋਂ ਜਦੋਂ ਅਰਜਨ ਨੇ ਮਾਇਆ ਹਠ ਕਰਕੇ ਦੇਖੀ ਤਾਂ ਉਲਟਾ ਚੱਕਰ ਚਲ ਪਿਆ, ਅਤਿਅੰਤ ਦੁਖੀ ਹੋਇਆ। ਅੰਤ ਵਿਚ ਭਗਵਾਨ ਜੀ ਨੇ ਜਦੋਂ ਮਾਇਆ ਸੰਕੋਚੀ ਤਾਂ ਉਧੋ ਅਰਜਨ ਨੂੰ ਪੁਛਦਾ ਹੈ, 'ਕਿਉਂ ਫੇਰ ਦੇਖਣੀ ਹੈ ਮਾਇਆ' ਤਾਂ ਅੱਗੋਂ ਅਰਜਨ ਹੱਥ ਬੰਨ੍ਹਦਾ ਹੈ, ਕੰਨਾਂ ਨੂੰ ਹੱਥ ਲਾਉਂਦਾ ਹੈ, ਕਹਿੰਦਾ ਨਾ ਭਾਈ ਅੱਗੇ ਨੂੰ ਮੈਂ ਐਸੀ ਗਲਤੀ ਨਹੀਂ ਕਰਦਾ। ਦਾਸ ਦਾ ਉਪਰੋਕਤ ਵਿਚਾਰ ਕਹਿਣ ਤੋਂ ਭਾਵ ਹੈ ਸਿਮਰਨ ਹਰ ਕੋਈ ਕਰਦਾ ਹੈ, ਪੱਥਰ ਵੀ ਪਾਰਬ੍ਰਹਮ ਪ੍ਰਮੇਸ਼ਰ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਹਨ, ਮਾਨੁਖ ਨੂੰ ਤਾਂ ਪਾਤਸ਼ਾਹ ਨੇ ਸਿਮਰਨ ਦਾ ਮੁਕੰਮਲ ਭੰਡਾਰਾ ਬਖਸ਼ਿਸ਼ ਕਰਕੇ ਸੰਸਾਰ ਰੂਪੀ ਧਰਮਸ਼ਾਲਾ ਵਿਚ ਧਰਮ ਕਮਾਉਣ ਲਈ ਭੇਜਿਆ ਹੈ ਪਰ -

*ਜੋਨਿ ਛਾਡਿ ਜਉ ਜਗ ਮਹਿ ਆਇਓ॥*
*ਲਾਗਤ ਪਵਨ ਖਸਮੁ ਬਿਸਰਾਇਓ॥ ਪੰਨਾ - 337*

ਉਹ ਅਸਲੀ ਸਾਰ ਵਸਤੂ ਵਿਸਰ ਗਈ, ਅਸਲੀ ਸਿਮਰਨ ਵਿਸਰ ਗਿਆ, ਨਕਲੀ ਚੇਤੇ ਰਹਿ ਗਿਆ।

ਜਿਵੇਂ ਇਕ ਚੋਈ ਪ੍ਰੇਮੀ ਆਪਣੇ ਨਾਨਕੀਂ ਗਿਆ। ਉਥੇ ਉਸ ਨੂੰ ਗੁਲਗਲੇ ਪਵਾ ਦਿਤੇ, ਉਸਨੂੰ ਬੜੇ ਸੁਆਦ ਲੱਗੇ। ਉਸਨੇ ਮਨ ਵਿਚ ਪੱਕੀ ਕਰ ਲਈ ਕਿ ਵਾਪਿਸ ਪਿੰਡ ਜਾ ਕੇ ਉਹ ਜ਼ਰੂਰ ਗੁਲਗਲੇ ਪਾਵੇਗਾ। ਉਸਨੇ ਕਿਹਾ ਕਿ ਮੈਂ ਇਹ ਜਿਹੜੇ ਗੁਲਗਲੇ ਪਾਏ ਹਨ, ਕਿਤੇ ਇਹਨਾਂ ਦਾ ਨਾਮ ਨਾ ਭੁੱਲ ਜਾਵਾਂ। ਇਸ ਲਈ ਜਿਉਂ ਉਥੋਂ ਤੁਰਿਆ, ਰਸਤੇ ਵਿਚ ਗੁਲਗਲਿਆਂ ਦਾ ਸਿਮਰਨ ਕਰਨਾ ਸ਼ੁਰੂ ਕਰ ਦਿਤਾ ਤਾਂ ਜੋ ਗੁਲਗਲਿਆਂ ਦੀ ਯਾਦ ਬਣੀ ਰਹੇ। ਇਥੇ ਸੰਸਾਰ ਵਿਚ ਵੀ ਯਾਦ ਔਰ ਭੁੱਲ ਦਾ ਹੀ ਸਵਾਲ ਹੈ। ਸਿਮਰਨ ਦਰ-ਅਸਲ ਯਾਦ ਨੂੰ ਹੀ ਕਿਹਾ ਜਾਂਦਾ ਹੈ। ਵਾਹਿਗੁਰੂ ਨੂੰ ਯਾਦ ਰੱਖਣਾ ਸੌ ਫੀ ਸਦੀ ਪੁੰਨ ਹੈ; ਏਡਾ ਵੱਡਾ ਪੁੰਨ ਹੋਰ ਦੁਨੀਆਂ ਤੇ ਕੋਈ ਹੈ ਹੀ ਨਹੀਂ। ਵਾਹਿਗੁਰੂ ਨੂੰ ਭੁੱਲ ਜਾਣਾ ਸੌ ਫੀ ਸਦੀ ਪਾਪ ਹੈ, ਪਾਪ ਹੀ ਨਹੀਂ ਬਲਕਿ ਅਕ੍ਰਿਤਘਣਤਾ ਹੈ। ਸੋ ਇਉਂ ਸਿਮਰਨ, ਵਸਿਮਰਨ ਦਾ ਸਵਾਲ ਹੈ। ਉਹ ਰਸਤੇ ਵਿਚ ਗੁਲਗਲਿਆਂ ਦਾ ਸਿਮਰਨ ਕਰਦਾ ਹੀ ਆਇਆ। ਰਸਤੇ ਵਿਚ ਇਕ ਖਾਲ ਆ ਗਿਆ। ਜਦੋਂ ਜ਼ੋਰ ਨਾਲ ਛਾਲ ਮਾਰ ਕੇ ਖਾਲ ਟੱਪਿਆ ਤਾਂ ਮੂੰਹ ਵਿਚੋਂ ਹੱਪੜੇ ਨਿਕਲ ਗਿਆ। ਐਸਾ ਮੂੰਹ ਵਿਚੋਂ ਖਾਲ ਟੱਪਣ ਲੱਗਿਆਂ ਹੱਪੜੇ ਨਿਕਲਿਆ, ਬੱਸ ਉਸ ਹੱਪੜੇ ਨੇ ਗੁਲਗਲੇ ਭੁਲਾ ਦਿਤੇ, ਹੱਪੜੇ ਹੀ ਯਾਦ ਰਹਿ ਗਿਆ। ਹੁਣ ਉਸਨੇ ਹੱਪੜੇ-ਹੱਪੜੇ ਦਾ ਸਿਮਰਨ ਸ਼ੁਰੂ ਕਰ ਦਿਤਾ। ਘਰ ਪਹੁੰਚਣ ਸਾਰ ਘਰ ਵਾਲੀ ਨੂੰ ਕਿਹਾ, ਮੈਨੂੰ ਛੇਤੀ ਹੱਪੜੇ ਖਾਣ ਨੂੰ ਹਾਜ਼ਰ ਕਰ। ਉਹ ਵਿਚਾਰੀ ਹੈਰਾਨ ਹੈ ਕਿ ਇਹ ਕਹਿੰਦਾ ਕੀ ਹੈ ਤੇ ਉਹ ਵਾਰ-ਵਾਰ ਕਹੀ ਜਾਂਦਾ ਹੈ 'ਹੱਪੜੇ ਦੇਹ, ਹੱਪੜੇ ਦੇਹ। ਭੁੱਲ ਚੀਜ਼ ਹੀ ਐਸੀ ਹੈ ਭੁੱਲ ਸਾਰੇ ਦੁਖਾਂ ਦਾ ਮੂਲ ਹੈ। ਹਨ੍ਹੇਰੇ ਵਿਚ ਰਾਤ ਨੂੰ ਦਰਵਾਜ਼ਾ ਖੋਲ੍ਹਿਆ, ਦਰਾਂ ਵਿਚ ਰੱਸੀ ਪਈ ਸੀ, ਛਾਲ ਮਾਰ ਕੇ ਅਹੁ ਗਿਆ। ਬੂਹਾ ਬੰਦ ਕਰ ਲਿਆ 'ਐਡਾ ਕਾਲਾ ਨਾਗ', ਮਸਾਂ ਬਚੇ ਹਾਂ। ਸਾਹ ਨਾਲ ਸਾਹ ਨਹੀਂ ਰਲਦਾ। ਤਾਕੀ ਥਾਈਂ ਦੇਖਦਾ ਹੈ, ਅਜੇ ਵੀ ਪਿਆ ਹੈ। ਡਰਨ ਲੱਗਿਆ, ਕਿਤੇ ਅੰਦਰ ਹੀ ਨਾ ਆ ਵੜੇ, ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰਕੇ ਵਿਰਲਾਂ ਵਿਚ ਲੀਰਾਂ ਆਦਿ ਦੇ ਦਿਤੀਆਂ। ਸਾਰੀ ਰਾਤ ਨੀਂਦ ਨਹੀਂ ਆਈ, ਡਰਦਾ ਹੀ ਰਿਹਾ। ਸੂਰਜ ਚੜ੍ਹਿਆ, ਰਾਤ ਅਲੋਪ ਹੋ ਗਈ। ਹਨ੍ਹੇਰੇ ਹੋਰੀਂ ਵੀ ਖਤਮ ਹੋ ਗਏ। ਬੂਹਾ ਖੋਲ੍ਹ ਕੇ ਦੇਖਿਆ - 'ਖੋਦਿਆ ਪਹਾੜ ਤੇ ਨਿਕਲਿਆ ਚੂਹਾ।' ਕੀ ਦੇਖਦੈ, ਰੱਸੀ ਪਈ ਹੈ। ਇਹਨੂੰ ਕਹਿੰਦੇ ਹਨ ਭੁੱਲ। ਕਿੰਨਾ ਦੁਖੀ ਕਰ ਦਿਤਾ, ਸਾਰੀ ਰਾਤ ਹੀ ਦੁਖਾਂ ਵਿਚ ਬਤੀਤ ਹੋ ਗਈ। ਖੈਰ ਆਉ ਇਸੀ ਤਰ੍ਹਾਂ ਉਹ ਵਾਰ-ਵਾਰ ਹੱਪੜੇ ਮੰਗੀ ਜਾਂਦਾ ਹੈ। ਘਰਵਾਲੀ ਦੀ ਸਮਝ ਨਹੀਂ ਆਉਂਦਾ। ਅਖੀਰ ਕਲੇਸ਼ ਹੋਣਾ ਲਾਜ਼ਮੀ ਹੈ, ਝਗੜਾ ਹੋ ਗਿਆ। ਧੱਫਾ ਧੌਲ ਹੋ ਗਈ। ਘਰ ਵਾਲੀ ਨੂੰ ਮਾਰਦਿਆਂ-ਮਾਰਦਿਆਂ ਕਿਤੇ ਉਸਦੇ ਨੱਕ ਤੇ ਚੋਟ

ਲੱਗ ਗਈ, ਨੱਕ ਸੁੱਜ ਗਿਆ। ਰੌਲਾ ਗੁਆਂਢਣ ਨੇ ਸੁਣ ਲਿਆ। ਉਹ ਨੱਠੀ-ਨੱਠੀ ਆਈ, ਕਹਿਣ ਲੱਗੀ, ਵੇ ਕਿਉਂ ਮਾਰਨ ਲੱਗਿਆ ਹੈਂ? ਕੀ ਗੱਲ ਐ? ਘਰ ਵਾਲੀ ਕਹਿੰਦੀ, ਹੱਪੜੇ ਮੰਗਦੈ, ਮੈਂ ਕਿਥੋਂ ਦੇਵਾਂ। ਗੁਆਂਢਣ ਬੋਲੀ, ਵੇ ਉਹ ਕੀ ਹੁੰਦੇ ਨੇ। ਕਿਵੇਂ ਤੋਂ ਮਾਰ-ਮਾਰ ਕੇ ਵਿਚਾਰੀ ਦਾ ਨੱਕ ਗੁਲਗਲੇ ਵਰਗਾ ਕੀਤਾ ਹੈ। 'ਹਾਂਅਅ' ਗੁਲਗਲੇ, ਗੁਲਗਲੇ, ਗੁਲਗਲੇ। ਸੋ ਸਿਮਰਨ ਤਾਂ ਮਨੁੱਖ ਕਰਦਾ ਹੈ, ਦਿਨ ਰਾਤ ਕਰਦਾ ਹੈ, ਰਾਤ ਨੂੰ ਸੁਪਨਿਆਂ ਵਿਚ ਵੀ ਕਰੀ ਜਾਂਦਾ ਹੈ। ਪਰ ਵਾਹਿਗੁਰੂ ਜੀ ਨੂੰ ਭੁੱਲ ਕੇ, ਹਰ ਵਕਤ ਮਾਇਆ ਦਾ ਸਿਮਰਨ ਕਰਦਾ ਹੈ। ਅਸਲੀ ਸਾਰ ਸਿਮਰਨ ਭੁੱਲ ਕੇ, ਫੋਕਟ ਦਾ ਸਿਮਰਨ ਸੁਖੀ ਹੋਣ ਵਾਸਤੇ ਜਿਉਂ-ਜਿਉਂ ਕਰਦਾ ਹੈ ਤਿਉਂ-ਤਿਉਂ ਹੋਰ ਦੁਖੀ ਹੁੰਦਾ ਚਲਿਆ ਜਾ ਰਿਹਾ ਹੈ। ਮ੍ਰਿਗ-ਤ੍ਰਿਸ਼ਨਾ ਦੇ ਜਲ ਵਾਂਗ ਪਿਆਸ ਬੁਝਾਉਣ ਲਈ, ਤ੍ਰਿਪਤ ਹੋਣ ਲਈ, ਦਿਨ ਰਾਤ ਉਸੀ ਸਿਮਰਨ ਕਾਰਨ ਯਤਨਸ਼ੀਲ ਹੈ। ਪਰ ਪਾਤਸ਼ਾਹ ਕਹਿੰਦੇ, ਇਹ ਸਿਮਰਨ ਦਾ ਫਲ ਹੀ ਦੁਖ ਹੈ। ਤੂੰ ਕਿਉਂ ਭੁੱਲ ਗਿਆ? ਕੰਨ ਖੋਲ੍ਹ ਕੇ ਸੁਣ - ਦਰਗਾਹੀ ਫੁਰਮਾਨ -

*ਸਹਸ ਖਟੇ ਲਖ ਕਉ ਉਠਿ ਧਾਵੈ॥*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥*
*ਅਨਿਕ ਭੋਗ ਬਿਖਿਆ ਕੇ ਕਰੈ॥*
*ਨਹ ਤ੍ਰਿਪਤਾਵੈ ਖਪਿ ਖਪਿ ਮਰੈ॥*
*ਬਿਨਾ ਸੰਤੋਖ ਨਹੀ ਕੋਊ ਰਾਜੈ॥*
*ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥*
*ਨਾਮ ਰੰਗਿ ਸਰਬ ਸੁਖੁ ਹੋਇ॥*
*ਬਡਭਾਗੀ ਕਿਸੈ ਪਰਾਪਤਿ ਹੋਇ॥* *ਪੰਨਾ - 279*

ਇਹ ਰੇਤਾ ਪੀੜ ਕੇ ਤੇਲ ਕੱਢਣਾ ਚਾਹੁੰਦਾ ਹੈ। ਭਲਾ ਇਹਨੂੰ ਪੁੱਛੋ, ਕਦੇ ਰੇਤੇ ਵਿਚੋਂ ਵੀ ਤੇਲ ਨਿਕਲਿਆ ਹੈ। ਸੌ ਜਨਮ ਪੀੜੀ ਚੱਲੋ, ਇਕ ਬੂੰਦ ਨਹੀਂ ਨਿਕਲਦੀ; ਰੇਤੇ ਵਿਚ ਤੇਲ ਹੈ ਹੀ ਨਹੀਂ। ਇਸੀ ਤਰ੍ਹਾਂ ਛਿੰਨ-ਭੰਗਰੇ ਸੁਖਾਂ ਲਈ, ਆਰਜ਼ੀ ਸੁਖ ਲਈ permanent ਸੁਖਾਂ ਦਾ ਦਾਤਾ, ਸਦੀਵੀ ਸੁਖਾਂ ਦਾ ਦਾਤਾ ਨਾਮ ਦਾ ਸਿਮਰਨ ਭੁਲਾ ਕੇ, ਗੁਰੂ ਪਾਤਸ਼ਾਹ ਦੇ ਨਾਮ ਨੂੰ ਭੁਲਾ ਕੇ ਆਪਣੇ future (ਭਵਿੱਖ) ਨੂੰ ਬਰਬਾਦ ਕਰੀ ਜਾ ਰਿਹਾ ਹੈ। ਚਾਹੀਦਾ ਤਾਂ ਇਹ ਸੀ ਜੋ ਸਭ ਤੋਂ ਮੁੱਖ ਕੰਮ ਹੈ, ਗੁਰੂ ਵਾਲਾ ਬਣ ਕੇ ਨਾਮ ਦੀ ਦਾਤ ਪ੍ਰਾਪਤ ਕਰਕੇ, ਨਾਮ ਦਾ ਸਿਮਰਨ ਕਰਕੇ-

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥*
*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥*
*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥*
*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *ਪੰਨਾ - 8*

ਦਾ ਦਰਜਾ ਪ੍ਰਾਪਤ ਕਰਦਾ ਪਰ ਲੰਗੜੇ ਗਧੇ ਵਾਂਗ ਜਿਲ੍ਹਣ ਵਿਚ ਫਸ ਗਿਆ ਹੈ। ਜਿਲ੍ਹਣ ਦਾ ਸੁਭਾਅ ਹੈ - ਜਿਉਂ-ਜਿਉਂ ਗਧਾ ਲੱਤਾਂ-ਲੁਤਾਂ ਮਾਰ ਕੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ, ਤਿਉਂ-ਤਿਉਂ ਹੋਰ ਧਸੀ ਜਾਂਦਾ ਹੈ। ਉਨੀ ਦੇਰ ਨਹੀਂ ਨਿਕਲ ਸਕਦਾ ਜਿੰਨੀ ਦੇਰ ਕੋਈ ਕੱਢਣ ਵਾਲਾ ਨਾ ਆ ਜਾਵੇ। ਉਸੇ ਲੰਗੜੇ ਗਧੇ ਵਾਲੀ, ਜੀਵ ਦੀ ਹਾਲਤ ਹੈ। ਅਸਲੀ ਸਿਮਰਨ ਛੱਡ ਕੇ ਨਕਲੀ ਸਿਮਰਨ ਇਕੱਠਾ ਕਰਨ ਲਗ ਪਿਆ, ਜਿਸਦੇ ਨਤੀਜੇ ਬੜੇ ਹੀ ਦੁਖਦਾਇਕ ਹਨ। ਦਾਤੇ ਦਾ ਸਿਮਰਨ ਛੱਡ ਕੇ ਦਾਤਾਂ ਵਿਚ ਪਰਚ ਗਿਆ -

*ਛੋਡਿ ਜਾਹਿ ਸੇ ਕਰਹਿ ਪਰਾਲ॥*
*ਕਾਮਿ ਨ ਆਵਹਿ ਸੇ ਜੰਜਾਲ॥*
*ਸੰਗਿ ਨ ਚਾਲਹਿ ਤਿਨ ਸਿਉ ਹੀਤ॥*
*ਜੋ ਬੈਰਾਈ ਸੇਈ ਮੀਤ॥*
*ਐਸੇ ਭਰਮਿ ਭੁਲੇ ਸੰਸਾਰਾ॥*
*ਜਨਮੁ ਪਦਾਰਥੁ ਖੋਇ ਗਵਾਰਾ॥*
*ਸਾਚੁ ਧਰਮੁ ਨਹੀ ਭਾਵੈ ਡੀਠਾ॥*
*ਝੂਠ ਧੋਹ ਸਿਉ ਰਚਿਓ ਮੀਠਾ॥*
*ਦਾਤਿ ਪਿਆਰੀ ਵਿਸਰਿਆ ਦਾਤਾਰਾ॥*
*ਜਾਣੈ ਨਾਹੀ ਮਰਣੁ ਵਿਚਾਰਾ॥* *ਪੰਨਾ - 676*

ਪੁੱਤਾਂ ਧੀਆਂ ਦਾ ਸਿਮਰਨ ਕਰਦਾ ਹੈ, ਮਕਾਨਾਂ ਦਾ ਸਿਮਰਨ ਕਰਦਾ ਹੈ, ਮਾਇਆ ਦਾ ਸਿਮਰਨ ਕਰਦਾ ਹੈ, ਕਿਵੇਂ ਵੱਡਾ ਹੋ ਜਾਵਾਂ ਇਤਿਆਦਿ। ਹੁਣ ਇਸ ਨਕਲੀ ਸਿਮਰਨ ਦਾ ਫਲ ਵੀ ਤੇ ਆਖਰ ਕੋਈ ਹੈ ਹੀ।

ਇਕ ਸੇਠ ਸੇਠਾਣੀ ਕਾਸ਼ੀ ਵਿਚ ਰਹਿੰਦੇ ਹਨ। ਉਹਨਾਂ ਦੇ ਔਲਾਦ ਨਹੀਂ ਯਾਨੀ ਪੁੱਤਰ ਨਹੀਂ ਹੈ। ਹਰ ਵਕਤ ਪੁੱਤਰ ਦਾ ਹੀ ਸਿਮਰਨ ਕਰਦੇ ਹਨ। ਬੜੇ ਹੀਲੇ, ਉਪਾਅ, ਯਤਨ ਕੀਤੇ ਪਰ ਪੁੱਤਰ ਦਾ ਮੂੰਹ ਨਹੀਂ ਦੇਖ ਸਕੇ। ਉਹਨਾਂ ਦੇ ਗੁਆਂਢ ਵਿਚ ਇਕ ਪ੍ਰਭੂ ਦਾ ਭਗਤ ਰਹਿੰਦਾ ਹੁੰਦਾ ਸੀ। ਉਸਨੇ ਬਥੇਰਾ ਸਮਝਾਉਣਾ, ਸੇਠ ਜੀ ਪੁੱਤਰ ਦੀ ਕਲਪਨਾ ਛੱਡ ਕੇ ਪ੍ਰਮੇਸ਼ਰ ਦਾ ਸਿਮਰਨ ਕਰੋ, ਭਜਨ ਕਰੋ, ਵਾਹਿਗੁਰੂ ਦੀ ਰਜ਼ਾ ਵਿੱਚ ਰਹੋ। ਅੱਜ ਜੇਠ ਹਾੜ ਦਾ ਮਹੀਨਾ ਹੈ। ਸੇਠ ਸੇਠਾਣੀ ਕੋਠੇ ਤੇ ਪਏ ਹਨ। ਸੇਠਾਣੀ ਕਹਿਣ ਲੱਗੀ, ਸੇਠ ਜੀ ਜੇ ਪ੍ਰਭੂ ਆਪਾਂ ਨੂੰ ਪੁੱਤਰ ਦੇ ਦੇਵੇ ਆਪਾਂ ਉਸਨੂੰ ਕਿੱਥੇ ਪਾਈਏ। ਸੇਠ ਨੇ ਆਪਣਾ ਮੰਜਾ ਥੋੜਾ ਪਰ੍ਹੇ ਕਰ ਕੇ ਕਹਿ ਦਿੱਤਾ, ਇਥੇ ਪਾ ਲਈਏ। ਸੇਠਾਣੀ ਨੇ ਫੇਰ ਕਹਿ ਦਿੱਤਾ, ਭਲਾ ਜੇ ਵਾਹਿਗੁਰੂ ਸਾਨੂੰ ਇੱਕ ਹੋਰ ਪੁੱਤਰ ਦੇ ਦੇਵੇ ਉਹਨੂੰ ਕਿੱਥੇ ਪਾਈਏ। ਸੇਠ ਆਪਣਾ ਮੰਜਾ ਪਰੇ ਕਰਨ ਲੱਗਿਆ ਧਾੜ ਦੇ ਕੇ ਗਲੀ ਵਿੱਚ ਡਿਗ ਪਿਆ। ਡਿਗਦੇ ਦੀ ਹੀ ਟੰਗ ਟੁੱਟ ਗਈ - ਹਾਇ ਮਰ ਗਿਆ, ਹਾਇ ਮਰ ਗਿਆ ਹੋ ਗਈ। ਰੌਲਾ ਪੈ ਗਿਆ। ਲੋਕ ਇਕੱਠੇ ਹੋ ਗਏ। ਉਹ ਭਗਤ ਜੀ ਵੀ ਆ ਗਏ। ਪੁੱਛਣ ਲੱਗੇ, ਕੀ ਗੱਲ ਹੋ ਗਈ? ਕਹਿੰਦੇ ਇਉਂ ਪੁੱਤਰ ਦਾ ਸਿਮਰਨ ਕਰਦੇ ਸੀ। ਭਗਤ ਜੀ ਕਹਿੰਦੇ, ਦੇਖ ਲਉ ਸਿਮਰਨ ਦਾ ਨਤੀਜਾ। ਸਿਮਰਨ ਨੇ ਹੀ ਲੱਤ ਤੋੜ ਦਿੱਤੀ। ਜੇ ਪੁੱਤਰ ਹੋ ਜਾਂਦਾ ਫੇਰ ਤਾਂ ਦੇਖ ਲਓ ਕੀ ਹੁੰਦਾ। ਇਸ ਲਈ ਭਗਤ ਜੀ ਕਹਿਣ ਲੱਗੇ, ਮਾਇਆ ਦਾ, ਪਦਾਰਥਾਂ ਦਾ, ਸਿਮਰਨ ਛੱਡ ਕੇ ਵਾਹਿਗੁਰੂ ਦਾ ਸਿਮਰਨ ਕਰਨਾ ਜ਼ਰੂਰੀ ਹੈ ਜਿਸ ਨਾਲ ਲੋਕ ਪ੍ਰਲੋਕ ਸਫਲਾ ਹੁੰਦਾ ਹੈ। ਜਿਸ ਸਿਮਰਨ ਵਿਚ ਇਹ ਨਿਗੁਰਾ ਭੁੱਲੜ ਪੁਰਸ਼ ਲੱਗਿਆ ਹੋਇਆ ਹੈ, ਉਸਦੇ ਨਤੀਜਿਆਂ ਦਾ ਉਸਨੂੰ ਪਤਾ ਨਹੀਂ। ਉਸਦੇ ਨਤੀਜਿਆਂ ਬਾਰੇ ਇਕ ਦਫਾ ਭਗਤ ਤ੍ਰਿਲੋਚਨ ਜੀ ਤੋਂ ਪੁੱਛਿਆ ਸੀ ਕਿ ਕਿਸ ਕਿਸ ਦੀ ਯਾਦ ਦੇ ਕੀ ਕੀ ਨਤੀਜੇ ਹਨ ਤਾਂ ਭਗਤ ਤ੍ਰਿਲੋਚਨ ਜੀ ਇਉਂ ਫੁਰਮਾਨ ਕਰਦੇ ਹਨ:-

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥*
*ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥ ਰਹਾਉ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸੂਕਰ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਵਸੈ॥* *ਪੰਨਾ-526*

ਜਦ ਕੋਈ ਸਰਕਾਰ ਬਣਦੀ ਹੈ ਉਸਨੂੰ ਚਲਾਉਣ ਲਈ ਕੋਈ constitution (ਵਿਧਾਨ) ਬਣਾਇਆ ਜਾਂਦਾ ਹੈ, ਕਾਨੂੰਨ ਬਣਾਏ ਜਾਂਦੇ ਹਨ ਜਿਸ ਅਨੁਸਾਰ ਸਰਕਾਰ ਦਾ ਕੰਮ ਚਲਦਾ ਹੈ। ਇਸੀ ਤਰ੍ਹਾਂ ਵਾਹਿਗੁਰੂ ਪ੍ਰਮੇਸ਼ਰ ਨੇ ਜਿਸ ਵਕਤ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ ਤਾਂ ਨਾਲ ਦੀ ਨਾਲ ਇਸ ਸੰਸਾਰ ਰੂਪੀ ਖੇਡ ਚਲਾਉਣ ਲਈ rules and regulations ਬਣਾਏ ਹਨ। ਜਦ ਤੱਕ ਸ੍ਰਿਸ਼ਟੀ ਰਹੇਗੀ, ਉਦੋਂ ਤੱਕ ਇਹ ਵਾਹਿਗੁਰੂ ਦੇ ਕਾਨੂੰਨ ਵੀ ਲਾਗੂ ਰਹਿਣਗੇ। ਕਿਸੇ ਦੀ ਤਾਕਤ ਨਹੀਂ ਇਹਨਾਂ ਨੂੰ ਕੋਈ ਬਦਲ ਦੇਵੇ। ਇਹਨਾਂ ਤੋਂ ਲਾਭ ਉਠਾਉਣਾ ਜਾਂ ਨਾ ਉਠਾਉਣਾ ਇਨਸਾਨ ਦੀ ਆਪਣੀ ਸਮਝ ਤੇ ਨਿਰਭਰ ਕਰਦਾ ਹੈ। ਉਹ ਰੱਬੀ ਕਾਨੂੰਨਾਂ ਦੀ ਬਾਬਤ ਹੀ ਭਗਤ ਤ੍ਰਿਲੋਚਨ ਜੀ ਉਪਰੋਕਤ ਸ਼ਬਦ ਵਿਚ ਜ਼ਿਕਰ ਕਰਦੇ ਹਨ। ਸਮਝਾਉਣ ਵਾਸਤੇ ਸਿਆਣੇ ਪੁਰਸ਼ ਨਮੂਨੇ ਦੇ ਤੌਰ ਤੇ ਕੁਝ ਮਿਸਾਲਾਂ ਦਿਆ ਕਰਦੇ ਹਨ। ਇਥੇ ਦਸਦੇ ਹਨ ਜੇ ਕੋਈ ਮਰਨ ਵੇਲੇ ਧਨ ਦੀ ਯਾਦ ਵਿਚ ਚਲਾਣਾ ਕਰ ਜਾਏ, ਉਹਨੂੰ ਹਰ ਹਾਲਤ ਵਿਚ ਸੱਪ ਦੀ ਜੂਨੀ ਮਿਲਦੀ ਹੈ। ਜੇ ਮਰਨ ਵੇਲੇ ਕਿਸੇ ਦੀ ਯਾਦ ਇਸਤਰੀ 'ਚ ਰਹਿ ਜਾਇ, ਉਹਨੂੰ ਲਾਜ਼ਮੀ ਵੇਸ਼ਵਾ ਦੀ ਜੂਨੀ ਮਿਲਦੀ ਹੈ। ਜੇ ਮਰਨ ਵੇਲੇ ਖਿਆਲ ਪੁੱਤਰਾਂ ਧੀਆਂ ਵਿੱਚ ਚਲਿਆ ਜਾਵੇ ਤਾਂ ਸੂਰ ਦੀ ਜੂਨ ਮਿਲਦੀ ਹੈ ਭਾਵ ਸੂਰ ਬਣਨਾ ਪੈਂਦਾ ਹੈ। ਜੇ ਮਰਨ ਵੇਲੇ ਕਿਸੇ ਦਾ ਖਿਆਲ ਮਕਾਨਾਂ ਵਿਚ ਜਾਂ ਮੰਦਰਾਂ ਵਿਚ ਰਹਿ ਜਾਵੇ ਤਾਂ ਉਸਨੂੰ ਹਰ ਹਾਲਤ ਵਿਚ ਪ੍ਰੇਤ ਦੀ ਜੂਨੀ ਮਿਲਦੀ ਹੈ। ਤਾਂ ਤੇ ਭਗਤ ਜੀ ਕਹਿੰਦੇ ਹਨ, ਤੈਨੂੰ ਵਾਹਿਗੁਰੂ ਦਾ ਸਿਮਰਨ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਜਿਸਦੀ ਕਿਰਪਾ ਨਾਲ ਮੋਕਸ਼ ਮਿਲਦੀ ਹੈ। ਜੇ ਕੋਈ ਕਹੇ, ਮਰਨ ਵੇਲੇ ਵਾਹਗਿਰੂ ਦਾ ਸਿਮਰਨ ਕਰ ਲਵਾਂਗੇ, ਹੁਣ ਕੀ ਲੋੜ ਹੈ। ਯਾਦ ਹੀ ਜੀਵਨ ਹੈ। ਜੈਸੀ ਯਾਦ, ਵੈਸਾ ਜੀਵਨ ਹੈ ਇਹ ਕਿਵੇਂ ਹੋ ਸਕਦਾ ਹੈ, ਸਾਰੀ ਉਮਰ ਮਾਇਆ ਦੀ ਯਾਦ ਵਿਚ ਗੁਜ਼ਾਰ ਦੇਵੇ ਤੇ ਬਕਤੇ-ਅਖੀਰ ਕਹੇ ਵਾਹਿਗੁਰੂ ਕਹਿ ਲਵਾਂਗੇ। ਇਹ ਤਾਂ ਬਿਲਕੁਲ ਹੀ ਅਸੰਭਵ ਗੱਲ ਹੈ, ਕਦੇ ਹੋ ਹੀ ਨਹੀਂ ਸਕਦੀ। ਇਹ ਤਾਂ ਇਉਂ ਹੈ ਜਿਵੇਂ ਗੁਰੂ ਘਰ ਦੇ ਬੇਦ-ਬਿਆਸ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਜੇ ਕਿਸੇ ਨੂੰ ਪਿਆਸ ਲੱਗੀ ਹੋਵੇ, ਉਹ ਚਾਹੇ, ਮੈਂ ਖੂਹ ਪੁੱਟ ਕੇ ਪਾਣੀ ਕੱਢ ਕੇ ਪਿਆਸ ਬੁਝਾਵਾਂ ਜਾਂ ਅੱਗ ਲਗੀ ਹੋਵੇ, ਉਸਨੂੰ ਖੂਹ ਪੁੱਟ ਕੇ ਬੁਝਾਉਣ ਦੀ ਕੋਸ਼ਿਸ਼ ਕਰੇ। ਕੀ ਇਹ ਸੰਭਵ ਹੈ? ਬਿਲਕੁਲ ਨਹੀਂ। ਜੇ ਕੋਈ ਯੁੱਧ ਕਰਨ ਸਮੇਂ ਇਹ ਕਹੇ ਕਿ ਮੈਂ ਸ਼ਸ਼ਤਰ ਵਿਦਿਆ ਸਿੱਖ ਕੇ ਯੁੱਧ ਕਰਾਂਗਾ, ਇਹ ਵੀ ਅਣਹੋਣੀ ਗੱਲ ਹੈ। ਇਉਂ ਭਾਈ ਸਾਹਿਬ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਅਜਿਹਾ ਕਰਨ ਨਾਲ ਵਕਤੇ-ਅਖੀਰ ਪਛਤਾਵਾ ਹੀ ਪੱਲੇ ਪੈਂਦਾ ਹੈ ਫੇਰ ਕੁਝ ਨਹੀਂ ਬਣਦਾ। 'ਅਬ ਪਛਤਾਏ ਕਿਆ ਹੋਤ ਹੈ ਜਬ ਚਿੜੀਆਂ ਚੁਗ ਗਈ ਖੇਤ' ਵਾਲੀ ਗੱਲ ਹੈ -

*ਜੈਸੇ ਘਰਿ ਲਾਗੈ ਆਗਿ, ਜਾਗਿ ਕੂਆ ਖੋਦਯੋ ਚਾਹੈ,*
*ਕਾਰਜ ਨ ਸਿਧਿ ਹੋਇ, ਰੋਇ ਪਛੁਤਾਈਐ॥*
*ਜੈਸੇ ਤੌ ਸੰਗ੍ਰਾਮ ਸਮੈ, ਸੀਖਯੋ ਚਾਹੈ ਬੀਰ ਬਿਦਯਾ,*
*ਅਨਿਥਾ ਉਦਮਜੈਤ, ਪਦਵੀ ਨ ਪਾਈਐ॥*
*ਜੈਸੇ ਨਿਸਿ ਸੋਵਤ ਸੰਗਾਤੀ ਚਲਿ ਜਾਤਿ ਪਾਛੈ,*
*ਭੋਰ ਭਏ ਭਾਰ ਬਾਂਧ, ਚਲੇ ਕਤ ਜਾਈਐ॥*
*ਤੈਸੇ ਮਾਯਾ ਧੰਧ, ਅੰਧ, ਅਵਧਿ ਬਿਹਾਇ ਜਾਇ,*
*ਅੰਤਿਕਾਲ ਕੈਸੇ ਹਰਿ ਨਾਮ ਲਿਵ ਲਾਈਐ॥*
*ਭਾਈ ਗੁਰਦਾਸ ਜੀ, ਕਬਿੱਤ - 495*

ਸੋ ਸਾਧ ਸੰਗਤ, ਜੋ ਯਥਾਰਥ ਉਪਦੇਸ਼ ਹੈ, ਉਹ ਹੈ ਗੁਰੂ ਵਾਲਾ ਬਣਕੇ ਵਾਹਿਗੁਰੂ ਦੀ ਯਾਦ ਵਿਚ ਜੀਵਨ ਗੁਜ਼ਾਰਨਾ, ਲੋਕ ਸੁਖੀ ਪ੍ਰਲੋਕ ਸੁਹੇਲਾ ਹੋਣਾ। ਅਗਰ ਐਸਾ ਨਹੀਂ, ਸਾਰੀ ਉਮਰ ਵਾਹਿਗੁਰੂ ਨੂੰ ਭੁਲਾ ਕੇ ਹੀ ਗੁਜ਼ਾਰ ਦਿਤੀ ਤਾਂ ਫਿਰ -

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ*
*ਤਬ ਕੈਸੇ ਗੁਨ ਗਈ ਹੈ॥*
*ਊਠਤ ਬੈਠਤ ਠੇਗਾ ਪਰਿ ਹੈ*
*ਤਬ ਕਤ ਮੂਡ ਲੁਕਈ ਹੈ॥* *ਪੰਨਾ - 524*

ਮੱਥੇ ਤੇ ਹੱਥ ਮਾਰ-ਮਾਰ ਕੇ ਪਛਤਾਵਾ ਹੀ ਪਲੇ ਰਹਿ ਜਾਣਾ ਹੈ।

✡ ✡ ✡ ✡ ✡ ✡ ✡ ✡ ✡

---

## ਜੀਵਨ ਸੁਪਨਾ

ਲੱਖ ਮੁਲਕ ਤੇ ਮਾੜੀਆਂ ਮਹਿਲ ਵਾਲੇ
ਹੁੰਦੇ ਪਲਕ ਦੇ ਵਿਚ ਕੰਗਾਲ ਐਵੇਂ।
ਅੰਦਰ ਚੋਰ ਤੇ ਫੇਰ ਨਹੀਂ ਪਤਾ ਚਲਦਾ,
ਮੁਫਤ ਵਿਚ ਲੁਟਾਂਵਦੇ ਮਾਲ ਐਵੇਂ।
ਨੇਕੀ ਆਂਵਦੀ ਅੰਤ ਨੂੰ ਕੰਮ ਸਭ ਦੇ,
ਬੰਦਾ ਬਦੀ ਦੇ ਕਰੇ ਖਿਆਲ ਐਵੇਂ।
ਦੁਨੀਆਂ ਗੋਲੇ ਦੇ ਵਾਂਗੂੰ ਘੁਮਾ ਦਿਤੀ,
ਹੋ ਗਿਆ ਮਸ਼ਰਕ ਦੀ ਜਗਾ ਸ਼ੁਮਾਲ ਐਵੇਂ।
ਪਤਾ ਨਹੀਂ ਇਹ ਕਿਸ ਤਰ੍ਹਾਂ ਚਲ ਰਹੀ ਹੈ,
ਅਦਲੀ ਕਲਮ ਦੇ ਵਿਚ ਕਮਾਲ ਐਵੇਂ।
ਪਤਾ ਨਹੀਂ ਇਹ ਵਾਂਗਰਾਂ ਮਛਲੀਆਂ ਦੇ,
ਕਾਬੂ ਵਿਚ ਆ ਜਾਵਣਾ ਜਾਲ ਐਵੇਂ।
ਜਿਹੜੇ ਸਤਵੇਂ ਅਸਮਾਨ ਤੇ ਚੜ੍ਹੇ ਬੈਠੇ,
ਉਹ ਤਾਰਦਾ ਵਿਚ ਪਤਾਲ ਐਵੇਂ।
ਬਿਨਾਂ ਬਾਜ਼ੀ ਤੋਂ ਬਾਜ਼ੀ ਨਹੀਂ ਕਦੇ ਲਗਦੀ,
ਕਾਹਨੂੰ ਮਾਰੇਂ ਅਕਾਸ਼ ਤੋਂ ਛਾਲ ਐਵੇਂ।
ਕੋਈ ਸੈਂਕੜੇ ਸਾਲ ਦਾ ਹੋ ਮਰਦਾ,
ਕੋਈ ਗਰਭ ਵਿਚ ਦਿਤਾ ਗਾਲ ਐਵੇਂ।
ਕੋਈ ਹੋ ਕੇ ਬਿਰਧ ਸਫੇਦ ਮਰਿਆ,
ਕੋਈ ਲੈ ਗਿਆ ਕਾਲੜੇ ਵਾਲ ਐਵੇਂ।
ਕੋਈ ਭਰੀ ਜਵਾਨੀ ਦੇ ਵਿਚ ਮਰਿਆ,
ਕਰ ਗਈ ਅਜਲ ਦੀ ਛੁਰੀ ਹਲਾਲ ਐਵੇਂ।
ਕੋਈ ਪੁਰਸ਼ ਤਲਵਾਰ ਦੇ ਨਾਲ ਮਰਿਆ,
ਕਿਸੇ ਪੁਰਸ਼ ਨੂੰ ਮਾਰ ਗਈ ਢਾਲ ਐਵੇਂ।
ਮੁਕਦਾ ਚੋਗ ਸਵਾਸ ਵੀ ਨਹੀਂ ਆਉਂਦਾ,
ਭਰਿਆ ਰਹਿੰਦੈ ਪਕਵਾਨ ਦਾ ਥਾਲ ਐਵੇਂ।
ਹੱਥ ਰੋਟੀ ਗਲਾਸ ਦੇ ਵਿਚ ਪਾਣੀ,
ਪਈ ਰਹਿੰਦੀ ਪਲੇਟ ਵਿਚ ਦਾਲ ਐਵੇਂ।
ਮਿਲਦਾ ਸੋ ਜੋ ਵਿਚ ਨਸੀਬ ਲਿਖਿਆ,
ਹੱਥ ਅੱਡ ਕੇ ਕਰੇਂ ਸਵਾਲ ਐਵੇਂ।
ਖਾ ਲੈ ਖਰਚ ਲੈ ਪੁੰਨ ਤੇ ਦਾਨ ਕਰ ਲੈ,
ਪਿਆ ਰਹਿਣੈ ਤਜੌਰੀ ਵਿਚ ਮਾਲ ਐਵੇਂ।
ਅਦਲੀ ਆਖਦਾ ਜ਼ਿੰਦਗੀ ਜਾਣ ਐਵੇਂ,
ਇਹਨੂੰ ਸਮਝ ਸਤਰੰਜ ਦੀ ਚਾਲ ਐਵੇਂ।

*ਨਸੀਬ ਸਿੰਘ 'ਅਦਲੀ'*

# ਮਹਮਾ ਨਾਮ ਕਹਾ ਲਉ ਬਰਨਉ

ਪ੍ਰੋ: ਗੁਰਦੇਵ ਸਿੰਘ

ਨਾਮ ਦੀਆਂ ਬਰਕਤਾਂ ਦਾ ਵਰਨਣ ਕਥਨੀ ਤੇ ਕਰਨੀ ਤੋਂ ਬਾਹਰਾ ਹੈ ਜਿਸ ਬਾਰੇ ਗੁਰਬਾਣੀ ਦਾ ਪਵਿੱਤਰ ਕਥਨ ਹੈ - *"ਕਥਿ ਕਥਿ ਕਥੀ ਕੋਟੀ ਕੋਟਿ ਕੋਟਿ।"* ਇਸ ਨਾਮ ਤੋਂ ਸਾਰਾ ਪਸਾਰਾ, ਖੰਡਾਂ, ਬ੍ਰਹਿਮੰਡਾਂ ਦੀ ਰਚਨਾ ਹੋਈ ਹੈ ਅਤੇ ਇਹ ਨਾਮ ਸ੍ਰਿਸ਼ਟੀ ਦੇ ਕਿਣਕੇ-ਕਿਣਕੇ ਵਿਚ ਪਸਰਿਆ ਹੋਇਆ ਹੈ ਅਤੇ ਇਸ universe ਦਾ ਮੂਲ ਤੱਤਵ ਹੈ ਜਿਸ ਤੋਂ ਸਾਰੀਆਂ ਧਰਤੀਆਂ ਦਾ ਸੰਤੁਲਨ ਕਾਇਮ ਹੈ - *'ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਿਮੰਡ॥'* (ਪੰਨਾ - 284) ਇਹ ਨਾਮ ਨਿਰਗੁਣ ਤੇ ਸਰਗੁਣ ਸਰੂਪ ਹੋ ਕੇ ਵਾਹਿਗੁਰੂ ਜੀ ਦੀ ਪਰੀਪੂਰਨ ਸੱਤਾ ਦੇ ਰੂਪ ਵਿਚ ਆਪਣੀ ਖੇਡ ਆਪ ਹੀ ਕਰ ਰਿਹਾ ਹੈ। ਇਹ ਸਰਬ ਸ਼ਕਤੀਮਾਨ, ਸਰਬੱਗ ਤੇ ਸਰਵ ਫਲੀਭੂਤ ਆਪਣੇ ਆਪ ਤੋਂ ਆਪ ਹੀ ਹੈ।

ਸੰਸਾਰੀ ਜੀਵਾਂ ਨੂੰ ਇਸ ਨਾਮ ਦੀ ਮਹਿਮਾ ਬਾਰੇ ਜਾਣੂ ਕਰਵਾਉਣ ਅਤੇ ਇਸ ਨਾਮ ਤੇ ਸ਼ਰਧਾ ਤੇ ਵਿਸ਼ਵਾਸ਼ ਪਰਗਟਾਉਣ ਹਿਤ ਵਾਹਿਗੁਰੂ ਜੀ ਅਨੰਤ ਕਾਲ ਤੋਂ ਪੀਰਾਂ, ਪੈਗੰਬਰਾਂ, ਅਵਤਾਰਾਂ, ਰਿਸ਼ੀਆਂ, ਮੁਨੀਆਂ, ਸਾਧੂ-ਸੰਤਾਂ, ਭਗਤਾਂ, ਗੁਰੂ ਅਵਤਾਰਾਂ ਨੂੰ ਸਮੇਂ-ਸਮੇਂ ਇਸ ਸੰਸਾਰ ਤੇ ਭੇਜਦੇ ਰਹਿੰਦੇ ਹਨ ਤਾਂ ਕਿ ਇਹ ਭੁੱਲੇ ਭਟਕੇ ਜੀਵ ਉਸ ਪ੍ਰਭੂ ਭਗਤੀ ਰਾਹੀਂ ਨਾਮ ਦੀ ਦ੍ਰਿੜ੍ਹਤਾ ਤੇ ਵਿਸ਼ਵਾਸ਼ ਕਰਕੇ ਮੁਕਤੀ ਦਾ ਰਾਹ ਪ੍ਰਾਪਤ ਕਰਦੇ ਰਹਿਣ ਅਤੇ ਸੰਸਾਰ ਵਿਚ ਵਸਦੇ ਜੀਵਾਂ ਨੂੰ ਅਮਨ ਸ਼ਾਂਤੀ ਪ੍ਰਦਾਨ ਕਰਦੇ ਰਹਿਣ ਜਿਸ ਨਾਲ ਮਨੁਖਤਾ ਵਿਚ ਆਪਸੀ ਭਾਈਚਾਰਾ ਤੇ ਪ੍ਰਸਪਰ ਪਿਆਰ ਪੈਦਾ ਹੋ ਕੇ ਦੁਖਾਂ ਕਲੇਸ਼ਾਂ ਤੇ ਵੈਰ ਵਿਰੋਧ ਦਾ ਖਾਤਮਾ ਹੋ ਜਾਵੇ ਅਤੇ ਸਚਮੁਚ ਇਹ ਸੰਸਾਰ ਜੋ ਉਛਲਦੇ ਸਮੁੰਦਰ ਦੀ ਤਰ੍ਹਾਂ ਭੈਭੀਤ ਤੇ ਬਿਖ ਰੂਪ ਲਗਦਾ ਹੈ, ਇਹ ਹਰੀ ਦਾ ਰੂਪ ਲਗਣ ਲਗ ਜਾਵੇ ਜਿਸ ਬਾਰੇ ਫੁਰਮਾਨ ਹੈ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥* *ਪੰਨਾ - 922*

ਪਰੰਤੂ ਬੜੇ ਅਫਸੋਸ ਦੀ ਗਲ ਹੈ ਕਿ ਸਾਰਾ ਸੰਸਾਰ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ, God-God ਕਹਿੰਦਾ ਹੈ, ਜਪਦਾ ਹੈ ਪਰ ਸਭ ਦਾ ਪਾਰ ਉਤਾਰਾ ਕਿਉਂ ਨਹੀਂ ਹੁੰਦਾ? ਫੇਰ ਵੀ ਇਹ ਸੰਸਾਰ ਸੁਖੀ ਕਿਉਂ ਨਹੀਂ ਹੁੰਦਾ? ਇਥੇ ਹਰ ਵਕਤ ਅਸ਼ਾਂਤੀ ਤੇ ਭੈਅ ਦਾ ਵਾਤਾਵਰਨ ਕਿਉਂ ਹੈ? ਮਹਾਰਾਜ ਜੀ ਇਸਦਾ ਕਾਰਨ ਖੋਲ੍ਹ ਕੇ ਗੁਰਬਾਣੀ ਰਾਹੀਂ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਗੁਰਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥*
*ਪੰਨਾ - 491*

ਸਾਰੀ ਦੁਨੀਆਂ ਰਾਮ-ਰਾਮ ਕਹਿੰਦੀ ਹੈ ਪਰੰਤੂ ਫਲ ਪ੍ਰਾਪਤ ਕਿਉਂ ਨਹੀਂ ਹੁੰਦਾ? ਉਸਦਾ ਕਾਰਨ ਹੈ ਕਿ ਉਸ ਰਾਮ ਤੇ ਵਿਸ਼ਵਾਸ਼ ਨਹੀਂ ਹੈ ਅਤੇ ਨਾ ਹੀ ਉਹ 'ਰਾਮ' ਗੁਰੂ ਪਾਸੋਂ ਦੀਖਿਆ ਦੇ ਤੌਰ ਤੇ ਲਿਆ ਗਿਆ ਹੈ, ਜਿਸ ਤਰ੍ਹਾਂ ਕਿਸੇ ਬੰਦੂਕ ਵਿਚੋਂ ਖਾਲੀ ਫਾਇਰ ਕਰਦੇ ਰਹੀਏ, ਉਹ ਕਿਸੇ ਨੂੰ ਵਿੰਨ੍ਹ ਨਹੀਂ ਸਕੇਗੀ, ਜਦ ਤਕ ਉਸ ਵਿਚ ਰੌਂਦ ਨਾ ਪਾਈਏ। ਠੀਕ ਇਸੇ ਤਰ੍ਹਾਂ ਜੇ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਕੀਤੇ ਨਾਮ ਉਪਰ ਪੂਰਨ ਵਿਸ਼ਵਾਸ਼ ਹੋ ਜਾਵੇ, ਉਹੀ ਪਾਰ ਉਤਾਰਾ ਕਰ ਸਕਦਾ ਹੈ ਜਿਸ ਬਾਰੇ ਕਬੀਰ ਜੀ ਫੁਰਮਾਨ ਕਰਦੇ ਹਨ -

*ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥*
*ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥*
*ਪੰਨਾ - 1374*

ਸਤਿਪੁਰਸ਼ ਪੁਕਾਰ-ਪੁਕਾਰ ਕੇ ਸੰਸਾਰ ਨੂੰ ਨਾਮ ਦੀ ਮਹਿਮਾ ਬਾਰੇ ਸਮਝਾਉਂਦੇ ਹਨ ਕਿ ਭਾਈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥* *ਪੰਨਾ - 81*

ਇਸਦੀ ਮਹਿਮਾ ਤੇ ਵਿਸ਼ਵਾਸ਼ ਕਰੋ ਪਰ ਸੰਸਾਰ ਐਸਾ ਹੈ ਕਿ ਸਮਝਦਾ ਨਹੀਂ ਕਿਉਂਕਿ ਪਤਾ ਨਹੀਂ ਇਸਨੂੰ - ਕੀਮਤ ਬਾਰੇ। ਗਿਆਨ ਨਾ ਹੋਣ ਕਰਕੇ ਕੱਚੇ ਵਪਾਰ ਕਰਦਾ ਹੈ, ਸੱਚ ਦੇ ਵਪਾਰ ਤੋਂ ਦੂਰ ਰਹਿੰਦਾ ਹੈ ਜਿਸ ਬਾਰੇ ਇਸ ਤਰ੍ਹਾਂ ਜ਼ਿਕਰ ਹੈ -

*ਕਬੀਰ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥*
*ਪੰਨਾ - 1372*

ਬੇਅੰਤ ਕੀਮਤੀ ਚੀਜ਼ ਨੂੰ ਛੱਡ ਕੇ ਕੌਡੀਆਂ ਦਾ ਵਪਾਰ ਕਰਦਾ ਹੈ। ਇਸ ਲਈ ਨਾਮ ਦੀ ਮਹਿਮਾ ਬਾਰੇ ਜਾਣਦਾ ਨਹੀਂ। ਨਾਮ ਦੀ ਮਹਿਮਾ ਨੂੰ ਜਾਨਣ ਲਈ ਅਤਿ ਦਰਜੇ ਦੀ ਸ਼ਰਧਾ, ਭਰੋਸਾ ਤੇ ਪ੍ਰਤੀਤ ਹੋਣੀ ਚਾਹੀਦੀ ਹੈ। ਇਸਦੀ ਮਹਿਮਾ ਨੂੰ ਕੋਈ ਵਿਰਲਾ ਹੀ ਜਾਣ ਸਕਿਆ ਕਰਦਾ ਹੈ। ਕੇਵਲ ਸਤਿਪੁਰਸ਼ਾਂ ਨੂੰ ਹੀ ਨਾਮ ਦੀ ਮਹਿਮਾ ਦਾ ਪਤਾ ਹੋਇਆ ਕਰਦਾ ਹੈ ਜਿਵੇਂ ਪਵਿੱਤਰ ਫੁਰਮਾਨ ਹੈ -

*ਨਾਮ ਕੀ ਮਹਿਮਾ ਸੰਤ ਰਿਦ ਵਸੈ॥* *ਪੰਨਾ - 265*

ਸੰਤਾਂ, ਭਗਤਾਂ ਤੇ ਪ੍ਰਭੂ ਪਿਆਰਿਆਂ ਦੇ ਹਿਰਦੇ ਵਿਚ ਅੱਠੇ ਪਹਿਰ ਨਾਮ ਦਾ ਪ੍ਰਕਾਸ਼ ਰਹਿੰਦਾ ਹੈ ਅਤੇ ਉਸ ਨਾਮ ਦੀਆਂ waves ਤੇ ਚੁੰਬਕੀ ਸ਼ਕਤੀ ਰਾਹੀਂ ਉਹ, ਜਗਿਆਸੂਆਂ ਦੇ ਹਿਰਦੇ ਵਿਚ ਠੰਢਕ ਤੇ radiation ਰਾਹੀਂ ਸ਼ਾਂਤੀ ਪ੍ਰਦਾਨ ਕਰਦੇ ਰਹਿੰਦੇ ਹਨ। ਜੋ ਵੀ ਉਨ੍ਹਾਂ ਦੇ ਨੇੜੇ ਆਉਂਦਾ ਹੈ, ਨਾਮ ਦੇ ਓਰੇ ਦੀ ਸ਼ਕਤੀ ਦੁਆਰਾ ਸੁਖ ਤੇ ਸ਼ਾਂਤੀ ਮਹਿਸੂਸ ਕਰਨ ਲਗ ਜਾਂਦਾ ਹੈ। ਉਸਦੇ ਦੁਨਿਆਵੀ ਦੁਖ-ਦਲਿਦਰਾਂ ਦੇ ਫੁਰਨੇ ਖਤਮ ਹੋ ਕੇ ਸਾਧੂਆਂ ਨੂੰ ਪ੍ਰਾਪਤ ਹੋਈ ਅਫੁਰ ਅਵਸਥਾ ਵਿਚ ਇਕ-ਸੁਰ ਹੋ ਕੇ ਸੁਖ ਮਹਿਸੂਸ ਕਰਨ ਲਗ ਪੈਂਦੇ ਹਨ। ਇਸੇ ਲਈ ਉਨ੍ਹਾਂ ਦੇ ਨਿਕਟ ਹੋਣ ਨਾਲ ਅਲਪ ਬੁਧੀ ਦੁਨਿਆਵੀ ਜੀਵਾਂ ਦੀ ਖੋਟੀ ਮਤ ਦੂਰ ਹੋ ਕੇ ਸੱਚ ਦਾ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ।

ਸੰਸਾਰ ਕੌਡੀਆਂ ਦਾ ਵਪਾਰੀ ਹੈ। ਨਾਮ ਰੂਪੀ ਹੀਰਿਆਂ ਤੇ ਲਾਲਾਂ ਦੀ ਕੀਮਤ ਨਹੀਂ ਜਾਣਦਾ ਕਿਉਂਕਿ ਇਹ ਅਮੁਲ ਵਸਤੂ ਹੈ। ਕ੍ਰੋੜਾਂ ਵਿਚ ਕੋਈ ਇਸਦਾ ਵਪਾਰੀ ਹੁੰਦਾ ਹੈ ਜੋ ਇਸ ਦੀ ਕੀਮਤ ਜਾਣਦਾ ਹੈ। ਹੋਰ ਸਾਰਾ ਸੰਸਾਰ ਕੇਵਲ ਜੁਆਰੀ ਹੈ। ਆਪਣਾ ਕੀਮਤੀ ਜਨਮ ਜੂਏ ਵਿਚ ਹਾਰ ਕੇ ਸੰਸਾਰ ਤੋਂ ਖਾਲੀ

ਚਲਿਆ ਜਾਂਦਾ ਹੈ -

*ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥*

*ਪੰਨਾ - 495*

ਸੰਸਾਰ ਤਾਂ ਆਪਣਾ ਧੰਦ ਹੀ ਪਿੱਟਦਾ ਹੈ; ਜਦੋਂ ਦੁਖ, ਬਿਪਤਾ ਨੇ ਘੇਰ ਲਿਆ ਤਾਂ ਯਾਦ ਕਰ ਲਿਆ ਤੇ ਜਦੋਂ ਖੁਸ਼ੀ ਆ ਗਈ ਫੇਰ ਭੁੱਲ ਗਿਆ। ਕੇਵਲ ਪ੍ਰਭੂ ਦੇ ਪਿਆਰੇ ਹੀ ਨਾਮ ਦੀ ਅਮੁਲ ਵਸਤੂ ਨੂੰ ਆਪਣੇ ਹਿਰਦੇ ਰੂਪੀ ਮਾਲਾ ਵਿਚ ਪਰੋ ਕੇ ਰਖਦੇ ਹਨ-

*ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ॥*
*ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ॥*

*ਪੰਨਾ - 666*

ਨਾਮ ਦੀ ਕੀਮਤ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਇਹ ਅਸੰਭਵ ਹੈ। ਇਸ ਦਾ ਸੰਸਾਰਿਕ ਤੌਰ ਤੇ ਕੋਈ ਨਾਪ ਤੋਲ ਨਹੀਂ ਹੈ ਤੇ ਨਾ ਹੀ ਇਹ ਸੰਸਾਰੀ ਗਜ਼ ਨਾਲ ਜਾਂ ਸੋਨੇ ਦੇ ਗਜ਼ ਨਾਲ ਨਾਪਿਆ ਜਾ ਸਕਦਾ ਹੈ। ਇਸ ਦੀ ਲਿਵ ਵਿਚ ਮਗਨ ਰਹਿਣ ਵਾਲੇ ਪ੍ਰਭੂ ਦੇ ਪਿਆਰੇ ਧੰਨ ਹਨ ਜੋ ਅੱਠੇ ਪਹਿਰ ਲਿਵਤਾਰ ਰਹਿੰਦੇ ਹਨ -

*ਹਰਿ ਕੀ ਗਤਿ ਨਹਿ ਕੋਊ ਜਾਨੈ॥*
*ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ॥*

*ਪੰਨਾ - 537*

ਹਰੀ ਦੇ ਨਾਮ ਦੀ ਮਹਿਮਾ ਨੂੰ ਕੋਈ ਜਾਣ ਨਹੀਂ ਸਕਦਾ। ਵੱਡੇ ਜੋਗੀ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸਮਾਧੀਆਂ ਲਾ, ਜਤਿ ਧਾਰਨ ਕੀਤੇ, ਕਠਨ ਤਪ ਕੀਤੇ, ਉਹ ਵੀ ਖਪ ਗਏ ਪ੍ਰੰਤੂ ਨਾਮ ਦੀ ਮਹਿਮਾ ਨੂੰ ਜਾਣ ਨਹੀਂ ਸਕੇ। ਬਹੁਤ ਸਿਆਣੇ ਪੜ੍ਹੇ ਲਿਖੇ ਖੋਜੀ, ਸਾਇੰਸਦਾਨਾਂ ਨੇ ਵੀ ਜਾਨਣ ਦਾ ਜਤਨ ਕੀਤਾ ਕਿ ਉਹ ਆਪਣੀ ਬੁਧੀ ਰਾਹੀਂ ਇਸ ਦਾ ਅੰਦਾਜ਼ਾ ਲਾ ਸਕਣ ਪ੍ਰੰਤੂ ਉਨ੍ਹਾਂ ਨੂੰ ਵੀ ਪਤਾ ਨਹੀਂ ਲੱਗ ਸਕਿਆ ਤੇ ਕੇਵਲ infinity ਤਕ ਹੀ ਸੀਮਤ ਰਹੇ ਕਿਉਂਕਿ ਉਨ੍ਹਾਂ ਦੀ ਪਹੁੰਚ ਕੇਵਲ ਬੁਧੀ ਮੰਡਲ ਤਕ ਹੈ।

ਪ੍ਰਭੂ ਜੀ ਅੱਖ ਦੇ ਝਮਕਾਰੇ ਵਿਚ ਰਾਜਿਆਂ ਨੂੰ ਭੇਖਾਰੀ ਤੇ ਭੇਖਾਰੀਆਂ ਨੂੰ ਰਾਜਾ ਕਰਨ ਦੇ ਸਮਰੱਥ ਹਨ ਅਤੇ ਪ੍ਰਭੂ ਜੀ ਭਰਿਆਂ ਹੋਇਆਂ ਨੂੰ ਸੱਖਣੇ ਤੇ ਸੱਖਣਿਆਂ ਨੂੰ ਭਰ ਦਿੰਦੇ ਹਨ। ਪ੍ਰਭੂ ਨੇ ਆਪਣੀ ਮਾਇਆ ਦਾ ਪਸਾਰਾ ਕਰਕੇ ਸੰਸਾਰ ਬਣਾਇਆ ਤੇ ਆਪ ਹੀ ਵੇਖ ਰਿਹਾ ਹੈ। ਉਹ ਸਭਨਾਂ ਦੇ ਵਿਚ ਹੁੰਦਾ ਹੋਇਆ ਭੀ ਸਭ ਤੋਂ ਨਿਆਰਾ ਹੈ। ਉਹ ਗਿਣਤੀ ਮਿਣਤੀ ਤੇ ਲੱਖਤਾ ਤੋਂ ਬਾਹਰਾ ਹੈ ਤੇ ਸੰਸਾਰੀ ਜੀਵਾਂ ਨੂੰ ਭਰਮਾਇਆ ਹੋਇਆ ਹੈ। ਮਹਾਰਾਜ ਜੀ ਉਪਦੇਸ਼ ਕਰਦੇ ਹਨ ਕਿ ਸਾਰੇ ਭਰਮਾਂ ਨੂੰ ਤਜ ਕੇ ਪ੍ਰਭੂ ਚਰਨਾਂ ਵਿਚ ਚਿਤ ਲਾਉਣ ਨਾਲ, ਸੁਖ-ਸ਼ਾਂਤੀ ਤੇ ਮੁਕਤੀ ਮਿਲ ਜਾਂਦੀ ਹੈ -

*ਜਬ ਹੀ ਸਰਨਿ ਸਾਧ ਕੀ ਆਇਓ*
*ਦੁਰਮਤਿ ਸਗਲ ਬਿਨਾਸੀ॥*
*ਤਬ ਨਾਨਕ ਚੇਤਿਓ ਚਿੰਤਾਮਨਿ*
*ਕਾਟੀ ਜਮ ਕੀ ਫਾਸੀ॥*

*ਪੰਨਾ - 632*

ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਵਾਹਿਗੁਰੂ ਚਿੰਤਾਮਨਿ ਵੱਟੀ ਦੇ ਸਮਾਨ ਹੈ। ਜਿਸ ਪਾਸ ਚਿੰਤਾਮਨੀ ਵੱਟੀ ਹੋਵੇ, ਉਹ ਜੋ ਮਨ ਵਿਚ ਚਿਤਵਦਾ ਹੈ, ਉਹ ਇੱਛਾ ਪੂਰੀ ਕਰ ਦਿੰਦੀ ਹੈ। ਇਸੇ ਤਰ੍ਹਾਂ ਸਿਮਰਨ ਕਰਨ ਨਾਲ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਸੰਸਾਰ ਰੂਪੀ ਭਵਸਾਗਰ, ਜਿਸ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਲਹਿਰਾਂ ਉਛਾਲੇ ਮਾਰ ਰਹੀਆਂ ਹਨ ਅਤੇ ਹਮੇਸ਼ਾ ਜਿਨ੍ਹਾਂ ਵਿਚ ਡੁੱਬਣ ਦਾ ਖਤਰਾ ਬਣਿਆ ਰਹਿੰਦਾ ਹੈ, ਇਸ ਵਿਚੋਂ ਕੇਵਲ ਨਾਮ ਜਪ ਕੇ, ਸੇਵਾ ਸਿਮਰਨ ਕਰਕੇ ਸਾਧੂ ਤੇ ਸਤਿਪੁਰਸ਼ਾਂ ਦੀ ਸੰਗਤ ਕਰਕੇ ਪਾਰ ਹੋ ਜਾਈਦਾ ਹੈ ਅਤੇ ਗੁਰੂ ਸ਼ਰਨ ਵਿਚ ਆਇਆਂ ਖੋਟੀ ਮਤ ਦੂਰ ਹੋ ਜਾਂਦੀ ਹੈ।

ਮਨੁਖਾ ਦੇਹੀ ਕਰਮ ਭੂਮੀ ਹੈ। ਇਸ ਭੂਮੀ ਵਿਚ ਨਾਮ ਰੂਪੀ ਬੀਜ ਬੀਜਣਾ ਚਾਹੀਦਾ ਹੈ ਤਾਂ ਕਿ ਇਹ ਮਨੁਖਾ ਸਰੀਰ ਵਿਚ ਆਉਣਾ ਸਫਲ ਹੋ ਜਾਵੇ। ਪਵਿੱਤਰ ਫੁਰਮਾਨ ਹੈ -

*ਕਰਮ ਭੂਮਿ ਮਹਿ ਬੋਅਹੁ ਨਾਮੁ॥* *ਪੰਨਾ - 176*
*ਪੂਰਨ ਹੋਇ ਤੁਮਾਰਾ ਕਾਮੁ॥*

ਜਿਸ ਤਰ੍ਹਾਂ ਸੂਰਜ ਦੇ ਪ੍ਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਕੇ, ਸਾਰੇ ਸੰਸਾਰ ਨੂੰ ਇਸ ਦੇ ਪ੍ਰਕਾਸ਼ ਅਤੇ ਨਿੱਘ ਦੇ ਅਨੰਦ ਦਾ ਪਤਾ ਲਗ ਜਾਂਦਾ ਹੈ; ਜਿਸ ਤਰ੍ਹਾਂ ਤਾਂਬੇ ਨੂੰ ਪਾਰਸ ਦੇ ਛੋਹਣ ਨਾਲ ਸੋਨਾ ਬਣ ਜਾਣ ਵਿਚ ਦੇਰ ਨਹੀਂ ਲਗਦੀ, ਇਸੇ ਤਰ੍ਹਾਂ ਨਾਮ ਦੀ ਮਹਿਮਾ ਤੇ ਵਿਸ਼ਵਾਸ਼ ਕਰਨ ਵਾਲੇ ਸਾਧੂ ਸੰਤਾਂ ਦਾ ਹਿਰਦਾ ਪ੍ਰਕਾਸ਼ ਹੀ ਨਹੀਂ ਹੁੰਦਾ ਸਗੋਂ ਉਹ ਖੁਦ ਹੀ ਨਾਮ ਰੂਪ ਹੋ ਜਾਂਦੇ ਹਨ, ਵਾਹਿਗੁਰੂ ਤੇ ਉਹਨਾਂ ਵਿਚ ਭੇਦ ਨਹੀਂ ਰਹਿੰਦਾ-

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥* *ਪੰਨਾ - 1076*

ਕਲਜੁਗ ਨਾਮ ਬੀਜਣ ਦੀ ਰੁਤ ਹੈ ਅਤੇ ਇਸ ਵਿਚ ਨਾਮ ਦੀ ਬੇਅੰਤ ਮਹਿਮਾ ਹੈ। ਸਤਿਗੁਰੂ ਜੀ ਵੀ ਕਲਜੁਗੀ ਜੀਵਾਂ ਨੂੰ ਇਸ ਬਾਰੇ ਇਸ ਪ੍ਰਕਾਰ ਉਪਦੇਸ਼ ਕਰਦੇ ਹਨ -

*ਅਬ ਕਲੂ ਆਇਓ ਰੇ॥*
*ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥* *ਪੰਨਾ - 1185*

ਸਤਿਜੁਗ ਦੇ ਮਨੁਖ ਸਤਿ ਕਰਮ, ਸਚ ਅਚਾਰ, ਸਤਿ ਵਿਹਾਰ ਅਤੇ ਸਤਿ ਅਹਾਰ ਕਰਦੇ ਸੀ, ਲੰਮੀਆਂ ਉਮਰਾਂ ਸਨ, ਕੋਈ ਝੂਠ ਨਹੀਂ ਸੀ ਬੋਲਦਾ। ਤ੍ਰੇਤੇ ਜੁਗ ਵਿਚ ਹੋਮ ਜੱਗ ਆਦਿ ਕਰਨ ਦੀ ਪ੍ਰਧਾਨਤਾ ਆ ਗਈ। ਵੱਡੇ-ਵੱਡੇ ਕੰਮ ਤੇ ਕਾਰਜ ਦੀ ਸਿੱਧੀ ਵਾਸਤੇ ਅਸ਼੍ਵਮੇਧ ਜਗ ਆਦਿ ਕੀਤੇ ਜਾਂਦੇ ਸਨ ਜਿਨ੍ਹਾਂ ਤੇ ਲੱਖਾਂ ਰੁਪਏ ਦੀ ਸਾਮਗਰੀ ਖਰਚ ਹੁੰਦੀ ਸੀ। ਦੁਆਪਰ ਵਿਚ ਬਹੁਦੇਵ ਪੂਜਾ ਨੇ ਸਥਾਨ ਲੈ ਲਿਆ। ਪਰੰਤੂ ਕਲਜੁਗ ਵਿਚ ਕੇਵਲ ਨਾਮ ਦੀ ਹੀ ਪ੍ਰਧਾਨਤਾ ਹੈ, ਨਾਮ ਹੀ ਅਧਾਰ, ਨਾਮ ਹੀ ਸਰਬ ਸ਼੍ਰੇਸ਼ਟ ਤੇ ਨਾਮ ਦੀ ਹੀ ਮਹਿਮਾ ਹੈ -

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥*

*ਪੰਨਾ - 346*

(ਬਾਕੀ ਪੰਨਾ -37 ਤੇ)

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤਜਿੰਦਰ ਮਲਹੋਤਰਾ*

ਡਾ. ਸਵਾਮੀ ਰਾਮ ਜੀ ਅੱਜ ਦੇ ਸਮੇਂ ਦੇ ਇਕ ਉਚ ਕੋਟੀ ਦੇ ਯੋਗੀ, ਵਿਦਵਾਨ ਤੇ ਸਰਵ ਵਿਦਿਆ ਦੇ ਗਿਆਤਾ ਹਨ। ਭਾਰਤ ਵਿਚ ਸਵਾਮੀ ਜੀ ਦੇਹਰਾਦੂਨ ਦੇ ਨੇੜੇ ਇਕ Medical City ਦਾ ਨਿਰਮਾਣ ਕਰ ਰਹੇ ਹਨ। ਸਵਾਮੀ ਜੀ ਬਹੁਤ ਸਾਰੀਆਂ ਪੁਸਤਕਾਂ ਦੇ ਲੇਖਕ ਹਨ। ਉਨ੍ਹਾਂ ਦੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ Living With The Himalayan Masters" ਜੋ ਕਿ ਇਕ ਲੱਖ ਤੋਂ ਵੱਧ ਵਿਕ ਚੁੱਕੀ ਹੈ, ਉਸਨੂੰ ਅਸੀਂ 'ਆਤਮ ਮਾਰਗ' ਵਿਚ ਲੜੀਵਾਰ ਦੇ ਰਹੇ ਹਾਂ। ਪਿਛੇ ਤੁਸੀਂ ਉਨ੍ਹਾਂ ਦੇ ਬਚਪਨ, ਮਾਤਾ ਪਿਤਾ, ਗੁਰੂਦੇਵ ਕੋਲ ਜਾਣਾ, ਰਾਜ ਕੁਮਾਰ ਨੂੰ ਮੁੜ ਜਿਉਂਦਾ ਕਰਨਾ, ਹਿੰਮ ਪੁਰਖ ਗੁਫਾਵਾਂ ਵਿਚ ਕਿਸ ਤਰ੍ਹਾਂ ਰਹਿੰਦੇ ਹਨ, ਗੁਰੂ ਤੋਂ ਪ੍ਰਾਪਤ ਸਿੱਖਿਆ ਆਦਿ ਬਾਰੇ ਪੜ੍ਹ ਆਏ ਹੋ।

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 49)*

## ਗੁਰੂ ਦੇਵ ਵਲੋਂ ਸਿਖਿਆ ਦੀ ਪ੍ਰੀਖਿਆ

ਗੁਰੂ ਸਦਾ ਹੀ ਸਿੱਖਿਆ ਦੀ ਪ੍ਰੀਖਿਆ ਲੈਂਦੇ ਹਨ। ਗੁਰੂਦੇਵ ਨੇ ਮੈਨੂੰ ਇਕ ਨਿਸ਼ਚਿਤ ਸਮੇਂ ਧਿਆਨ ਕਰਨ ਲਈ ਕਿਹਾ ਹੋਇਆ ਸੀ। ਇਕ ਦਿਨ ਜਦੋਂ ਮੈਂ ਧਿਆਨ ਕਰ ਰਿਹਾ ਸੀ, ਗੁਰੂਦੇਵ ਸਾਹਮਣੇ ਆ ਕੇ ਖੜ੍ਹੇ ਹੋ ਗਏ। ਮੈਂ ਅੱਖਾਂ ਬੰਦ ਕਰਕੇ ਬੈਠਾ ਸੀ। ਮੇਰਾ ਮਨ ਧਿਆਨ ਵਿਚ ਨਹੀਂ ਸੀ ਅਤੇ ਮੈਨੂੰ ਇਹ ਪਤਾ ਸੀ ਕਿ ਉਹ ਮੇਰੇ ਸਾਹਮਣੇ ਖੜ੍ਹੇ ਹਨ। ਉਨ੍ਹਾਂ ਨੇ ਕਿਹਾ, "ਉਠ ਜਾਓ।" ਮੈਂ ਉਸ ਗੱਲ ਦਾ ਕੋਈ ਜਵਾਬ ਨਹੀਂ ਦਿਤਾ। ਫੇਰ ਉਨ੍ਹਾਂ ਨੇ ਪੁੱਛਿਆ, "ਤੂੰ ਮੇਰੀ ਅਵਾਜ਼ ਸੁਣੀ ਤੇ ਕੀ ਤੈਨੂੰ ਇਹ ਪਤਾ ਹੈ ਕਿ ਮੈਂ ਇਥੇ ਖੜ੍ਹਾ ਹਾਂ?"

ਮੈ ਕਿਹਾ, "ਹਾਂ?"

ਉਨ੍ਹਾਂ ਨੇ ਪੁੱਛਿਆ, "ਕੀ ਤੂੰ ਧਿਆਨ ਕਰ ਰਿਹਾ ਹੈਂ?"

ਮੈਂ ਕਿਹਾ, "ਨਹੀਂ।" "ਤੇ ਫਿਰ ਉਠ ਕੇ ਖੜ੍ਹਾ ਕਿਉਂ ਨਹੀਂ ਹੋਇਆ?"

ਮੈਂ ਧਿਆਨ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਮਚਲਾ ਹੋ ਕੇ ਬੈਠਾ ਸੀ ਤੇ ਮੈਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਮੇਰੇ ਸਾਹਮਣੇ ਖੜ੍ਹੇ ਹਨ।

ਆਮ ਤੌਰ ਤੇ ਗੁਰੂ ਸ਼ਿਕਸ਼ਕ ਦੀ ਮਨੋਵਿਰਤੀ, ਸਤੱਤਾ ਤੇ ਅਨੁਸ਼ਾਸ਼ਨ ਦਾ ਇਮਤਿਹਾਨ ਲੈਂਦੇ ਹਨ। ਉਹ ਸਾਰੇ ਸੇਵਕਾਂ ਨੂੰ ਵੱਖ-ਵੱਖ ਗੱਲ ਦੱਸ ਕੇ ਕਹਿਣਗੇ, "ਇਸ ਨੂੰ ਗੁਪਤ ਰੱਖਣਾ ਹੈ।"

ਉਸ ਸਮੇਂ ਤੁਸੀਂ ਉਸ ਗੱਲ ਨੂੰ ਆਪਣੇ ਤਕ ਗੁਪਤ ਨਹੀਂ ਰਖਦੇ ਤੇ ਸਾਰਿਆਂ ਨੂੰ ਦੱਸਣ ਲਗ ਪੈਂਦੇ ਹੋ, ਇਸ ਤੋਂ ਗੁਰੂ ਜਾਣ ਜਾਂਦੇ ਹਨ ਕਿ ਅਜੇ ਤੁਸੀਂ ਪ੍ਰਮ ਰਹਿਸ, ਪ੍ਰਮ ਰਾਜ਼ ਜਾਨਣ ਵਾਸਤੇ ਤਿਆਰ ਨਹੀਂ ਹੋ। ਫੇਰ ਉਹ ਪੁੱਛਦੇ ਵੀ ਹਨ, "ਮੈਂ ਤੈਨੂੰ ਮਨ੍ਹਾ ਕੀਤਾ ਸੀ ਦੱਸਣ ਵਾਸਤੇ ਤੇ ਤੂੰ ਕਿਉਂ ਦੱਸਿਆ?"

ਗੁਰੂ ਏਸ ਤੋਂ ਵੀ ਔਖੀ ਪ੍ਰੀਖਿਆ ਲੈਂਦੇ ਹਨ, ਕਦੀ ਉਹ ਕਹਿਣਗੇ - ਏਥੇ ਹੀ ਖੜ੍ਹੇ ਰਹੋ ਤੇ ਆਪ ਤਿੰਨ ਦਿਨ ਬਾਦ ਆਉਣਗੇ, ਤੁਹਾਨੂੰ ਨਾਲ ਲੈ ਕੇ ਬਾਹਰ ਚਲੇ ਜਾਣਗੇ। ਇਸੇ ਤਰ੍ਹਾਂ ਉਹ ਕਈ ਪ੍ਰਕਾਰ ਦੇ ਇਮਤਿਹਾਨ ਲੈਂਦੇ ਰਹਿੰਦੇ ਹਨ।

ਸਾਧਕ ਨੂੰ ਆਪਣੀ ਆਤਮ ਪ੍ਰੀਖਿਆ ਦੀ ਤਾਕਤ ਦੇ ਵਿਕਾਸ ਦਾ ਵਾਧਾ ਕਰਨਾ ਪੈਂਦਾ ਹੈ ਤਾਂ ਜੋ ਉਹ ਆਤਮ ਨਿਰਭਰ ਹੋ ਸਕੇ।

ਗੁਰੂ ਜਦੋਂ ਵੀ ਸ਼ਿਕਸ਼ਕ ਦੀ ਪ੍ਰੀਖਿਆ ਲੈਂਦੇ ਹਨ, ਉਸ ਦੇ ਨਾਲ-ਨਾਲ ਉਸ ਦੇ ਆਤਮ ਅਨੁਸ਼ਾਸ਼ਨ ਤੇ ਆਤਮ ਨਿਰਭਰਤਾ ਨੂੰ ਵੀ ਬਲ ਦੇਂਦੇ ਹਨ। ਸਾਧਕ ਦੇ ਸਮੁੱਚੇ ਵਿਕਾਸ ਲਈ ਇਹ ਬਹੁਤ ਲੋੜੀਂਦਾ ਹੈ। ਪ੍ਰੀਖਿਆ ਨਾਲ ਸਾਧਕ ਨੂੰ ਆਪਣੀਆਂ ਉਣਤਾਈਆਂ ਦਾ ਪਤਾ ਲਗਦਾ ਹੈ, ਖਾਸ ਤੌਰ ਤੇ ਉਨ੍ਹਾਂ ਉਣਤਾਈਆਂ ਬਾਰੇ ਜਿਨ੍ਹਾਂ ਬਾਰੇ ਉਹ ਆਪ ਕਦੇ ਜਾਣੂ ਨਾ ਹੋਵੇ। ਸਾਧਕ ਉਨ੍ਹਾਂ ਨੂੰ ਜਾਨਣ ਤੋਂ ਬਾਦ ਹੀ ਉਨ੍ਹਾਂ ਤੇ ਕਾਬੂ ਪਾ ਕੇ ਸਫਲਤਾ ਦੇ ਰਸਤੇ ਤੇ ਤੁਰਦਾ ਹੈ।

## ਘੋਰ ਜੰਗਲ ਵਿਚ ਸਾਰੀ ਰਾਤ ਟੁਰਨਾ

ਟਨਕ-ਪੁਰ ਤੋਂ ਨੇਪਾਲ ਜਾਂਦੇ ਹੋਏ ਸਾਨੂੰ ਇਕ ਜੰਗਲ ਵਿਚ ਰਹਿਣਾ ਪਿਆ। ਗੁਰੂ ਦੇਵ ਕਹਿਣ ਲੱਗੇ, "ਕੁਛ ਛਕਿਆ ਜਾਵੇ।" ਉਸ ਵਕਤ ਰਾਤ ਦੇ ਦੋ ਵਜੇ ਸਨ। ਗੁਰੂਦੇਵ ਨੇ ਕਿਹਾ, "ਟਨਕਪੁਰ ਜਾ ਕੇ ਦੁਕਾਨ ਤੋਂ ਕੁਝ ਲੈ ਆਓ, ਜੰਗਲ ਵਿਚੋਂ ਲੰਘ ਕੇ ਟਨਕਪੁਰ ਇਥੋਂ ਬਾਰਾਂ ਮੀਲ ਹੈ।"

ਸਾਡੇ ਨਾਲ ਇਕ ਹੋਰ ਸਵਾਮੀ ਜੀ ਵੀ ਸੀ, ਉਨ੍ਹਾਂ ਨਾਲ ਵੀ ਇਕ ਸ਼ਿਸ਼ ਸੀ, ਉਹ ਮੇਰੇ ਗੁਰੂਦੇਵ ਨੂੰ ਪੁੱਛਣ ਲਗੇ, "ਐਨੀ ਰਾਤ ਗਈ ਤੁਸੀਂ ਕਿਉਂ ਇਸਨੂੰ ਭੇਜ ਰਹੇ ਹੋ, ਮੈਂ ਤਾਂ ਆਪਣੇ ਸ਼ਿਸ਼ ਨੂੰ ਕਦੇ ਨਾ ਭੇਜਾਂ।"

ਗੁਰੂਦੇਵ ਨੇ ਕਿਹਾ, "ਚੁਪ ਰਹੋ। ਤੁਸੀਂ ਇਸ ਨੂੰ ਡਰਪੋਕ ਬਣਾ ਰਹੇ ਹੋ ਸਵਾਮੀ ? ਮੈਂ ਇਸ ਬੱਚੇ ਨੂੰ ਨਿਰਭੈਤਾ ਦਾ ਸਬਕ ਪੜ੍ਹਾ ਰਿਹਾ ਹਾਂ, ਇਸ ਨੂੰ ਜਾਣ ਦਿਓ।" ਉਸੇ ਵਕਤ ਗੁਰੂਦੇਵ ਨੇ ਮੈਨੂੰ ਕਿਹਾ, "ਬੱਚੇ ਇਧਰ ਆ। ਇਹ ਲਾਲਟੈਨ ਲੈ ਲਉ, ਇਸ ਵਿਚ ਕਾਫੀ ਤੇਲ ਹੈ ਤੇ ਇਹ ਤੀਲਾਂ ਦੀ ਡੱਬੀ ਆਪਣੀ ਜੇਬ ਵਿਚ ਰਖ ਲਵੋ। ਹੱਥ ਵਿਚ ਡੰਡਾ ਲੈ ਲਓ, ਤੇ ਪੈਰੀਂ ਬੂਟ ਪਾ ਲਵੋ, ਕਰਿਆਨੇ ਦੀ ਦੁਕਾਨ ਤੇ ਜਾ ਕੇ ਚਾਰ, ਪੰਜ ਦਿਨ ਲਈ ਰਾਸ਼ਨ ਲੈ ਆਓ।"

ਮੈਂ ਸੱਤ ਬਚਨ ਕਹਿ ਕੇ ਤੁਰ ਪਿਆ। ਉਸ ਲੰਬੀ ਰਾਤ ਨੂੰ ਕਈ ਵਾਰੀ ਸ਼ੇਰ ਤੇ ਸੱਪਾਂ ਨੇ ਮੇਰਾ ਰਸਤਾ ਕਟਿਆ। ਰਸਤੇ ਦੇ ਦੋਨੋਂ ਪਾਸੇ ਉਚੀ-ਉਚੀ ਹਾਥੀ ਘਾਹ ਉਗੀ ਹੋਈ ਸੀ। ਕਈ ਵਾਰ ਮੈਨੂੰ ਕਈ ਅਵਾਜ਼ਾਂ ਸੁਣੀਆਂ, ਪਰ ਮੈਂ ਉਨ੍ਹਾਂ ਸਭ ਦਾ ਕਾਰਨ ਨਹੀਂ ਸਮਝ ਸਕਿਆ। ਮੈਂ ਆਪਣੀ ਛੋਟੀ ਜਿਹੀ ਲਾਲਟੈਨ ਪਕੜੀ ਹੋਈ ਸੀ ਤੇ ਮੈਂ ਟੁਰਦਾ ਹੀ ਰਿਹਾ ਤੇ ਬਾਰਾਂ ਮੀਲ ਟੁਰ ਕੇ ਦੁਕਾਨ ਤੇ ਪੁੱਜਾ ਤੇ ਸਵੇਰੇ ਸੱਤ ਵਜੇ ਤਕ ਸਮਾਨ ਲੈ ਕੇ ਵਾਪਸ ਆ ਗਿਆ।

ਗੁਰੂਦੇਵ ਨੇ ਪੁਛਿਆ, "ਕਿਵੇਂ ਰਿਹਾ?" ਮੈਂ ਉਨ੍ਹਾਂ ਨੂੰ ਸਾਰੀ ਹੱਡ ਬੀਤੀ ਸੁਣਾਈ। ਅੰਤ ਵਿਚ ਗੁਰੂ ਬੋਲੇ, "ਠੀਕ ਹੈ, ਚਲੋ ਹੁਣ ਪ੍ਰਸ਼ਾਦਾ ਤਿਆਰ ਕਰੀਏ।"

ਨਿਰਭੈ ਹੋ ਕੇ ਸਾਧਨਾ ਕਰਨਾ ਆਤਮ ਗਿਆਨ ਪ੍ਰਾਪਤੀ ਲਈ ਅਤਿ ਜ਼ਰੂਰੀ ਹੈ। ਉਹ ਪੁਰਖ ਵਾਸਤਵ ਵਿਚ ਮਹਾਨ ਹਨ ਜੋ ਨਿਰਭੈ ਹਨ। ਅਭੈ ਪਦ ਪ੍ਰਾਪਤ ਕਰਨਾ, ਆਤਮ ਗਿਆਨ ਪ੍ਰਾਪਤੀ ਦੀ ਪੌੜੀ ਦਾ ਇਕ ਡੰਡਾ ਉਤੇ ਚੜ੍ਹਨਾ ਹੈ।

## ਹੜ੍ਹ ਵਾਲੀ ਨਦੀ ਨੂੰ ਪਾਰ ਕਰਨਾ -

ਵਿਦਿਆਰਥੀ ਤਾਂ ਬਹੁਤ ਹੁੰਦੇ ਹਨ ਪਰ ਸ਼ਿਸ਼ ਕੋਈ ਵਿਰਲਾ ਹੀ ਪੂਰਾ ਉਤਰਦਾ ਹੈ। ਕਈ ਵਿਦਿਆਰਥੀ ਆਏ ਤੇ ਉਨ੍ਹਾਂ ਨੇ ਗੁਰੂਦੇਵ ਅੱਗੇ ਬੇਨਤੀ ਕੀਤੀ ਕਿ ਸਾਨੂੰ ਆਪਣਾ ਸ਼ਿਸ਼ ਬਣਾ ਲਵੋਂ। ਉਨ੍ਹਾਂ ਨੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਸੇਵਾ, ਕੀਰਤਨ, ਭਜਨ, ਅਧਿਐਨ ਤੇ ਅਨੁਸ਼ਾਸ਼ਨ ਰਾਹੀਂ ਕੀਤਾ। ਇਕ ਦਿਨ ਗੁਰੂਦੇਵ ਨੇ ਸਾਰਿਆਂ ਨੂੰ ਬੁਲਾਇਆ, ਉਸ ਸਮੇਂ ਉਥੇ ਵੀਹ ਵਿਦਿਆਰਥੀ ਸਨ। ਉਨ੍ਹਾਂ ਦਿਨਾਂ ਵਿਚ ਗੁਰੂਦੇਵ ਦੱਖਣ ਵਿਚ ਤੁੰਗ ਭਦਰਾ ਨਦੀ ਦੇ ਕੰਢੇ ਨਿਵਾਸ ਕਰ ਰਹੇ ਸਨ। ਗੁਰੂਦੇਵ ਨੇ ਕਿਹਾ, "ਸਭ ਵਿਦਿਆਰਥੀ ਮੇਰੇ ਨਾਲ ਚਲੋ।" ਉਹ ਸਾਰਿਆਂ ਨੂੰ ਤੁੰਗ ਭਦਰਾ ਨਦੀ ਦੇ ਕਿਨਾਰੇ ਲੈ ਗਏ। ਹੜ੍ਹ ਦੇ ਕਾਰਨ ਨਦੀ ਬਹੁਤ ਹੀ ਚੌੜੀ ਤੇ ਭਿਆਨਕ ਲਗ ਰਹੀ ਸੀ। ਉਨ੍ਹਾਂ ਨੇ ਕਿਹਾ, "ਜੋ ਵੀ ਇਸ ਨਦੀ ਨੂੰ ਪਾਰ ਕਰ ਲਏਗਾ, ਉਹ ਹੀ ਮੇਰਾ ਸ਼ਿਸ਼ ਹੋਵੇਗਾ।" ਇਕ ਵਿਦਿਆਰਥੀ ਕਹਿਣ ਲਗਾ, "ਗੁਰੂ ਜੀ ਆਪ ਜਾਣਦੇ ਹੋ ਕਿ ਮੈਂ ਪਾਰ ਕਰ ਸਕਦਾ ਹਾਂ ਪਰ ਮੈਂ ਛੇਤੀਂ ਜਾ ਕੇ ਆਪਣਾ ਕੰਮ ਖਤਮ ਕਰਨਾ ਹੈ।"

ਦੂਸਰਾ ਬੋਲਿਆ, "ਗੁਰੂ ਜੀ ਮੈਂ ਤਾਂ ਤੈਰਨਾ ਹੀ ਨਹੀਂ ਜਾਣਦਾ।" ਮੈਂ ਚੁਪ-ਚਾਪ ਖੜ੍ਹਾ ਰਿਹਾ, ਗੁਰੂਦੇਵ ਦੇ ਬੋਲਦੇ ਹੀ ਮੈਂ ਝਟਪਟ ਨਦੀ ਵਿਚ ਛਲਾਂਗ ਲਗਾ ਦਿਤੀ। ਗੁਰੂਦੇਵ ਸ਼ਾਂਤੀ ਨਾਲ ਉਥੇ ਹੀ ਬੈਠ ਗਏ ਤੇ ਮੈਂ ਨਦੀ ਪਾਰ ਕਰ ਗਿਆ। ਨਦੀ ਦਾ ਪਾੜ ਬਹੁਤ ਚੌੜਾ ਸੀ ਤੇ ਉਸ ਵਿਚ ਅਨੇਕਾਂ ਹੀ ਮਗਰਮੱਛ (ਘੜਿਆਲ) ਸਨ ਤੇ ਕਈ ਲੱਕੜੀਆਂ ਵੀ ਰੁੜ੍ਹੀਆਂ ਜਾ ਰਹੀਆਂ ਸੀ। ਮੈਨੂੰ ਕਿਸੇ ਵੀ ਚੀਜ਼ ਦਾ ਧਿਆਨ ਨਹੀਂ ਰਿਹਾ, ਮੇਰਾ ਮਨ ਤਾਂ ਜੋ ਗੁਰੂਦੇਵ ਨੇ ਕਿਹਾ ਸੀ, ਉਥੇ ਹੀ ਇਕਾਗਰ ਸੀ। ਮੈਨੂੰ ਵੰਗਾਰ ਹਮੇਸ਼ਾ ਹੀ ਬਹੁਤ ਪ੍ਰਸੰਨ ਕਰਦੀ ਸੀ। ਚਣੌਤੀ ਨੂੰ ਹੱਸਕੇ ਸਵੀਕਾਰ ਕਰਦਾ ਸੀ ਤੇ ਇਹ ਮੇਰੀ ਆਤਮਿਕ ਸ਼ਕਤੀ ਦੀ ਪ੍ਰੀਖਿਆ ਦਾ ਬਹੁਤ ਹੀ ਅੱਛਾ ਮੌਕਾ ਸੀ। ਜਦੋਂ ਮੈਂ ਤੈਰ ਕੇ ਥੱਕ ਜਾਂਦਾ ਸੀ ਤਾਂ ਮੈਂ ਰੁੜ੍ਹਨ ਲਗ ਪੈਂਦਾ ਸੀ, ਇਸ ਤਰ੍ਹਾਂ ਮੈਂ ਨਦੀ ਪਾਰ ਕਰ ਲਈ।

ਮੇਰੇ ਗੁਰੂਦੇਵ ਦੂਸਰੇ ਵਿਦਿਆਰਥੀਆਂ ਨੂੰ ਦੱਸਣ ਲਗੇ, "ਇਸ ਨੇ ਤਾਂ ਕਦੀ ਨਹੀਂ ਕਿਹਾ ਕਿ ਇਹ ਮੇਰਾ ਸ਼ਿਸ਼ ਹੈ, ਪਰ ਇਸ ਨੇ ਛਲਾਂਗ ਲਗਾ ਦਿਤੀ।"

ਮੈਂ ਗੁਰੂਦੇਵ ਦੇ ਨੇੜੇ ਹੋਣ ਕਰਕੇ ਉਨ੍ਹਾਂ ਦੀ ਸ਼ਕਤੀ ਤੇ ਸਮਰਥਾ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਸੋਚਿਆ, ਗੁਰੂਦੇਵ ਇਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਸ਼ਿਸ਼ ਨਦੀ ਪਾਰ ਕਰ ਜਾਵੇ; ਮੈਂ ਏਥੇ ਹਾਂ, ਤੇ ਮੈਂ ਪਾਰ ਕਰ ਸਕਦਾ ਹਾਂ ਕਿਉਂਕਿ ਗੁਰੂਦੇਵ ਇਥੇ ਹਨ। ਮੈਂ ਕਿਉਂ ਨਹੀਂ ਪਾਰ ਕਰ ਸਕਦਾ? ਮੇਰੀ ਸ਼ਰਧਾ ਤੇ ਆਤਮ ਵਿਸ਼ਵਾਸ਼ ਬਿਲਕੁਲ ਦ੍ਰਿੜ੍ਹ ਤੇ ਠੋਸ ਸੀ।

ਸ਼ਰਧਾ ਤੇ ਆਤਮ ਵਿਸ਼ਵਾਸ਼, ਆਤਮ ਗਿਆਨ ਦੀ ਪ੍ਰਾਪਤੀ ਦੇ ਬਹੁਤ ਹੀ ਜ਼ਰੂਰੀ ਅੰਗ ਹਨ। ਇਨ੍ਹਾਂ ਤੋਂ ਬਿਨਾਂ ਆਤਮ ਗਿਆਨ ਸ਼ਬਦ ਬੋਲਿਆ ਤੇ ਲਿਖਿਆ ਤਾਂ ਜਾ ਸਕਦਾ ਹੈ ਪਰ ਅਨੁਭਵ ਨਹੀਂ ਕੀਤਾ ਜਾ ਸਕਦਾ। ਬਿਨਾਂ ਸ਼ਰਧਾ ਦੇ ਬੌਧਕ ਗਿਆਨ ਦੀ ਪ੍ਰਾਪਤੀ ਤਾਂ ਹੋ ਸਕਦੀ ਹੈ, ਪਰ ਅੰਤਰਮੁਖੀ ਹੋ ਕੇ ਅੰਤਰ ਆਤਮਾ ਦਾ ਗਿਆਨ ਤੇ ਡੂੰਘਾਈਆਂ ਤਕ ਕੇਵਲ ਸ਼ਰਧਾ ਰਖ ਕੇ ਹੀ ਪਹੁੰਚਿਆ ਜਾ ਸਕਦਾ ਹੈ। ਆਤਮ ਵਿਸ਼ਵਾਸ਼ ਉਹ ਸ਼ਕਤੀ ਹੈ ਜੋ ਵੱਡੀ ਤੋਂ ਵੱਡੀ ਔਕੜ ਤੇ ਨਿਰਾਸਤਾ ਵਿਚੋਂ ਕੱਢ ਲੈਂਦੀ ਹੈ। ਆਤਮ ਵਿਸ਼ਵਾਸ਼ ਆਤਮ ਬਲ ਦਿੰਦਾ ਹੈ ਜੋ ਕਿ ਅੰਤਰੀਵ ਅਤੇ ਦੁਨੀਆਵੀ ਸਫਲਤਾ ਦੀ ਕੁੰਜੀ ਹੈ। ਵੇਦਾਂ ਸ਼ਾਸ਼ਤਰਾਂ ਵਿਚ ਲਿਖਿਆ ਹੈ ਕਿ 'ਸੰਕਲਪ ਸ਼ਕਤੀ' ਨਾਲ ਕੁਝ ਵੀ ਅਸੰਭਵ ਨਹੀਂ। ਦੁਨੀਆਂ ਦੇ ਵੱਡੇ ਵੱਡੇ ਲੀਡਰ ਤੇ ਹੋਰ ਵੱਡੇ ਕੰਮ ਕਰਨ ਵਾਲੇ ਇਸੇ ਸ਼ਕਤੀ ਦੇ ਬਲ ਤੇ ਕੰਮ ਕਰਦੇ ਹਨ। ਇਸੇ ਸ਼ਕਤੀ ਦੇ ਬਲ ਤੇ ਕੋਈ ਵੀ ਨੇਤਾ ਇਹ ਕਹਿੰਦਾ ਹੈ ਕਿ ਮੈਂ ਕਰਾਂਗਾ, ਮੈਨੂੰ ਹੀ ਕਰਨਾ ਪਵੇਗਾ, ਮੇਰੇ ਕੋਲ ਹੀ ਇਸਨੂੰ ਕਰਨ ਦੇ ਸਾਧਨ ਹਨ। ਜਦੋਂ ਆਤਮ ਵਿਸ਼ਵਾਸ਼ ਸ਼ਕਤੀ ਨਿਰਵਿਘਨ ਕੰਮ ਕਰਦੀ ਹੈ, ਮਨੁੱਖ ਆਪਣੇ ਟੀਚੇ (goal) ਤੇ ਪਹੁੰਚ ਹੀ ਜਾਂਦਾ ਹੈ।

## ਗੁਰੂਦੇਵ ਨੂੰ ਦਖਸ਼ਣਾ

ਮੈਂ ਆਪਣੇ ਗੁਰੂਦੇਵ ਨੂੰ ਕੀ ਸਮਰਪਿਤ ਕੀਤਾ? ਪੰਦਰਾਂ ਸਾਲ ਦੀ ਉਮਰ ਵਿਚ ਜਦੋਂ ਦੁਬਾਰਾ ਗੁਰੂਦੇਵ ਨੇ ਮੈਨੂੰ ਦੀਖਿਆ ਦਿਤੀ ਤਾਂ ਮੇਰੇ ਕੋਲ ਕੁਝ ਵੀ ਨਹੀਂ ਸੀ। ਮੈਂ ਸੋਚਿਆ, ਇਹ ਸਾਰੇ ਅਮੀਰ ਲੋਕ ਪੇਟੀ ਭਰ ਕੇ ਫਲ, ਫੁਲ, ਰੁਪਏ ਲੈ ਕੇ ਆਉਂਦੇ ਹਨ ਤੇ ਆਪਣੇ ਗੁਰੂ ਨੂੰ ਸਮਰਪਿਤ ਕਰਦੇ ਹਨ, ਪਰ ਮੇਰੇ ਕੋਲ ਗੁਰੂ ਚਰਨਾਂ ਵਿਚ ਭੇਟਾ ਕਰਨ ਲਈ ਕੁਝ ਵੀ ਨਹੀਂ।

ਮੈਂ ਗੁਰੂਦੇਵ ਨੂੰ ਪੁਛਿਆ, "ਮੈਂ ਆਪ ਨੂੰ ਸਭ ਤੋਂ ਚੰਗੀ ਚੀਜ਼ ਕੀ ਭੇਟਾ ਕਰ ਸਕਦਾ ਹਾਂ?" ਗੁਰੂਦੇਵ ਕਹਿਣ ਲੱਗੇ, "ਮੈਨੂੰ ਕੁਝ ਸੁੱਕੀਆਂ ਲੱਕੜਾਂ ਲਿਆ ਕੇ ਦੇ।" ਮੈਂ ਸੋਚਿਆ, ਜੇ ਕੋਈ ਸੁੱਕੀਆਂ ਲੱਕੜਾਂ ਗੁਰੂਦੇਵ ਨੂੰ ਭੇਟ ਕਰੇ, ਗੁਰੂਦੇਵ ਗੁਸੇ ਹੀ ਹੋਣਗੇ। ਪਰ ਗੁਰੂਦੇਵ ਨੇ ਮੈਨੂੰ ਜਿਸ ਤਰ੍ਹਾਂ ਕਿਹਾ, ਮੈਂ ਉਸ ਤਰ੍ਹਾਂ ਹੀ ਕੀਤਾ। ਮੈਂ ਸੁਕੀਆਂ ਲੱਕੜੀਆਂ ਦੇ ਟੁਕੜੇ ਲਏ ਤੇ ਗੁਰੂਦੇਵ ਨੂੰ ਭੇਟਾ ਕਰ ਦਿਤੇ। ਗੁਰੂਦੇਵ ਕਹਿਣ ਲਗੇ, "ਆਪਣੇ ਪੂਰੇ ਮਨ ਨਾਲ ਇਹ ਲਕੜੀਆਂ ਮੈਨੂੰ ਸਮਰਪਣ ਕਰ।"

ਮੈਂ ਗੁਰੂਦੇਵ ਵਲ ਦੇਖ ਕੇ ਸੋਚਣ ਲੱਗਾ, "ਇਹ ਐਨੇ ਬੁਧੀਮਾਨ ਤੇ ਗਿਆਨੀ ਹਨ, ਇਨ੍ਹਾਂ ਨੂੰ ਅੱਜ ਕੀ ਹੋ ਗਿਆ ਹੈ?

ਗੁਰੂਦੇਵ ਬੋਲੇ, "ਇਹ ਹੀ ਸਭ ਤੋਂ ਵੱਡੀ ਭੇਟਾ ਹੈ ਜੋ ਤੂੰ ਦੇ ਸਕਦਾ ਹੈਂ। ਲੋਕੀ ਸੋਨਾ, ਚਾਂਦੀ, ਜ਼ਮੀਨ, ਮਕਾਨ ਆਦਿ ਦੇਣਾ ਚਾਹੁੰਦੇ ਹਨ, ਇਹ ਮਹਿੰਗੀਆਂ ਚੀਜ਼ਾਂ ਮੇਰੇ ਲਈ ਮਹੱਤਵ ਨਹੀਂ ਰੱਖਦੀਆਂ।" ਗੁਰੂਦੇਵ ਨੇ ਮੈਨੂੰ ਸਮਝਾਇਆ, ਜਦੋਂ ਤੁਸੀਂ ਸੁੱਕੀ ਲਕੜੀ ਦਾ ਇਕ ਢੇਰ ਗੁਰੂ ਨੂੰ ਸਮਰਪਣ ਕਰਦੇ ਹੋ ਤਾਂ ਗੁਰੂ ਸਮਝ ਜਾਂਦਾ ਹੈ ਕਿ ਹੁਣ ਤੁਸੀਂ ਗਿਆਨ ਮਾਰਗ ਤੇ ਚਲਣ ਦੇ ਕਾਬਲ ਹੋ ਗਏ ਹੋ। ਇਸ ਦਾ ਭਾਵ ਇਹ ਹੈ ਕਿ ਮੈਨੂੰ ਮੇਰੇ ਪੂਰਨ ਕਰਮਾਂ ਤੋਂ ਮੁਕਤ ਕਰ ਦਿਓ ਤੇ ਮੇਰੀ ਸਾਰੀ ਅਗਿਆਨਤਾ

ਨੂੰ ਗਿਆਨ ਦੀ ਅੱਗ ਵਿਚ ਸਾੜ ਦਿਓ। ਉਨ੍ਹਾਂ ਨੇ ਕਿਹਾ, "ਮੈਂ ਇਨ੍ਹਾਂ ਲੱਕੜੀਆਂ ਨੂੰ ਭਸਮ ਕਰ ਦਿਆਂਗਾ ਤਾਂਕਿ ਤੇਰੇ ਪਿਛਲੇ ਕਰਮ ਅਗਲੇ ਕਰਮਾਂ ਤੇ ਪ੍ਰਭਾਵ ਨਾ ਪਾਉਣ। ਹੁਣ ਮੈਂ ਤੈਨੂੰ ਨਵਾਂ ਜੀਵਨ ਦੇ ਰਿਹਾ ਹਾਂ। ਆਪਣੇ ਪਿਛੋਕੜ ਵਿਚ ਨਾ ਰਹਿ ਕੇ ਨਵੇਂ ਅਧਿਆਤਮਕ ਜੀਵਨ ਵਿਚ ਵਿਚਰੋ।"

ਬਹੁਤ ਸਾਰੇ ਪ੍ਰਾਣੀ ਆਪਣੇ ਪਿਛਲੇ ਜੀਵਨ ਨੂੰ ਸੋਚ ਕੇ ਕੁੜ੍ਹਦੇ ਰਹਿੰਦੇ ਹਨ। ਇਹ ਨਹੀਂ ਜਾਣਦੇ ਕਿ ਵਰਤਮਾਨ ਵਿਚ ਕਿਸ ਤਰ੍ਹਾਂ ਰਹਿਣਾ ਹੈ ਤੇ ਕਿਸ ਤਰ੍ਹਾਂ ਉਸਨੂੰ ਮਾਨਣਾ ਹੈ। ਇਹ ਹੀ ਉਨ੍ਹਾਂ ਦੇ ਦੁਖਾਂ ਦਾ ਕਾਰਣ ਬਣ ਜਾਂਦਾ ਹੈ।

### ਇਕੱਲਾ ਪਨ

ਮੈਂ ਕਦੇ ਵੀ ਇਕੱਲਾ ਪਨ ਮਹਿਸੂਸ ਨਹੀ ਕਰਦਾ, ਵਾਸਤਵ ਵਿਚ ਮੈਂ ਕਦੀ ਵੀ ਇਕੱਲਾ ਨਹੀਂ ਹਾਂ। ਇਕੱਲਾ ਉਹ ਹੁੰਦਾ ਹੈ ਜਿਸਨੂੰ ਆਪਣੇ ਅੰਦਰ ਦੀ ਪੂਰਣਤਾ ਦਾ ਅਹਿਸਾਸ ਨਹੀਂ। ਜਦੋਂ ਤੁਸੀਂ ਆਪਣੇ ਅੰਦਰ ਦੀ ਪੂਰਣਤਾ ਜਾਣੇ ਬਿਨਾਂ ਬਾਹਰ ਤੇ ਨਿਰਭਰ ਹੋ ਜਾਂਦੇ ਹੋ ਤਾਂ ਤੁਸੀਂ ਇਕੱਲੇ ਮਹਿਸੂਸ ਕਰਦੇ ਹੋ। ਆਤਮ ਗਿਆਨ ਦੀ ਸਾਰੀ ਖੋਜ ਇਸੇ ਤੇ ਨਿਰਭਰ ਹੈ ਕਿ ਕਿਵੇਂ ਅੰਤਰ-ਮੁਖੀ ਹੋ ਕੇ ਇਹ ਜਾਣ ਲਵੋ ਕਿ ਤੁਸੀਂ ਸੰਪੂਰਣ ਹੋ, ਵਾਹਿਗੁਰੂ ਦਾ ਰੂਪ ਹੋ। ਤੁਹਾਨੂੰ ਕਿਸੇ ਬਾਹਰੀ ਵਸਤੂ ਦੀ ਲੋੜ ਨਹੀਂ ਭਾਵੇਂ ਕੁਛ ਵੀ ਹੋਵੇ; ਕਿਸੇ ਵੀ ਹਾਲਤ ਵਿਚ ਹੋਵੋ ਫਿਰ ਤੁਸੀਂ ਇਕੱਲੇ ਮਹਿਸੂਸ ਨਹੀਂ ਕਰਦੇ।

ਜਦੋਂ ਮੈਂ ਸੋਲਾਂ ਸਾਲ ਦਾ ਸੀ, ਇਕ ਦਿਨ ਮੈਂ ਆਪਣੀ ਗੁਫਾ ਦੇ ਬਾਹਰ ਖੜ੍ਹਾ ਸੀ। ਮੈਂ ਦੇਖਿਆ ਕਿ ਕਾਫੀ ਸਾਰੇ ਲੋਕੀ ਮੇਰੇ ਵਲ ਤੁਰੀਂ ਆ ਰਹੇ ਹਨ। ਜਦੋਂ ਉਹ ਮੇਰੇ ਕੋਲ ਆ ਗਏ ਤਾਂ ਮੈਂ ਪਛਾਣਿਆ ਕਿ ਉਹ ਇਕ ਰਾਜਕੁਮਾਰ ਹੈ ਤੇ ਆਪਣੇ ਸਕੱਤਰ ਤੇ ਹੋਰ ਪਹਿਰੇਦਾਰਾਂ ਨਾਲ ਆਇਆ ਹੈ। ਮੇਰੇ ਕੋਲ ਪਹੁੰਚ ਕੇ ਬੜੇ ਹੰਕਾਰ ਨਾਲ ਉਸ ਨੇ ਕਿਹਾ, "ਬ੍ਰਹਮਚਾਰੀ! ਮੈਂ ਤੇਰੇ ਗੁਰੂ ਨੂੰ ਮਿਲਣ ਆਇਆ ਹਾਂ।"

ਉਸੇ ਤਰੀਕੇ ਨਾਲ ਜਵਾਬ ਦਿੰਦਿਆਂ ਮੈਂ ਕਿਹਾ, "ਤੁਸੀਂ ਉਨ੍ਹਾਂ ਨੂੰ ਨਹੀਂ ਮਿਲ ਸਕਦੇ।" ਉਸ ਦੇ ਸਕੱਤਰ ਨੇ ਕਿਹਾ, "ਕੀ ਤੁਸੀਂ ਜਾਣਦੇ ਹੋ, ਇਹ ਕੌਣ ਹਨ?"

ਮੈਂ ਜਵਾਬ ਦਿਤਾ, "ਕੋਈ ਵੀ ਹੋਵੇ, ਮੈਂ ਇਸ ਗੁਫਾ ਦਾ ਪਹਿਰਾ ਦੇ ਰਿਹਾ ਹਾਂ, ਤੁਸੀਂ ਮੁੜ ਜਾਓ।" ਉਹ ਚਲੇ ਗਏ ਤੇ ਉਸ ਤੋਂ ਬਾਦ ਕਿੰਨੀ ਵਾਰੀ ਆਏ। ਮੈਂ ਬਹੁਤ ਘਟ ਹੀ ਕਿਸੇ ਨੂੰ ਗੁਰੂਦੇਵ ਨੂੰ ਮਿਲਣ ਦੀ ਆਗਿਆ ਦਿੰਦਾ ਸੀ। ਮੈਂ ਆਪਣੇ ਗੁਰੂਦੇਵ ਨੂੰ ਹਰ ਪਰੇਸ਼ਾਨੀ ਤੋਂ ਬਚਾ ਕੇ ਰਖਦਾ ਸੀ। ਹੰਕਾਰੀ ਬੰਦਿਆਂ ਨੂੰ ਅਸੀਂ ਕਦੀ ਵੀ ਨਹੀਂ ਮਿਲਣਾ ਚਾਹੁੰਦੇ। ਕਦੀ-ਕਦੀ ਮੈਂ ਆਪਣੇ ਗੁਰੂਦੇਵ ਨੂੰ ਪੁੱਛਦਾ, "ਇਹ ਅਮੀਰ ਲੋਕੀ ਐਨੀ ਦੂਰੋਂ-ਦੂਰੋਂ ਆਪ ਦੇ ਦਰਸ਼ਨਾਂ ਨੂੰ ਆਉਂਦੇ ਹਨ ਪਰ ਆਪ ਜੀ ਉਨ੍ਹਾਂ ਨੂੰ ਮਿਲਣਾ ਹੀ ਨਹੀਂ ਚਾਹੁੰਦੇ। ਕੀ ਇਸ ਤਰ੍ਹਾਂ ਕਰਨਾ ਠੀਕ ਹੈ?"

ਉਹ ਮੁਸਕਰਾ ਕੇ ਜਵਾਬ ਦਿੰਦੇ, "ਮੈਂ ਆਪਣੇ ਅੰਦਰ ਬੈਠੇ ਮਿਤ੍ਰ ਨਾਲ ਪ੍ਰਸੰਨ ਹਾਂ। ਮੈਨੂੰ ਇਨ੍ਹਾਂ ਲੋਕਾਂ ਨੂੰ ਮਿਲਣ ਦੀ ਕੋਈ ਲੋੜ ਨਹੀਂ। ਇਹ ਲੋਕੀ ਕੋਈ ਜਗਿਆਸੂ ਨਹੀਂ ਹਨ। ਇਹ ਦੁਨਿਆਵੀ ਚੀਜ਼ਾਂ ਲਈ ਫਿਰਦੇ ਹਨ, ਕਿਸੇ ਨੂੰ ਸੰਤਾਨ ਚਾਹੀਦੀ ਹੈ, ਕਿਸੇ ਨੂੰ ਅਹੁਦੇ ਚਾਹੀਦੇ ਹਨ; ਇਨ੍ਹਾਂ ਨੂੰ ਆਤਮ ਗਿਆਨ ਦੀ ਭੁਖ ਨਹੀਂ ਹੈ। ਤੂੰ ਮੈਨੂੰ ਕਿਉਂ ਇਨ੍ਹਾਂ ਨੂੰ ਮਿਲਣ ਲਈ ਕਹਿੰਦਾ ਹੈਂ?"

ਅੰਤ ਰਾਜਕੁਮਾਰ ਨੇ ਮਹਿਸੂਸ ਕੀਤਾ ਕਿ ਇਹ ਵਤੀਰਾ ਐਥੇ ਨਹੀਂ ਚਲਣਾ। ਉਸਨੇ ਆਪਣਾ ਅੰਦਾਜ਼ ਬਦਲਿਆ ਤੇ ਆ ਕੇ ਕਹਿਣ ਲਗਾ, "ਸ੍ਰੀ ਮਾਨ ਜੀ, ਕੀ ਮੈਂ ਤੁਹਾਡੇ ਗੁਰੂਦੇਵ ਦੇ ਦਰਸ਼ਨ ਕਰ ਸਕਦਾ ਹਾਂ?"

ਮੈਂ ਉਸਨੂੰ ਅੰਦਰ ਲੈ ਗਿਆ ਜਿਥੇ ਗੁਰੂਦੇਵ ਚੁਪ-ਚਾਪ ਬੈਠੇ ਸਨ। ਰਾਜਕੁਮਾਰ ਪੱਛਮੀ ਪ੍ਰਭਾਵ ਥੱਲੇ ਹੋਏ ਪਾਲਣ-ਪੋਸ਼ਣ ਨੂੰ ਦਰਸਾਉਂਦੇ ਹੋਏ ਬੜੀ ਨਿਮਰਤਾ ਨਾਲ ਕਹਿਣ ਲੱਗਾ, "ਸ੍ਰੀ ਮਾਨ ਜੀ, ਤੁਸੀਂ ਆਪਣੇ ਆਪ ਨੂੰ ਬੜੇ ਹੀ ਇਕੱਲੇ ਮਹਿਸੂਸ ਕਰ ਰਹੇ ਹੋਵੋਂਗੇ?"

ਮੇਰੇ ਗੁਰੂਦੇਵ ਨੇ ਕਿਹਾ, "ਹਾਂ ਮੈਂ ਇਕੱਲਾ ਮਹਿਸੂਸ ਕਰ ਰਿਹਾ ਹਾਂ ਕਿਉਂਕਿ ਤੁਸੀਂ ਆ ਗਏ ਹੋ। ਤੁਹਾਡੇ ਆਉਣ ਤੋਂ ਪਹਿਲਾਂ ਮੈਂ ਆਪਣੇ ਅੰਦਰ ਬੈਠੇ ਮਿਤ੍ਰ ਦਾ ਸਾਥ ਮਾਣ ਰਿਹਾ ਸੀ। ਹੁਣ ਕਿਉਂਕਿ ਤੁਸੀਂ ਆ ਗਏ ਹੋ, ਮੈਂ ਇਕੱਲਾ ਹੋ ਗਿਆ ਹਾਂ।"

ਇਹ ਸੱਚ ਹੈ ਕਿ ਸਾਰੇ ਸਾਥਾਂ ਵਿਚੋਂ ਉਤਮ ਸਾਥ ਆਪਣੇ ਆਪ ਦਾ ਹੀ ਹੈ। ਜਿਹੜੇ ਆਪਣੇ ਅੰਤਰ ਆਤਮਾ ਦੇ ਸਾਥ ਨੂੰ ਮਾਨਣਾ ਸਿੱਖ ਜਾਂਦੇ ਹਨ, ਉਹ ਕਦੀ ਵੀ ਇਕੱਲੇ ਨਹੀਂ ਹੁੰਦੇ। ਸਾਨੂੰ ਇਕੱਲਾ ਮਹਿਸੂਸ ਕੌਣ ਕਰਾਉਂਦਾ ਹੈ? ਉਹ ਜਿਹੜੇ ਸਾਡੇ ਆਪਣੇ ਅਖਵਾਂਦੇ ਹਨ, ਜਿਹੜੇ ਕਹਿੰਦੇ ਹਨ ਕਿ ਉਹ ਸਾਨੂੰ ਜਾਣਦੇ ਹਨ, ਸਾਨੂੰ ਪਿਆਰ ਕਰਦੇ ਹਨ ਜਾਂ ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ, ਉਹ ਹੀ ਸਾਨੂੰ ਇਕੱਲਾ ਮਹਿਸੂਸ ਕਰਵਾਉਂਦੇ ਹਨ ਤੇ ਆਪਣੇ ਤੇ ਨਿਰਭਰ ਬਣਾਉਂਦੇ ਹਨ। ਅਸੀਂ ਆਪਣੇ ਅੰਦਰ ਬੈਠੇ ਮਿਤਰ ਵਾਹਿਗੁਰੂ ਨੂੰ ਭੁੱਲ ਜਾਂਦੇ ਹਾਂ। ਜਦੋਂ ਆਪਣੇ ਅੰਤਰ ਤੇ ਨਿਰਭਰ ਹੋਣਾ ਸਿਖ ਲੈਂਦੇ ਹਾਂ, ਸਾਨੂੰ ਬਾਹਰ ਦੇ ਪਦਾਰਥਾਂ ਦੀ ਲੋੜ ਨਹੀਂ ਰਹਿੰਦੀ। ਬਾਹਰੀ ਰਿਸ਼ਤਿਆਂ ਤੇ ਆਸਥਾ ਰਖਣੀ ਇਕ ਅਗਿਆਨ ਹੈ ਜਿਸ ਤੋਂ ਨਵਿਰਤ ਹੋਣ ਦੀ ਲੋੜ ਹੈ। ਸਬੰਧ ਤੇ ਜੀਵਨ ਇਕੋ ਹੀ ਸਿਕੇ ਦੇ ਦੋ ਪਾਸੇ ਹਨ, ਅਭੇਦ ਹਨ, ਵੱਖ ਨਹੀਂ ਕੀਤੇ ਜਾ ਸਕਦੇ। ਜੋ ਵੀ ਅੰਦਰ ਬੈਠੇ ਵਾਹਿਗੁਰੂ ਰੂਪੀ ਮਿਤਰ ਨੂੰ ਜਾਣ ਲੈਂਦਾ ਹੈ, ਉਹ ਸਭ ਨੂੰ ਪਿਆਰ ਕਰਦਾ ਹੈ ਪਰ ਕਿਸੇ ਤੇ ਵੀ ਨਿਰਭਰ ਨਹੀਂ ਹੁੰਦਾ। ਉਹ ਕਦੀ ਇਕੱਲਾ ਵੀ ਨਹੀਂ ਹੁੰਦਾ। ਇਕੱਲਾਪਨ ਇਕ ਰੋਗ ਹੈ। ਇਕੱਲੇ ਰਹਿ ਕੇ ਖੁਸ਼ ਰਹਿਣ ਦਾ ਭਾਵ ਹੈ ਅੰਦਰ ਦੇ ਮਿੱਤਰ ਦਾ ਸਾਥ ਮਾਨਣਾ, ਅੰਤਰ ਲਈ ਜਾਣੂ ਹੋਣਾ, ਵਾਸਤਵਿਕਤਾ ਤੋਂ ਜਾਣੂ ਹੋਣਾ।

ਇਹ ਸਿਖਿਆ ਲੈ ਕੇ ਰਾਜਕੁਮਾਰ ਆਪਣੇ ਮਹਿਲ ਵਾਪਸ ਚਲਾ ਗਿਆ ਤੇ ਗੁਰੂਦੇਵ ਦੇ ਦਿਤੇ ਉਪਦੇਸ਼ ਤੇ ਵਿਚਾਰ ਕਰਦਾ ਰਿਹਾ। ਫੇਰ ਉਸਨੇ ਅਧਿਐਨ ਸ਼ੁਰੂ ਕਰ ਦਿਤਾ ਤੇ ਛੇਤੀਂ ਹੀ ਇਹ ਮਹਿਸੂਸ ਕਰ ਲਿਆ ਕਿ ਹਰ ਬੰਦਾ ਇਕੱਲੇਪਨ ਦੇ ਦੁਖਾਂ ਤੋਂ ਮੁਕਤ ਹੋ ਸਕਦਾ ਹੈ ਤੇ ਅੰਤਰ ਜੀਵਨ ਦਾ ਅਨੰਦ ਮਾਣ ਸਕਦਾ ਹੈ।

'ਚਲਦਾ'

ਟਿਪਣੀ - ਆਤਮ ਜਗਿਆਸਾ ਦੇ ਚਾਹਵਾਨ ਇਸ ਲੇਖ ਵਿਚ ਅੰਕਿਤ ਕੀਤੇ 'ਗੁਰ ਆਗਿਆ ਪਾਲਣ' ਅਤੇ 'ਇਕਲਤਾ' ਦੇ ਭੇਤਾਂ ਨੂੰ ਸਮਝ ਕੇ ਆਪਣਾਉਣ, ਆਤਮਿਕ ਉਨਤੀ ਹੋਵੇਗੀ। ਸੰਚਾਲਕ

# ਸੰਤ

## ਸੰਤ ਰਹਤ ਸੁਨਹੁ ਮੇਰੇ ਭਾਈ॥
## ਉਆ ਕੀ ਮਹਿਮਾ ਕਥਨੁ ਨ ਜਾਈ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-16)*

ਸੋ ਇਹ ਬਿਰਤੀ ਸੰਤਾਂ ਦੀ ਹੈ, ਉਹ ਪ੍ਰਭੂ ਨੂੰ ਸਦਾ ਹੀ ਸੰਗ ਜਾਣਦੇ ਹਨ।

ਦੂਸਰੀ ਰਹਿਤ ਸੰਤਾਂ ਦੀ -

*ਪ੍ਰਭ ਕਾ ਕੀਆ ਮੀਠਾ ਮਾਨੈ॥* *ਪੰਨਾ - 392*

ਇਸ ਉਪਰ ਵੀ ਇਕ ਬਹੁਤ ਹੀ ਪਿਆਰ ਵਾਲੀ ਸਾਖੀ ਆਉਂਦੀ ਹੈ।

ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਇਕ ਗੁਰਮੁਖ ਨਾਮ ਦਾ ਸਿਖ ਆਇਆ। ਉਸਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਅਸੀਂ ਇਹ ਤੁਕ ਤਾਂ ਪੜ੍ਹਦੇ ਹਾਂ ਕਿ -

*ਪ੍ਰਭ ਕਾ ਕੀਆ ਮੀਠਾ ਮਾਨੈ॥* *ਪੰਨਾ - 392*

ਅਤੇ ਇਹ ਵੀ ਪੜ੍ਹਦੇ ਹਾਂ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥* *ਪੰਨਾ - 275*

ਪਰ ਸੱਚੇ ਪਾਤਸ਼ਾਹ ਇਸ ਤਰ੍ਹਾਂ ਦੇ ਗੁਰਮੁਖ ਪਿਆਰੇ ਦੇ ਅਸਾਨੂੰ ਜੇ ਦਰਸ਼ਨ ਹੋ ਜਾਣ ਤਾਂ ਅਸੀਂ ਬੜੇ ਧੰਨਭਾਗੀ ਹੋਵਾਂਗੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਭਾਈ ਜੇ ਤੈਂ ਅਜਿਹੇ ਗੁਰਮੁਖ ਪਿਆਰੇ ਸਾਧੂ ਦੇ ਦਰਸ਼ਨ ਕਰਨੇ ਹਨ, ਤੇਰੀ ਇਛਿਆ ਹੈ, ਸੰਗਤ ਵਿਚ ਅਨੇਕਾਂ ਗੁਰਸਿੱਖ ਇਸ ਪਦਵੀ ਦੇ ਮਾਲਕ ਹਨ ਪਰ ਤੈਨੂੰ ਪ੍ਰਤੱਖ ਵੇਖੇ ਬਿਨਾਂ ਨਿਸ਼ਚਾ ਨਹੀਂ ਆਉਣਾ, ਇਸ ਕਰਕੇ ਤੂੰ ਹੁਣੇ ਹੀ ਗੁਜਰਾਤ ਨੂੰ ਚਲਿਆ ਜਾਹ; ਉਥੇ ਗੁਜਰਾਤ ਵਿਚ ਇਕ ਗੁਰਮੁਖ ਪਿਆਰੇ, ਜਿਨ੍ਹਾਂ ਦਾ ਨਾਮ ਭਾਈ ਭਿਖਾਰੀ ਹੈ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਉਨ੍ਹਾਂ ਦੀ ਅਵਸਥਾ -

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*
*ਪੰਨਾ - 1376*

ਵਾਲੀ ਹੈ। ਉਨ੍ਹਾਂ ਦੇ ਦਰਸ਼ਨ ਕਰ, ਤੈਨੂੰ ਉਸ ਅਵਸਥਾ ਦਾ ਆਪਣੇ ਆਪ ਹੀ ਗਿਆਨ ਹੋ ਜਾਵੇਗਾ। ਆਗਿਆ ਅਨੁਸਾਰ ਉਸ ਗੁਰਸਿੱਖ ਦੇ ਘਰ ਪਹੁੰਚਦਾ ਹੈ, ਮਹਿਲ ਮਾੜੀਆਂ ਵੇਖ ਕੇ ਅੰਦਾਜ਼ਾ ਲਾਇਆ ਕਿ ਗੁਰਸਿੱਖ ਉਪਰ ਮਹਾਰਾਜ ਜੀ ਦੀ ਮਾਇਕ ਤੌਰ ਤੇ ਕ੍ਰਿਪਾ ਹੈ। ਜਿਸ ਬੈਠਕ ਵਿਚ ਗੁਰੂ ਪਿਆਰੇ ਬੈਠੇ ਇਕ ਤੱਪੜ ਦੀ ਮੁਰੰਮਤ ਕਰ ਰਹੇ ਸਨ, ਉਥੇ ਪੂਰੇ ਸਤਿਕਾਰ ਨਾਲ ਭਾਈ ਗੁਰਮੁਖ ਨੂੰ ਉਚੇ ਥਾਂ ਬਿਠਾਇਆ, ਜਲ ਪਾਣੀ ਦੀ ਸੇਵਾ ਆਪਣੇ ਹੱਥੀਂ ਲਿਆ ਕੇ ਕੀਤੀ। ਗੁਰਸਿੱਖ ਕੀ ਦੇਖਦਾ ਹੈ ਕਿ ਘਰ ਵਿਚ ਮੰਗਲਾਚਾਰਕ ਸ਼ੁਭ ਅਵਸਰ ਬਣਿਆ ਹੋਇਆ ਹੈ। ਅਨੁਮਾਨ ਤੋਂ ਲਗਿਆ ਕਿ ਵਿਆਹ ਦੀ ਤਿਆਰੀ ਹੋ ਰਹੀ ਹੈ। ਅਚਾਨਕ ਉਸਦੀ ਨਿਗ੍ਹਾ ਉਸ ਕਮਰੇ ਵਿਚ ਰਖੇ ਕੁਝ ਸਮਾਨ ਉਪਰ ਪਈ ਜਿਨ੍ਹਾਂ ਵਿਚ ਇਕ ਅਰਥੀ ਸੀ, ਇਕ ਕੋਰਾ ਘੜਾ ਸੀ ਅਤੇ ਇਕ ਪੂਲੀ ਕਣਕ ਦੀ ਨਾਲੀ ਦੀ ਸੀ। ਕੁਝ ਸੰਸਾ ਮਨ ਵਿਚ ਵਿਆਪਿਆ ਕਿ ਇਕ ਪਾਸੇ ਮਠਿਆਈ ਬਣ ਰਹੀ ਹੈ, ਨਵੇਂ ਕੱਪੜੇ ਸਿਉਂਤੇ ਜਾ ਰਹੇ ਹਨ ਅਤੇ ਕੁੜਮ-ਕਬੀਲਿਆਂ ਦੀ ਗਹਿਮਾ-ਗਹਿਮੀ ਹੈ; ਐਨਾ ਚਾਉ ਨਜ਼ਰ ਆ ਰਿਹਾ ਹੈ ਕਿ ਕਿਸੇ ਦਾ ਪੈਰ ਧਰਤੀ ਤੇ ਲਗਦਾ ਨਜ਼ਰ ਨਹੀਂ ਆਉਂਦਾ, ਦੂਜੇ ਪਾਸੇ ਇਹ ਮਿਰਤਕ ਦਾ ਸਮਾਨ - ਇਹ ਕਿਉਂ?

ਦੂਸਰੇ ਦਿਨ ਬਰਾਤ ਵਾਲੇ ਜਾ ਕੇ ਭਾਈ ਭਿਖਾਰੀ ਦੇ ਲੜਕੇ ਦੀ ਸ਼ਾਦੀ ਕਰ ਲਿਆਏ। ਰੱਥ ਵਿਚ ਪੁੱਤਰ ਅਤੇ ਉਸਦੀ ਨਵ-ਵਿਆਹੀ ਨੂੰਹ ਹੈ ਪਰ ਰਸਤੇ ਵਿਚ ਲੜਕੇ ਦੇ ਪੇਟ ਵਿਚ ਐਸਾ ਦਰਦ ਹੋਇਆ ਕਿ ਉਹ ਘਰ ਦੇ ਬੂਹੇ ਤਕ ਪਹੁੰਚਦਾ, ਚੜ੍ਹਾਈ ਕਰ ਗਿਆ। ਮਾਂ ਪਾਣੀ ਵਾਰਨ ਵਾਸਤੇ ਅਤੇ ਭੈਣਾਂ ਬੂਹਾ ਰੋਕੀਂ ਖੜ੍ਹੀਆਂ ਹਨ ਪਰ ਲੜਕਾ ਜਦੋਂ ਰੱਥ ਵਿਚੋਂ ਕੱਢਿਆ ਤਾਂ ਉਹ ਇਕ ਮਿਰਤਕ ਸਰੀਰ ਸੀ। ਅਜਿਹਾ ਮੌਕਾ ਕੁਦਰਤੀ ਤੌਰ ਤੇ ਭਾਵੁਕ ਤੇ ਪਿਆਰ ਵਾਲਿਆਂ ਵਾਸਤੇ ਅਸਹਿ ਹੋਇਆ ਕਰਦਾ ਹੈ ਪਰ ਭਾਈ ਸਾਹਿਬ ਨੇ ਸਭ ਨੂੰ ਵਾਹਿਗੁਰੂ ਦੀ ਰਜ਼ਾ ਮੰਨਣ ਦਾ ਉਪਦੇਸ਼ ਦੇ ਕੇ ਚੁੱਪ ਕਰਾ ਦਿਤਾ। ਇਕ ਦਮ ਵਿਆਹ ਦੇ ਲਿਬਾਸ ਉਤਰ ਗਏ ਅਤੇ ਸਾਰਾ ਕੁੜਮ-ਕਬੀਲਾ ਮਾਤਮੀ ਵਸਤਰ ਪਹਿਨ ਕੇ ਉਸ ਤੱਪੜ ਉਪਰ ਬੈਠ ਗਿਆ ਜੋ ਗੰਢ ਤਰੁਪਕ ਕਰਕੇ ਠੀਕ ਕੀਤਾ ਸੀ। ਭਾਈ ਗੁਰਮੁਖ ਹੈਰਾਨ ਸੀ ਕਿ ਭਾਈ ਭਿਖਾਰੀ ਜੀ ਦੇ ਮੁਖ ਤੇ ਇਸ ਅਸਹਿ ਸਦਮੇ ਦਾ ਕੋਈ ਚਿੰਨ ਨਜ਼ਰ ਨਹੀਂ ਸੀ ਆਉਂਦਾ। ਉਸ ਸਮੇਂ ਮਿਰਤਕ ਵਾਸਤੇ ਅਰਥੀ ਜੋ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ, ਕੱਢੀ ਤੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ ਲੜਕੇ ਦਾ ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਸਸਕਾਰ ਕੀਤਾ। ਜਦੋਂ ਰਾਤ ਨੂੰ ਸਮਾਂ ਮਿਲਿਆ, ਭਾਈ ਗੁਰਮੁਖ ਜੀ ਨੇ ਭਾਈ ਭਿਖਾਰੀ ਜੀ ਨੂੰ ਪੁਛਿਆ ਕਿ ਜੇ ਤੁਹਾਨੂੰ ਪਹਿਲਾਂ ਹੀ ਪਤਾ ਸੀ ਕਿ ਇਹ ਭਾਣਾ ਵਰਤਣਾ ਹੈ ਤਾਂ ਤੁਸੀਂ ਇਸ ਬੱਚੇ ਦੀ ਸ਼ਾਦੀ ਨਾ ਕਰਦੇ। ਜੇ ਕਰਨੀ ਹੀ ਸੀ ਤਾਂ ਗੁਰੂ ਮਹਾਰਾਜ ਜੀ ਤੋਂ ਆਪਣੇ ਬੱਚੇ ਦੀ ਆਯੂ ਮੰਗ ਲੈਂਦੇ। ਉਸ ਸਮੇਂ ਭਾਈ ਭਿਖਾਰੀ ਜੀ ਨੇ ਕਿਹਾ ਕਿ ਪਿਆਰਿਆ! ਇਹ ਸੰਸਾਰ ਰਹਿਣ ਵਾਲਾ ਨਹੀਂ ਹੈ, ਏਥੇ ਜੀਵ ਪ੍ਰਭੂ ਦੇ ਹੁਕਮ ਅਨੁਸਾਰ ਸੰਜੋਗ ਦੇ ਬੰਨ੍ਹੇ ਸੰਸਾਰ ਵਿਚ ਆਉਂਦੇ ਹਨ ਅਤੇ ਵਿਜੋਗ ਅਨੁਸਾਰ ਦੁਨੀਆਂ ਨੂੰ ਛਡ ਜਾਂਦੇ ਹਨ ਇਹ ਇਵੇਂ ਹੀ ਹੋਣਾ ਸੀ, ਸ਼ਾਦੀ ਵੀ ਹੋਣੀ ਸੀ, ਇਸ ਬੀਬੀ ਨੇ ਵਿਧਵਾ ਵੀ ਹੋਣਾ ਸੀ, ਇਸ ਬੱਚੇ ਨੇ ਇਸੇ ਸਮੇਂ, ਇਸੇ ਥਾਂ ਤੇ ਇਸੇ ਕਾਰਨ ਨਾਲ ਸਰੀਰ ਦਾ ਪੰਜ ਭੂਤਕ ਚੋਲਾ ਛੱਡ ਕੇ ਜਾਣਾ ਸੀ। ਗੁਰਸਿੱਖ ਦਾ ਅਡੋਲ ਨਿਸ਼ਚਾ ਵੇਖ ਕੇ ਭਾਈ ਗੁਰਮੁਖ ਨਮਸ਼ਕਾਰਾਂ ਕਰਦਾ ਹੋਇਆ

ਵਿਦਾ ਹੋਇਆ। ਸੋ ਸੰਤਾਂ ਦੀ ਰਹਿਤ - ਵਾਹਿਗੁਰੂ ਦਾ ਕੀਤਾ ਹੋਇਆ ਮਿੱਠਾ ਮੰਨਦੇ ਹਨ। ਆਪਣੇ ਪਿਆਰੇ ਦੇ ਪ੍ਰੋਗਰਾਮ ਵਿਚ ਕਿਸੇ ਤਰ੍ਹਾਂ ਦਾ ਵੀ ਵਿਘਨ ਨਹੀਂ ਪਾਉਣਾ ਚਾਹੁੰਦੇ।

ਤੀਸਰੀ ਸੰਤ ਰਹਿਤ ਨਾਮ ਦਾ ਅਧਾਰ ਹੈ। ਜ਼ਿੰਦਗੀ ਦੇ ਅੰਦਰ ਬੇਅੰਤ ਅਧਾਰ ਹਨ, ਕਿਸੇ ਨੂੰ ਪੁਤਰ-ਧੀਆਂ ਦਾ ਅਧਾਰ ਹੈ, ਕਿਸੇ ਨੂੰ ਸੋਨੇ-ਚਾਂਦੀ ਦਾ ਅਧਾਰ ਹੈ, ਕਿਸੇ ਨੂੰ ਸੋਹਣੀਆਂ ਸਵਾਰੀਆਂ ਦਾ ਅਧਾਰ ਹੈ, ਕਿਸੇ ਨੂੰ ਮਿੱਤਰਾਂ ਦਾ ਅਧਾਰ ਹੈ, ਕਿਸੇ ਨੂੰ ਉਚ ਪਦਵੀ ਦਾ ਅਧਾਰ ਹੈ। ਜੇ ਕਿਸੇ ਦੀ ਪਦਵੀ ਖੁਸ ਜਾਵੇ ਤਾਂ ਉਸਦਾ ਰੋਣਾ ਕੁਰਲਾਣਾ ਸੁਣਿਆ ਨਹੀਂ ਜਾਂਦਾ, ਕਿਉਂਕਿ ਅਧਾਰ ਟੁੱਟ ਗਿਆ। ਪੁੱਤਰ ਚੜ੍ਹਾਈ ਕਰ ਜਾਵੇ ਤਾਂ ਵੀ ਸਹਿਣਾ ਔਖਾ ਹੁੰਦਾ ਹੈ ਕਿਉਂਕਿ ਉਹ ਅਧਾਰ ਹੈ। ਇਸ ਤਰ੍ਹਾਂ ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਅਧਾਰ ਹਨ ਜਿਨ੍ਹਾਂ ਦੇ ਆਸਰੇ ਉਹ ਆਪਣਾ ਜੀਵਨ ਜਿਉਂ ਰਹੇ ਹਨ, ਪਰ ਸੰਤਾਂ ਦਾ ਅਧਾਰ ਵਾਹਿਗੁਰੂ ਜੀ ਦਾ ਨਾਮ ਹੈ ਜਿਸ ਤੋਂ ਵਿਛੜ ਕੇ ਉਨ੍ਹਾਂ ਦਾ ਜਿਉਂਣਾ ਐਉਂ ਔਖਾ ਹੋ ਜਾਂਦਾ ਹੈ ਜਿਵੇਂ ਪਾਣੀ ਦਾ ਵਿਛੋੜਾ ਮੱਛਲੀ ਨਹੀਂ ਸਹਿ ਸਕਦੀ -

*ਜਿਉ ਮਛਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

ਸੋ ਸੰਤਾਂ ਬਾਰੇ ਗੁਰੂ ਮਹਾਰਾਜ ਜੀ ਉਨ੍ਹਾਂ ਦੀ ਰਹਿਤ ਦਸਦੇ ਹੋਏ ਫੁਰਮਾਨ ਕਰਦੇ ਹਨ -

*ਏਕੁ ਨਾਮੁ ਸੰਤਨ ਆਧਾਰੁ॥ ਪੰਨਾ - 392*

ਉਸ ਤੋਂ ਅਗਲੀ ਰਹਿਤ ਜੋ ਸੰਤਾਂ ਦੀ ਮਨੋਬਿਰਤੀ ਨੂੰ ਪ੍ਰਗਟ ਕਰਦੀ ਹੈ, ਉਹ ਹੈ -

*ਹੋਇ ਰਹੇ ਸਭ ਕੀ ਪਗ ਛਾਰੁ॥ ਪੰਨਾ - 392*

ਇਸ ਰਹਿਤ ਵਿਚ ਦਸਿਆ ਗਿਆ ਹੈ ਕਿ ਸੰਤ ਭੁੱਲ ਕੇ ਵੀ ਆਪਣੇ ਆਪ ਨੂੰ ਵੱਡਾ ਨਹੀਂ ਆਖਦੇ ਅਤੇ ਚੰਗੇ ਤੇ ਉਚੇ ਹੋਣ ਦਾ ਕਿੰਚਤ ਮਾਤਰ ਵੀ ਗੁਮਾਨ ਨਹੀਂ ਕਰਦੇ। ਉਨ੍ਹਾਂ ਦਾ ਨਿਸ਼ਚਾ ਹੋਇਆ ਕਰਦਾ ਹੈ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*
*ਪੰਨਾ - 1364*

ਉਹ ਸਾਰੇ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਜਾਣਦੇ ਹੋਏ ਨਿਸ਼ਚਾ ਰਖਦੇ ਹਨ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥ ਪੰਨਾ - 610*

ਬਾਣੀ ਦੇ ਫੁਰਮਾਨ ਅਨੁਸਾਰ -

*ਹਮ ਨਹੀ ਚੰਗੇ ਬੁਰਾ ਨਹੀ ਕੋਇ॥*
*ਪ੍ਰਣਵਤਿ ਨਾਨਕੁ ਤਾਰੇ ਸੋਇ॥ ਪੰਨਾ - 728*

ਅਤੇ ਪਿਆਰ ਵਿਚ ਰੱਤੇ ਵਾਹਿਗੁਰੂ ਦੀ ਬਖਸ਼ੀ ਹੋਈ ਤਾਕਤ ਦਾ ਕਦੇ ਵੀ ਪ੍ਰਯੋਗ ਨਹੀਂ ਕਰਦੇ। ਸਗਮਾਂ ਚਰਨਾਂ ਦੀ ਧੂੜ ਬਣੇ ਰਹਿੰਦੇ ਹਨ।

ਇਕ ਜਾਗੀ ਹੋਈ ਸੰਤ ਰੂਹ ਜੋ ਨਿਹੰਗ ਸਿੰਘਾਂ ਦੇ ਦਲਾਂ ਵਿਚ ਰਹਿੰਦੀ, ਸੇਵਾ ਕਰਦੀ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਸ਼ਹੀਦੀ ਬਾਗ ਵਿਚ ਬਾਬਾ ਗੁਰਦਿੱਤ ਸਿੰਘ ਜੀ ਤੋਂ ਪਹਿਲਾਂ ਸਿੰਘ ਸਾਹਿਬ ਬਾਬਾ ਸਾਧੂ ਸਿੰਘ ਜੀ ਜਥੇਦਾਰ ਸਨ। ਉਨ੍ਹਾਂ ਦੇ ਸਮੇਂ ਅਜੇ ਸ਼ਹੀਦੀ ਬਾਗ ਅਸਥਾਨ ਇਕ ਨਾਲ ਦੇ ਪਿੰਡ ਦੇ ਜ਼ੈਲਦਾਰ ਦੇ ਕਬਜ਼ੇ ਵਿਚ ਸੀ। ਅੰਗਰੇਜ਼ਾਂ ਦਾ ਰਾਜ ਸੀ ਉਸ ਸਮੇਂ ਸਿੰਘਾਂ ਨੇ ਵਿਚਾਰ ਕੀਤੀ ਕਿ ਜਿਸ ਅਸਥਾਨ ਤੇ ਅਨੰਦਪੁਰ ਦੀ ਭਿਆਨਕ ਜੰਗ ਸਮੇਂ ਸਿੰਘਾਂ ਦੇ ਸਸਕਾਰ ਕੀਤੇ ਗਏ ਹਨ ਉਥੇ ਉਨ੍ਹਾਂ ਦੀ ਯਾਦਗਾਰ ਬਣਾਈ ਜਾਵੇ। ਕਿਲ੍ਹਾ ਅਨੰਦਗੜ੍ਹ ਦੇ ਸਾਹਮਣੇ ਦੂਰ ਤਕ ਜ਼ਮੀਨ, ਝਾੜੀਆਂ, ਪੱਥਰਾਂ, ਘਾਹ-ਫੂਸ ਆਦਿ ਨਾਲ ਢਕੀ ਪਈ ਸੀ ਅਤੇ ਕਈ ਸੌ ਸਾਲ ਤੋਂ ਕਿਸੇ ਦੀ ਮਲਕੀਅਤ ਨਹੀਂ ਸੀ। ਬਾਬਾ ਜੀ ਨੂੰ ਪੁੱਛ ਕੇ, ਜਿਸ ਥਾਂ ਦੇ ਉਤੇ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ, ਉਥੇ ਨਿਸ਼ਾਨ ਸਾਹਿਬ ਝੁਲਾ ਦਿਤਾ। ਇਸ ਗੱਲ ਦੀ ਖਬਰ ਨੇੜੇ ਦੇ ਪਿੰਡ ਦੇ ਜ਼ੈਲਦਾਰ ਨੂੰ ਪਹੁੰਚ ਗਈ ਜੋ ਐਵੇਂ ਹੀ ਇਸ ਅਸਥਾਨ ਦਾ ਮਾਲਕ ਬਣਿਆ ਬੈਠਾ ਸੀ। ਉਹ ਬਹੁਤ ਸਾਰੇ ਸ਼ਸ਼ਤਰਧਾਰੀ ਬੰਦੇ ਲੈ ਕੇ ਅਤੇ ਮੁਕਾਬਲਾ ਕਰਨ ਲਈ ਇਸ ਥਾਂ ਉਪਰ ਪਹੁੰਚਿਆ ਅਤੇ ਨਿਸ਼ਾਨ ਸਾਹਿਬ ਪੁਟ ਦਿਤਾ। ਨਿਹੰਗ ਸਿੰਘਾਂ ਨੇ ਬਹੁਤ ਗੁੱਸਾ ਕੀਤਾ ਅਤੇ ਮੁਕਾਬਲਾ ਕਰਨ ਲਈ ਬਾਬਾ ਜੀ ਤੋਂ ਆਗਿਆ ਮੰਗੀ ਪਰ ਜਥੇਦਾਰ ਜੀ ਨੇ ਇਹ ਕਹਿ ਕੇ ਗੱਲ ਟਾਲ ਦਿਤੀ ਕਿ ਭਾਈ! ਗੁਰੂ ਦੇ ਸਿੱਖਾਂ ਨੂੰ ਕਦੇ ਵੀ ਨਿਮਰਤਾ ਤੇ ਪਿਆਰ ਭਰੀ ਭਾਵਨਾ ਦਾ ਤਿਆਗ ਕਰਕੇ, ਅਭਿਮਾਨ ਵਿਚ ਆ ਕੇ ਲੜਨਾ -ਭਿੜਨਾ ਨਹੀਂ ਚਾਹੀਦਾ। ਉਹ ਜ਼ੈਲਦਾਰ ਆਪਣੇ ਪਿੰਡ ਨੂੰ ਵਾਪਸ ਚਲਿਆ ਗਿਆ। ਦੂਸਰੀ ਵਾਰੀ ਫੇਰ ਨਿਸ਼ਾਨ ਸਾਹਿਬ ਝੁਲਾ ਦਿਤਾ। ਉਹ ਜ਼ੈਲਦਾਰ ਫੇਰ ਆਇਆ ਅਤੇ ਨਿਸ਼ਾਨ ਉਖਾੜ ਦਿਤਾ। ਬਾਬਾ ਜੀ ਨੇ ਫੇਰ ਵੀ ਨਿਮਰਤਾ ਅਤੇ ਧੀਰਜ ਦਾ ਤਿਆਗ ਨਾ ਕੀਤਾ ਤੇ ਕਿਹਾ ਕਿ ਭਾਈ ਇਸ ਦਾ ਸੁਭਾਅ ਆਪਣਾ ਹੈ ਇਸ ਨੇ ਇਹੋ ਕੰਮ ਕਰਨਾ ਹੈ ਅਤੇ ਸਾਡਾ ਆਪਣਾ ਸੁਭਾਅ ਹੈ ਚਰਨਾਂ ਦੀ ਧੂੜ ਬਣ ਕੇ ਰਹੀਦਾ ਹੈ। ਕੋਈ ਝਗੜਾ ਨਾ ਹੋਣ ਦਿਤਾ। ਨਿਹੰਗ ਸਿੰਘਾਂ ਨੇ ਕਿਹਾ ਕਿ ਬਾਬਾ ਜੀ ਅਸੀਂ ਐਵੇਂ ਸਵਾ-ਸਵਾ ਮਣ ਦੇ ਸ਼ਸਤਰ ਚੁਕੀਂ ਫਿਰਦੇ ਹਾਂ, ਤੁਸੀਂ ਤਾਂ ਆਪਣੇ ਆਪ ਨੂੰ ਕੁਝ ਵੀ ਨਹੀਂ ਸਮਝ ਰਹੇ। ਸਾਨੂੰ ਹੁਕਮ ਦੇਵੋਂ ਇਸਨੂੰ ਸੁਮੱਤ ਦੇਈਏ। ਬਾਬਾ ਜੀ ਨੇ ਕਿਹਾ ਕਿ ਸੁਮੱਤ ਦੇਣ ਵਾਲਾ ਤਾਂ ਵਾਹਿਗੁਰੂ ਆਪੇ ਹੀ ਹੈ। ਆਪ ਜੀ ਨੇ ਤੀਸਰੀ ਵਾਰੀ ਨਿਸ਼ਾਨ ਸਾਹਿਬ ਫੇਰ ਝੁਲਾ ਦਿਤੇ ਅਤੇ ਨਾਲ ਹੀ ਬਚਨ ਕੀਤਾ ਕਿ ਭਾਈ! ਹੁਣ ਗੁਰੂ ਦਸ਼ਮੇਸ਼ ਪਿਤਾ ਜਾਨਣ, ਸ਼ਹੀਦ ਸਿੰਘ ਜਾਨਣ; ਇਹ ਉਨ੍ਹਾਂ ਦੀ ਮਰਜ਼ੀ ਹੈ। ਆਪਣਾ ਕੰਮ ਤਾਂ ਨਿਸ਼ਾਨ ਝੁਲਾਣਾ ਹੀ ਹੈ। ਉਹ ਜ਼ੈਲਦਾਰ ਬਹੁਤ ਸਸ਼ਤਰਧਾਰੀਆਂ ਦਾ ਇਕੱਠ ਕਰਕੇ ਇਸ ਇਰਾਦੇ ਨਾਲ ਆਇਆ ਕਿ ਸਾਰਿਆਂ ਨਿਹੰਗ ਸਿੰਘਾਂ ਨੂੰ ਨਠਾ ਦੇਣਾ ਹੈ, ਫੜ ਕੇ ਕੁਟਣੇ ਹਨ ਤਾਂ ਕਿ ਇਹ ਜਗ੍ਹਾ ਛੱਡ ਕੇ ਦੌੜ ਜਾਣ। ਦੂਰੋਂ ਆਉਂਦੀ ਬਹੁਤ ਵੱਡੀ ਧਾੜ ਦੇ ਨਾਲ ਦਿਸ ਰਿਹਾ ਸੀ। ਨਿਹੰਗ ਸਿੰਘਾਂ ਨੇ ਕਿਹਾ ਕਿ ਬਾਬਾ ਜੀ ਹੁਣ ਤਾਂ ਉਹ ਕੁੱਟ ਮਾਰ ਦੇ ਇਰਾਦੇ ਨਾਲ ਆ ਰਿਹਾ ਹੈ, ਅਸੀਂ

ਸ਼ਸ਼ਤਰਧਾਰੀ ਸਿੰਘ ਹਾਂ, ਸ਼ਸ਼ਤਰ ਚਲਾ ਕੇ ਅਸੀਂ ਆਪਣੀ ਵੀ ਰੱਖਿਆ ਕਰਨੀ ਹੈ ਤੇ ਇਸ ਪਾਮਰ ਨੂੰ ਵੀ ਸੁਮੱਤ ਦੇਣੀ ਹੈ। ਤਾਂ ਜਥੇਦਾਰ ਸਾਧੂ ਸਿੰਘ ਜੀ ਕਹਿਣ ਲੱਗੇ ਕਿ ਭਾਈ ਹੁਣ ਤਾਂ ਆਪਣੇ ਮਾਲਕ ਦਾ, ਇਨ੍ਹਾਂ ਦਾ ਤੇ ਸ਼ਹੀਦ ਸਿੰਘਾਂ ਦਾ ਰੌਲਾ-ਰੱਪਾ ਹੈ। ਤੁਸੀਂ ਗੁਰੂ-ਗੁਰੂ ਕਰਦੇ ਦੇਖਦੇ ਜਾਵੋ। ਸਭਨਾਂ ਦੀ ਨਿਗ੍ਹਾ ਜ਼ੈਲਦਾਰ ਤੇ ਉਸਦੇ ਆਦਮੀਆਂ ਉਪਰ ਲਗੀ ਹੋਈ ਸੀ। ਅਚਾਨਕ ਜ਼ੈਲਦਾਰ ਦਾ ਘੋੜਾ ਡਰ ਨਾਲ ਸਹਿਮ ਗਿਆ ਤੇ ਸਿਧਾ ਖੜ੍ਹਾ ਹੋ ਗਿਆ ਤੇ ਜ਼ੈਲਦਾਰ ਹੇਠਾਂ ਗਿਰ ਪਿਆ ਪਰ ਪੈਰ ਰਕਾਬ ਵਿਚ ਫਸ ਗਿਆ, ਘੋੜਾ ਗੇਲਪ (Gallop) ਹੋ ਗਿਆ। ਪੱਥਰਾਂ ਨਾਲ ਲਗ-ਲਗ ਕੇ ਜ਼ੈਲਦਾਰ ਦੇ ਸਰੀਰ ਦੇ ਟੁਕੜੇ-ਟੁਕੜੇ ਹੋ ਗਏ। ਥਾਂ-ਥਾਂ ਤੇ ਮਾਸ ਖਿੰਡਿਆ ਪਿਆ ਨਜ਼ਰੀ ਆਇਆ ਅਤੇ ਉਹ ਅਗੰਮੀ ਸ਼ਕਤੀਆਂ ਨਾਲ ਮੱਥਾ ਲਾਉਂਦਾ ਨਰਕ ਸੁਧਾਰ ਗਿਆ। ਨਿਹੰਗ ਸਿੰਘਾਂ ਨੇ ਤਾਂ ਜੈਕਾਰੇ ਬੁਲਾਏ ਪਰ ਜਥੇਦਾਰ ਨਿਹੰਗ ਸਾਧੂ ਸਿੰਘ ਜੀ ਉਸਦੇ ਭਲੇ ਲਈ ਅਰਦਾਸ ਕਰ ਰਹੇ ਸਨ। ਸੋ ਇਸ ਤਰ੍ਹਾਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਭੀ ਸਭ ਕੁਝ ਕਰਨ ਨੂੰ ਸਮਰੱਥ ਸੰਤ, ਚਰਨਾਂ ਦੀ ਧੂੜ ਹੀ ਬਣੇ ਰਹਿੰਦੇ ਹਨ -

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ

*ਸੰਤ ਰਹਤ ਸੁਨਹੁ ਮੇਰੇ ਭਾਈ॥*
*ਉਆ ਕੀ ਮਹਿਮਾ ਕਥਨੁ ਨ ਜਾਈ॥* ਪੰਨਾ - 392

ਸੰਤਾਂ ਦੀ ਮਰਯਾਦਾ ਸੁਣੋ! ਉਸ ਰਹਿਤ ਦੀ ਖੂਬੀ ਦਸੀ ਨਹੀਂ ਜਾ ਸਕਦੀ। ਸੰਤਾਂ ਦੀ ਮਹਿਮਾ ਵੀ ਦੱਸੀ ਨਹੀਂ ਜਾ ਸਕਦੀ, ਵੇਦ ਵੀ ਨਹੀਂ ਦਸ ਸਕਦੇ। ਫੁਰਮਾਨ ਆਉਂਦਾ ਹੈ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥* ਪੰਨਾ - 272

ਸੰਤ ਵਾਹਿਗੁਰੂ ਜੀ ਵਿਚ ਅਭੇਦ ਹੋ ਕੇ ਆਪਣੇ ਆਪ ਦਾ ਪੂਰਨ ਤਿਆਗ ਕਰਕੇ ਵਰਤਦੇ ਹਨ। ਇਸੇ ਲਈ ਬਾਰ-ਬਾਰ ਗੁਰਬਾਣੀ ਵਿਚ ਆਉਂਦਾ ਹੈ ਕਿ -

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ॥*
ਪੰਨਾ - 793

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
ਪੰਨਾ - 1373

ਅਤੇ ਜਿਸ ਥਾਂ ਦੇ ਉਤੇ ਸੰਤ ਨਿਵਾਸ ਰਖਦੇ ਹੋਣ, ਉਸ ਅਸਥਾਨ ਦੀ ਵੀ ਮਹਿਮਾ ਅਪਾਰ ਹੋ ਜਾਇਆ ਕਰਦੀ ਹੈ। ਜਿਵੇਂ ਕਿ -

*ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥*
ਪੰਨਾ - 681

ਸੰਤਾਂ ਦੇ ਮੰਡਲ ਵਿਚ ਕੇਵਲ ਨਾਮ ਦੀ ਵਰਤਣ ਹੋਇਆ ਕਰਦੀ ਹੈ -

*ਵਰਤਣਿ ਜਾ ਕੈ ਕੇਵਲ ਨਾਮ॥*
*ਅਨਦ ਰੂਪ ਕੀਰਤਨੁ ਬਿਸ੍ਰਾਮ॥* ਪੰਨਾ - 392

ਸੰਤਾਂ ਦਾ ਅਰਾਮ ਕਰਨਾ ਇਹੋ ਹੋਇਆ ਕਰਦਾ ਹੈ ਕਿ ਉਹ ਪ੍ਰਭੂ ਦੇ ਪਿਆਰ ਵਿਚ ਲੀਨ ਹੋਏ ਹੋਏ ਕੀਰਤਨ ਕਰਦੇ ਹਨ। ਇਸ ਕੀਰਤਨ ਵਿਚ ਕੋਈ ਥਕਾਵਟ ਨਹੀਂ ਹੋਇਆ ਕਰਦੀ। ਐਨੀ ਐਨਰਜੀ ਵੱਧ ਜਾਇਆ ਕਰਦੀ ਹੈ ਕਿ ਸਰੀਰ ਦੇ ਕਣ-ਕਣ ਵਿਚ ਜਿਉਂਦੀਆਂ ਜਾਗਦੀਆਂ ਰਸ ਭਰਪੂਰ ਝੁਣ-ਝਣੀ ਭਰੀਆਂ ਝਰਨਾਟਾਂ ਆਇਆ ਕਰਦੀਆਂ ਹਨ ਅਤੇ ਥਕੇਵੇਂ ਨਾਮ ਦੀ ਕੋਈ ਚੀਜ਼ ਸੰਤਾਂ ਦੇ ਨੇੜੇ ਨਹੀਂ ਆਇਆ ਕਰਦੀ। ਸਰੀਰ ਦੇ ਦੋ ਖਰਬ 15 ਅਰਬ ਸੈਲ ਪੂਰੀ ਤਰ੍ਹਾਂ ਚਾਰਜ ਹੋ ਜਾਇਆ ਕਰਦੇ ਹਨ ਅਤੇ ਸਰੀਰ ਪੂਰੀ ਤਰ੍ਹਾਂ ਅਰੋਗ ਹੋ ਜਾਂਦਾ ਹੈ। ਸੰਤ ਭਾਈ ਸਾਹਿਬ ਰਣਧੀਰ ਸਿੰਘ ਜੀ ਅਥੱਕ ਕੀਰਤਨੀਏ ਸਨ। ਮਹਾਰਾਜ ਜੀ ਅੱਗੇ ਫੁਰਮਾਉਂਦੇ ਹਨ ਕਿ ਸੰਤਾਂ ਵਾਸਤੇ ਨਾ ਹੀ ਕੋਈ ਸ਼ਤਰੂ ਤੇ ਨਾ ਹੀ ਕੋਈ ਮਿੱਤਰ ਹੋਇਆ ਕਰਦਾ ਹੈ। ਉਹ ਸਭਨਾਂ ਦੀ ਖਿਰ ਹੁੰਦੇ ਹਨ ਅਤੇ ਸਭਨਾਂ ਨੂੰ ਹੀ ਉਹ ਆਪਣੇ ਜਾਣਿਆ ਕਰਦੇ ਹਨ। ਫੁਰਮਾਨ ਹੈ -

*ਮਿਤ੍ਰੁ ਸਤ੍ਰੁ ਜਾ ਕੈ ਏਕ ਸਮਾਨੈ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥* ਪੰਨਾ - 392

ਕਈ ਮੂਰਖ ਅੰਧ ਅਗਿਆਨੀ ਸੰਤਾਂ ਦੀ ਇਸ ਬਿਰਤੀ ਨੂੰ ਨਾ ਸਮਝਣ ਕਰਕੇ ਦੋਸ਼ ਲਾਉਂਦੇ ਹਨ ਕਿ ਫਲਾਣੇ ਸੰਤਾਂ ਦੇ ਕੀਰਤਨ ਵਿਚ ਅਮਕਾ ਆਦਮੀ ਆਉਂਦਾ ਹੈ। ਜੋ ਉਨ੍ਹਾਂ ਦੇ ਆਪਣੇ ਹਿਤ ਤੋਂ ਵਿਪਰੀਤ ਹੈ, ਉਹ ਸੰਤਾਂ ਦੇ ਖਿਲਾਫ ਰੌਲਾ-ਰੱਪਾ ਪਾਉਂਦੇ ਹਨ ਕਿ ਇਨ੍ਹਾਂ ਕੋਲ ਤਾਂ ਅਫਸਰ ਜਾਂਦੇ ਹਨ, ਇਨ੍ਹਾਂ ਕੋਲ ਵਜ਼ੀਰ ਜਾਂਦੇ ਹਨ, ਇਨ੍ਹਾ ਕੋਲ ਸੇਠ ਜਾਂਦੇ ਹਨ ਜਾਂ ਸਮਾਜਿਕ ਦੋਸ਼ੀ ਜਾਂਦੇ ਹਨ। ਇਨ੍ਹਾਂ ਗੱਲਾਂ ਦਾ ਆਪਣੀ ਅਲਪ ਬੁੱਧੀ ਦੇ ਅਨੁਸਾਰ ਨਤੀਜਾ ਕੱਢ ਕੇ ਸੰਤਾਂ ਦੀ ਨਿੰਦਿਆ ਕਰਦੇ ਹਨ। ਡਾਕਟਰ ਨੂੰ ਕਦੇ ਕੋਈ ਨਹੀਂ ਆਖਦਾ ਕਿ ਇਸ ਦੇ ਕੋਲ ਕੈਂਸਰ ਵਾਲੇ ਕਿਉਂ ਆਉਂਦੇ ਹਨ, AIDS ਵਾਲੇ ਕਿਉਂ ਆਉਂਦੇ ਹਨ। ਇਹ ਇਕ ਅਤਿ ਨਿਰਮੂਲ ਭੁੱਲ ਹੈ ਕਿਉਂਕਿ ਉਹ ਆਪਣੇ ਗਜ਼ਾਂ ਦੇ ਨਾਲ ਮਹਾਨ ਹਸਤੀਆਂ ਨੂੰ ਨਾਪਣ ਦਾ ਜਤਨ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਇਨ੍ਹਾਂ ਦੇ ਪਾਸ ਅਸਾਡੀ ਪਾਰਟੀ ਦੇ ਹੀ ਬੰਦੇ ਜਾਣ, ਹੋਰ ਕੋਈ ਨਾ ਜਾਵੇ। ਆਪਣੇ ਅਗਿਆਨਮਈ ਮਤ ਨਾਲ ਸੰਤਾਂ ਨੂੰ guide ਕਰਨਾ ਚਾਹੁੰਦੇ ਹਨ ਅਤੇ ਸੰਤਾਂ ਦੀ ਲਿਖਤ ਰਾਹੀਂ ਸਟੇਜਾਂ ਤੇ ਬੋਲ-ਬੋਲ ਕੇ, ਨਿੰਦਾ ਕਰਦੇ ਹਨ। ਇਹ ਮੂਰਖ ਲੋਕ ਸੰਤਾਂ ਨੂੰ ਸਮਝ ਹੀ ਨਹੀਂ ਸਕਦੇ ਕਿ ਸੰਤਾਂ ਦਾ ਕਿਸੇ ਨਾਲ ਨਾ ਹੀ ਹਿਤ ਹੁੰਦਾ ਹੈ ਤੇ ਨਾ ਹੀ ਅਹਿਤ ਹੁੰਦਾ ਹੈ, ਨਾ ਕਿਸੇ political ਬੰਦੇ ਨੂੰ ਆਪਣਾ ਸਮਝਦੇ ਹਨ ਅਤੇ ਨਾ ਹੀ ਬੇਗਾਨਾ ਸਮਝਦੇ ਹਨ। ਸੰਤਾਂ ਦਾ ਕੰਮ ਹੈ ਕਿ ਜੋ ਵੀ ਨੇੜੇ ਆਉਂਦਾ ਹੈ ਉਸ ਨੂੰ ਸ਼ੁਭ ਉਪਦੇਸ਼ ਦੇ ਕੇ ਉਸਦੇ ਕਰਤੱਵ ਵਿਚ ਸਾਵਧਾਨ ਕਰਨਾ ਹੈ। ਉਹ ਕਿਸੇ ਦੀ ਮੁਹਤਾਜੀ ਨਹੀਂ ਕਰਦੇ ਅਤੇ ਬੇਪਰਵਾਹ ਹੋਇਆ ਕਰਦੇ ਹਨ ਕਿਉਂਕਿ ਮਾਇਆ ਤਾਂ ਉਨ੍ਹਾਂ ਦੇ ਪਿਛੇ ਹੱਥ ਬੰਨ੍ਹੀ ਫਿਰਦੀ ਹੈ ਅਤੇ ਸੰਤ ਅੱਖ ਚੁਕ ਕੇ ਵੀ ਨਹੀਂ ਦੇਖਦੇ। ਆਪਣੇ ਵਾਹਿਗੁਰੂ ਤੋਂ ਬਗੈਰ ਕਿਸੇ ਦੀ ਮੁਹਤਾਜੀ ਕਿਉਂ ਝੱਲਣ-

*ਸੰਤਨ ਅਵਰ ਨਾ ਕਾਹੂ ਜਾਨੀ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥*
*ਪੰਨਾ - 711*

ਸੰਤਾਂ ਨੇ ਹਰੀ ਦੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਜਾਣੀ। ਜਿਨ੍ਹਾਂ ਦੀ ਵਾਹਿਗੁਰੂ ਜੀ ਆਪ ਸਹਾਇਤਾ ਕਰਦੇ ਹਨ, ਉਹ ਕਿਸੇ ਦੁਨੀਆਂਦਾਰ ਦੀ ਕੀ ਪਰਵਾਹ ਰਖਦੇ ਹਨ ਕਿਉਂਕਿ ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵਿਚਰਦੇ ਹਨ, ਉਨ੍ਹਾਂ ਦੇ ਪੱਖ ਉਤੇ ਸਦਾ ਵਾਹਿਗੁਰੂ ਜੀ ਦਾ ਹੱਥ ਹੈ। ਪ੍ਰਹਿਲਾਦ ਦਾ ਕੀ ਵਿਗਾੜਿਆ, ਹਰਣਾਖਸ਼ ਨੇ ਅਤੇ ਉਸਦੀਆਂ ਫੌਜਾਂ ਨੇ। ਇਹ ਸਾਰੇ ਪ੍ਰਗਟ ਹੀ ਹੈ ਕਿ ਜਿਸਦੀ ਪੈਜ ਤੇ ਉਚਤਾ ਵਾਹਿਗੁਰੂ ਜੀ ਨੂੰ ਭਾਉਂਦੀ ਹੈ, ਉਸਨੂੰ ਨਿੰਦਕ ਕੀ ਕਰ ਸਕਦਾ ਹੈ। ਨਿੰਦਕ ਨੇ ਡੁੱਬ ਕੇ ਜਨਮ ਗਵਾਉਣਾ ਹੈ ਤੇ ਸੰਤ ਉਸਦਾ ਵੀ ਭਲਾ ਚਾਹੁੰਦੇ ਹਨ -

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵਵੈ ਤਲੈ॥ ਪੰਨਾ - 186*

ਮਿਤ੍ਰ ਸਤ੍ਰ ਦੀ ਸਮਾਨਤਾ ਕੇਵਲ ਸੰਤਾਂ ਦਾ ਹਿਰਦੇ ਵਿਚ ਵਸਦੀ ਹੈ। ਬਾਕੀ ਸੰਸਾਰ ਵੈਰ, ਵਿਰੋਧ ਤੇ ਬਦਲੇ ਲੈਣ ਵਿਚ ਗਲਿਆ ਪਿਆ ਹੈ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ - ਆਪ ਸਿੱਖ ਪੰਥ ਦੇ ਥੰਮ੍ਹ ਸਨ। ਮਹਾਰਾਜਾ ਰਣਜੀਤ ਸਿੰਘ ਜੀ ਜਦੋਂ ਜਮਰੌਦ ਦੇ ਕਿਲ੍ਹੇ ਵਲ ਬਹੁਤ ਵੱਡੀ ਫੌਜ ਲੈ ਕੇ ਅਟਕ ਦੇ ਕਿਨਾਰੇ ਪੁਜੇ ਤਾਂ ਦਰਿਆ ਠਾਠਾਂ ਮਾਰਦਾ ਕੰਢਿਆਂ ਤੋਂ ਉਪਰ ਦੀ ਵਗ ਰਿਹਾ ਸੀ। ਉਸ ਵੇਲੇ ਬਾਬਾ ਜੀ ਨੂੰ ਬੇਨਤੀ ਕੀਤੀ। ਆਪ ਨੇ ਸੁਖਮਨੀ ਸਾਹਿਬ ਦੇ ਪੜ੍ਹੇ ਜਾਣ ਜਿੰਨਾ ਟਾਇਮ ਲੈ ਕੇ ਰਸਤਾ ਲੈ ਲਿਆ। ਅਟਕ-ਅਟਕ ਗਿਆ, ਫੌਜਾਂ ਲੰਘ ਗਈਆਂ। ਕੁਝ ਫੌਜ ਜੋ ਇਸ ਗੱਲ ਵਿਚ ਵਿਸ਼ਵਾਸ਼ ਨਹੀਂ ਰਖਦੀ ਸੀ, ਉਹ ਇਕ ਕੰਪਨੀ ਰੁੜ ਗਈ। ਐਸੇ ਗਰੀਬ ਨਿਵਾਜ ਜੋ ਸਦਾ ਅਤੁੱਟ ਲੰਗਰ ਚਲਾ ਕੇ ਗਰੀਬ-ਗੁਰਬਿਆਂ ਨੂੰ ਪ੍ਰਸ਼ਾਦੇ ਛਕਾਇਆ ਕਰਦੇ ਸਨ, ਜਿਨ੍ਹਾਂ ਦੇ ਲੰਗਰ ਵਿਚ ਐਸੇ ਦੇਗੇ ਸਨ ਕਿ ਚਾਰ ਸੇਵਾਦਾਰ ਇਕੋ ਟਾਇਮ ਵਿਚ ਵੜ ਕੇ ਸਫਾਈ ਕਰਦੇ ਅਤੇ ਛੋਟੀ ਮੰਜੀ ਉਸ ਵਿਚ ਡਾਹੀ ਜਾ ਸਕਦੀ ਸੀ। ਐਸੇ ਪ੍ਰਤਾਪੀ ਮਹਾਂਪੁਰਸ਼ਾਂ ਉਪਰ ਗੁਰੂ ਮਾਰੀ ਫੌਜ ਨੇ ਇਕ ਲੱਖ ਦੀ ਗਿਣਤੀ ਵਿਚ ਤੋਪਾਂ, ਘੋੜਿਆਂ ਸਹਿਤ ਹਮਲਾ ਕਰ ਦਿਤਾ। ਬਾਬਾ ਬੀਰ ਸਿੰਘ ਜੀ ਨੂੰ ਜਦੋਂ ਪਤਾ ਲੱਗਿਆ ਤਾਂ ਆਪ ਜੀ ਨੇ ਬਿਆਸਾ ਦਰਿਆ ਦੇ ਕਿਨਾਰੇ ਪਹੁੰਚ ਕੇ ਵੱਡੇ ਦੇਗੇ ਕੜਾਹ ਪ੍ਰਸ਼ਾਦ ਦੇ ਬਣਾਉਣ ਦਾ ਹੁਕਮ ਦਿਤਾ ਜੋ ਡੇਢ ਲੱਖ ਬੰਦੇ ਵਾਸਤੇ ਕਾਫੀ ਹੋਵੇ। ਫੌਜਾਂ ਆ ਗਈਆਂ, ਬਾਬਾ ਜੀ ਨੇ ਸਭ ਨੂੰ ਵਰਜ ਦਿਤਾ ਕਿ ਪਿਆਰਿਓ! ਗੁਰੂ ਦਾ ਫੁਰਮਾਨ ਯਾਦ ਰਖੋ -

*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥ ਪੰਨਾ - 278*

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299*

ਇਸ ਸੰਸਾਰ ਵਿਚ ਸੰਤਾਂ ਦੀ ਦ੍ਰਿਸ਼ਟੀ ਵਿਚ ਵਾਹਿਗੁਰੂ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਹਰ ਘਟ ਵਿਚ ਵਾਹਿਗੁਰੂ ਜੀ ਆਪ ਹੀ ਵਿਆਪਕ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਪੰਨਾ - 259*

ਇਨ੍ਹਾਂ ਪ੍ਰਕਾਸ਼ਮਈ ਆਦਰਸ਼ਾਂ ਦੇ ਹੁੰਦਿਆਂ ਅਸਾਡੇ ਵਿਚੋਂ ਕਿਸੇ ਨੇ ਵੀ ਸ਼ਸ਼ਤਰ ਨਹੀਂ ਚੁਕਣੇ ਅਤੇ ਆਪਣੇ ਆਏ ਭਰਾਵਾਂ ਦੀ ਸੇਵਾ ਕਰਨੀ ਹੈ। ਉਹ ਲਾਹੌਰ ਤੋਂ ਚਲ ਕੇ ਆ ਰਹੇ ਹਨ, ਰਸਤੇ ਵਿਚ ਉਨ੍ਹਾਂ ਨੇ ਕਿਤੇ ਵੀ ਪ੍ਰਸ਼ਾਦਾ ਨਹੀਂ ਛਕਿਆ। ਇਹ ਗੁਰੂ ਨਾਨਕ ਦਾ ਲੰਗਰ ਹੈ, ਅਸੀਂ ਇਸਦੇ ਸੇਵਾਦਾਰ ਹਾਂ, ਅਸਾਡਾ ਫਰਜ਼ ਹੈ ਕਿ ਇਨ੍ਹਾਂ ਆਏ ਵੀਰਾਂ ਨੂੰ ਪ੍ਰਸ਼ਾਦ ਪਾਣੀ ਸਭ ਤੋਂ ਪਹਿਲਾਂ ਛਕਾਇਆ ਜਾਵੇ।

ਜਦੋਂ ਕੁਝ ਸਿੱਖ ਸਰਦਾਰਾਂ ਨੇ ਕਿਹਾ ਕਿ ਬਾਬਾ ਜੀ! ਉਹ ਤਾਂ ਤੋਪਾਂ ਲੈ ਕੇ ਤੁਹਾਨੂੰ ਉਡਾਉਣ ਲਈ ਆ ਰਹੇ ਹਨ ਤਾਂ ਬਾਬਾ ਜੀ ਨੇ ਕਿਹਾ ਕਿ ਭਾਈ ਸਿੰਘੋ! ਉਹ ਪ੍ਰਮੇਸ਼ਰ ਰੂਪ ਹੀ ਹਨ ਜੇ ਅਸਾਡਾ ਸਰੀਰ ਤੋਪ ਨਾਲ ਉਡਣਾ ਹੈ ਤਾਂ ਇਹ ਧੁਰ ਦਰਗਾਹੀ ਕਲਮ ਦੇ ਮੁਤਾਬਿਕ ਹੀ ਹੈ। ਜੋ ਅਸੀਂ ਮਸਤਕ ਵਿਚ ਲਿਖਵਾ ਕੇ ਲਿਆਏ ਹਾਂ, ਉਹੋ ਹੀ ਹੋਣਾ ਹੈ, ਫੇਰ ਰੋਸ ਕਿਸ ਗੱਲ ਦਾ ਕਰਨਾ ਹੈ। ਗੁਰਸਿੱਖ ਲਈ ਕੋਈ ਵੀ ਵੈਰੀ ਨਹੀਂ ਹੈ ਤੇ ਇਹ ਸਿਦਕ - ਦਿਲੀ ਨਾਲ ਅਰਦਾਸ ਕਰਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ॥*

ਬਾਬਾ ਜੀ ਤੋਪ ਨਾਲ ਸ਼ਹੀਦ ਕਰ ਦਿਤੇ ਗਏ ਪਰ ਜਦੋਂ ਗੁਰੂ ਮਾਰੀਆਂ ਫੌਜਾਂ ਬਾਬਾ ਜੀ ਦੇ ਲੰਗਰ ਵਿਚ ਆਈਆਂ ਤਾਂ ਸੇਵਾਦਾਰਾਂ ਨੇ ਬਹੁਤ ਹੀ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਭਾਵੇਂ ਉਨ੍ਹਾਂ ਦੇ ਨੇਤਰਾਂ ਵਿਚੋਂ ਬਾਬਾ ਜੀ ਦੇ ਵਿਯੋਗ ਵਿਚ ਹੰਝੂ ਚਲ ਰਹੇ ਸਨ। ਸੋ ਇਸ ਤਰ੍ਹਾਂ ਬਹੁਤ ਸਾਰੀਆਂ ਮਿਸਾਲਾਂ ਗੁਰੂ ਘਰ ਵਿਚ ਹਨ। ਸੰਤਾਂ ਲਈ ਮਿਤ੍ਰ-ਸਤ੍ਰ ਦੀ ਕੋਈ ਪਹਿਚਾਣ ਨਹੀਂ ਹੈ। ਉਨ੍ਹਾਂ ਨੂੰ ਸਤਿ ਦੀ ਪਛਾਣ ਹੈ ਉਹ ਸਾਰਿਆਂ ਵਿਚ ਆਪਣੇ ਪ੍ਰਭੂ ਨੂੰ ਹੀ ਜਾਣਦੇ ਹਨ।

'ਚਲਦਾ'

☆ ☆ ☆ ☆ ☆ ☆ ☆ ☆ ☆ ☆ ☆

## ਜ਼ਰੂਰੀ ਬੇਨਤੀ

1. 'ਆਤਮ ਮਾਰਗ' ਲਈ ਲੇਖ ਭੇਜਣ ਵਾਲੇ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਉਹ ਆਪਣੇ ਲੇਖਾਂ ਵਿਚ ਗੁਰਬਾਣੀ ਅਤੇ ਹੋਰ ਹਵਾਲੇ ਦਿੰਦੇ ਸਮੇਂ ਪੰਨਾ ਨੰਬਰ ਜ਼ਰੂਰ ਲਿਖਣ ਦੀ ਕ੍ਰਿਪਾਲਤਾ ਕਰਨ।
2. ਲੇਖਕਾਂ ਵਲੋਂ ਭੇਜੇ ਗਏ ਲੇਖ ਜਾਂ ਕਵਿਤਾਵਾਂ ਐਡੀਟੋਰੀਅਲ ਬੋਰਡ 'ਆਤਮ ਮਾਰਗ' ਦੀ ਪ੍ਰਵਾਨਗੀ ਉਪਰੰਤ ਹੀ ਛਾਪੇ ਜਾਂਦੇ ਹਨ।

# ਆਤਮ ਦਰਸ਼ੀ

ਕਰਤਾ 'ਨੌ ਰਤਨ'
ਗਿ. ਮੇਹਰ ਸਿੰਘ
ਕੁਰੁਕਸ਼ੇਤਰ (ਫਰੀਡਮ ਫਾਈਟਰ)

'ਆਤਮ ਮਾਰਗ' ਸਤਿ ਮਾਰਗ ਤੇ ਆਤਮ ਦਰਸ ਦਾ ਇਕੋ ਰੰਗ ਜਾਂ ਆਤਮ ਅਨੰਤ ਦੇ ਸੱਚੇ ਮਾਰਗ ਜਾਂ ਫਿਰ ਇਉਂ ਕਹੋ ਕਿ ਆਤਮ ਨੂੰ ਪ੍ਰਤੱਖ ਤੌਰ ਪਰ ਤੱਕਣਾ, ਉਸ ਅੰਦਰ ਪ੍ਰਵੇਸ਼ ਕਰਨਾ ਇਕ ਅਟੱਲ ਵਿਸ਼ਵਾਸ਼ੀ ਤੇ ਮਹਾਨ ਕਰਮ ਹੈ। ਜੇ ਕੋਈ ਇਹ ਨਿਸ਼ਚਾ ਕਰ ਲਵੇ ਜਾਂ ਆਤਮਵਾਦੀ ਹੋ ਜਾਵੇ ਤਦ ਹੀ ਇਸ ਪ੍ਰਮ ਸੁਖ, ਸੁਖਧਾਮ ਨੂੰ ਪ੍ਰਾਪਤ ਕਰਦਾ ਹੈ। ਇਹ ਗੱਲ ਕੇਵਲ ਕਹਿਣ ਦੀ ਨਹੀਂ ਸਗੋਂ ਸਤਿ ਮਾਰਗ ਪਰ ਪੱਕੇ ਪੈਰੀਂ ਖੜ੍ਹੇ ਮਨੁੱਖ ਹੀ ਕਰ ਸਕਨ ਲਈ ਸਮਰੱਥ ਹੋ ਸਕਦੇ ਹਨ। ਯਾਦ ਹੈ ਸਾਡਾ ਮੁੱਢ ਉਸ ਪਰਮ ਪੁਰਖ ਗੁਰਦੇਵ ਦੇ ਉਹ ਬਚਨ ਹਨ ਜਿਸ 'ਚ ਵੇਈ ਵਿਚ ਅਲੋਪ ਹੋਣ ਉਪ੍ਰੰਤ ਤੀਸਰੇ ਦਿਨ ਉਸ ਪ੍ਰਮਾਤਮਾ ਤੋਂ ਵਰਦਾਨ ਲੈ ਕੇ 'ਮੈਂ ਪ੍ਰਮੇਸ਼ਰ ਤੂੰ ਸਤਿਗੁਰ ਪ੍ਰਮੇਸ਼ਰ; ਜਿਥੇ ਤੇਰਾ ਨਾਮ ਉਥੇ ਮੇਰਾ ਨਾਮ' ਤੇ ਉਸ ਪਰਮ ਪੁਰਖ ਨੇ ਵੇਈ 'ਚੋਂ ਬਾਹਰ ਆ ਕੇ ਕਹੀ, 'ਨਾ ਹਮ ਹਿੰਦੂ ਨ ਮੁਸਲਮਾਨ॥' ਲੋਕਾਂ ਕਿਹਾ, ਨਾਨਕ ਦੀਵਾਨਾ ਹੋ ਗਿਆ ਹੈ ਪਰ ਕਾਜ਼ੀ, ਜੋ ਸੁਲਤਾਨਪੁਰ ਦਾ ਆਗੂ ਸੀ, ਨੇ ਕਿਹਾ, "ਇਹ ਕਿਵੇਂ ਹੋ ਸਕਦਾ ਹੈ? ਮੈਂ ਇਕ ਖੁਦਾ 'ਚ ਵਿਸ਼ਵਾਸ਼ ਕਰਦਾ ਹਾਂ, ਫਿਰ ਪੰਜ ਵਕਤ ਨਮਾਜ਼ ਅਦਾ ਕਰਦਾ ਹਾਂ, ਫਿਰ ਮੈਨੂੰ ਕੌਣ ਕਹਿ ਸਕਦਾ ਹੈ ਕਿ ਮੈਂ ਮੋਮਨ ਨਹੀਂ ਹਾਂ? ਮੇਰਾ ਈਮਾਨ ਮੁਸਲਮਾਨ ਦਾ ਈਮਾਨ ਨਹੀਂ? ਜੇ ਤਾਂ ਨਾਨਕ ਸਚਾ ਹੈ ਤਾਂ ਸਾਡੇ ਨਾਲ ਨਮਾਜ਼ ਪੜ੍ਹੇ।" ਸਾਰੇ ਚਰਚਾ ਹੋਈ ਕਿ ਅੱਜ ਨਮਾਜ਼ ਅਦਾ ਕਰਕੇ ਨਾਨਕ ਮੁਸਲਮਾਨ ਹੋ ਜਾਵੇਗਾ। ਉਸ ਦੀ ਪ੍ਰੇਮਾ ਭਗਤੀ ਦੀ ਸਚੀ ਮੁਰੀਦ ਬੇਬੇ ਨਾਨਕੀ ਨੇ ਕਿਹਾ, "ਮੇਰਾ ਰੱਬ ਵੀਰ ਸਾਰੇ ਧਰਮਾਂ ਦਾ ਸਾਂਝਾ ਹੈ। ਉਹ ਕੇਵਲ ਮੁਸਲਮਾਨ ਧਰਮ ਵਿਚ ਨਹੀਂ ਆ ਸਕਦਾ, ਉਹ ਆਪ ਹੀ ਰੱਬ ਹੈ, ਫਿਰ ਬਾਹਰ ਦੇ ਈਮਾਨ ਵਾਲੇ ਉਹਨੂੰ ਕਿਵੇਂ ਭਰਮਾ ਸਕਦੇ ਹਨ।" ਸਚਮੁੱਚ ਉਹ ਇਕ ਪਾਸੇ ਖਲੋ ਕੇ ਹਸਦੇ ਨੇ। ਕਾਜ਼ੀ ਨੇ ਨਮਾਜ਼ ਪਿਛੋਂ ਸੁਲਤਾਨ ਨੂੰ ਕਿਹਾ, "ਦੇਖਿਆ! ਨਾਨਕ ਸਭ ਨੂੰ ਤਕ ਤਕ ਹਸਦਾ ਰਿਹਾ, ਉਸਨੇ ਨਮਾਜ਼ ਨਹੀਂ ਪੜ੍ਹੀ।" ਸੁਲਤਾਨ ਨੇ ਕਿਹਾ, "ਫਕੀਰ ਸਾਂਈਂ! ਕਾਜ਼ੀ ਕੀ ਆਖਦਾ ਹੈ?" ਆਪ ਨੇ ਹੱਸ ਕੇ ਕਿਹਾ, "ਠੀਕ ਕਹਿੰਦਾ ਹੈ ਕਿ ਮੈਂ ਉਸ ਨੂੰ ਤੱਕ-ਤੱਕ ਕੇ ਹਸਦਾ ਰਿਹਾ ਕਿਉਂਕਿ ਉਹ ਨਮਾਜ਼ ਨਹੀਂ ਸੀ ਪੜ੍ਹਦਾ। ਨਾ ਹੀ ਉਹ ਖੁਦਾ ਦੀ ਕਚਹਿਰੀ ਵਿਚ ਹਾਜ਼ਰ ਸੀ। ਮੈਂ ਤਾਂ ਹਸਦਾ ਸੀ ਕਿ ਇਹ ਮੁਸਲਮਾਨ ਨਹੀਂ।"

ਕਾਜ਼ੀ ਕਿਹਾ, "ਸੁਲਤਾਨ ਸਾਹਿਬ! ਮੈਂ ਤੁਹਾਡੇ ਸਾਹਮਣੇ ਨਮਾਜ਼ ਨਹੀਂ ਪੜ੍ਹੀ?" ਪਰ ਆਤਮ ਮਾਰਗੀ ਪਰਮ ਪੁਰਖ ਨੇ ਹਸਦੇ ਹੋਏ ਕਿਹਾ, "ਤੂੰ ਨਮਾਜ਼ ਸਮੇਂ ਘਰ ਵਛੇਰੀ ਨੂੰ ਖੂਹ ਵਿਚ ਡਿਗਣੋਂ ਬਚਾਉਂਦਾ ਫਿਰਦਾ ਸੀ। ਫਿਰ ਨਮਾਜ਼ ਸਰੀਰ ਕਰਕੇ ਹੀ ਨਹੀਂ ਸਗੋਂ ਸੱਚੀ ਆਤਮਾ ਤੋਂ ਉਸਦੀ ਕੁਦਰਤ 'ਚ ਨਮਾਜ਼ ਹੈ।" ਫਿਰ ਆਤਮ ਦਰਸੀ ਪਰਮ ਪੁਰਖ ਕਾਜ਼ੀ ਤੇ ਸੁਲਤਾਨ ਨੂੰ ਸੱਚੀ ਨਮਾਜ਼ ਪੜ੍ਹਨੀ ਸਿਖਾਈ। ਤੇ ਕਿਸੇ ਜਗਨਨਾਥ ਮੰਦਰ 'ਚ ਹੋ ਰਹੀ ਆਰਤੀ ਦਾ ਪਾਖੰਡ ਦੱਸਦਿਆਂ ਬਾਹਰ ਖੜ੍ਹਾ ਸੱਚ ਦੇ ਦਰਬਾਰ ਦੀ ਆਰਤੀ ਕਰਦਾ ਹੋਇਆ ਮਹਾਨ ਅਕਾਸ਼ ਅੰਦਰ ਪ੍ਰਕਾਸ਼ਵਾਨ ਪ੍ਰਭੂ ਦੇ ਚੰਦ ਤੇ ਸੂਰਜ ਦੋ ਦੀਵੇ ਹਨ। ਹਵਾ ਚਵਰ ਕਰਦੀ ਹੈ। ਤਮਾਮ ਬਨਸਪਤੀ ਉਸਤੇ ਫੁੱਲ ਵਰਸਾ ਰਹੀ ਹੈ। ਠੀਕ ਕਿਹਾ ਸੀ ਸ੍ਰੀ ਰਵਿੰਦਰ ਨਾਥ ਟੈਗੋਰ ਨੇ ਜਾਂ ਰਵੀ ਠਾਕੁਰ ਨੇ ਕਿ ਉਸ ਮਹਾਨ ਕ੍ਰਾਂਤੀਕਾਰੀ, ਪੂਰਨ ਆਤਮਾ ਦੀ ਹਜ਼ੂਰੀ 'ਚ ਹਰ ਸਮੇਂ ਹਾਜ਼ਰ ਗੁਰਦੇਵ ਦੀ ਉਚਾਰਨ ਉਸ ਮਹਾਨ ਰਚਨਾ ਦਾ ਉਲਥਾ ਕਰਨਾ, ਉਸ ਦੀ ਪਵਿੱਤਰ ਰਚਨਾ ਨੂੰ ਸਹੀ ਤੌਰ ਪਰ ਕੋਈ ਕਵੀ ਬਿਆਨ ਨਹੀਂ ਕਰ ਸਕਦਾ। ਸੱਚ ਦੇ ਦਰਬਾਰੀ ਨੂੰ ਦੁਨੀਆਂਦਾਰ, ਨਾਮ ਮਾਤ੍ਰ ਧਰਮ ਦੇ ਧਾਰਨੀ ਕਿਵੇਂ ਪੁਗ ਸਕਦੇ ਹਨ।

ਆਤਮਵਾਦੀ ਦੀ ਪੂਰੀ ਪਹਿਚਾਣ ਹੈ ਕਿ ਉਹ ਬੇ-ਪ੍ਰਵਾਹ ਤੇ ਅਲਮਸਤ ਹੈ। ਹਕ ਹਕ ਦੇ ਨਾਅਰੇ ਮਾਰ ਕੇ ਸੂਲੀ ਪ੍ਰਵਾਨ ਕਰਨਾ ਹੈ। ਤਕੋ ਉਹ ਪਹਿਲੂ, ਗੈਰ ਮੁਸਲਿਮ ਸੀ ਜਾਂ ਫਿਰ ਪਹਿਲਾਂ ਮਹਾਨ ਭਾਰਤ ਦਾ ਇਕਮਾਤਰ ਆਤਮ ਦਰਸੀ ਸਚ ਦੇ ਨਾਮ ਪਰ ਸੱਚ ਦਾ ਪਹਿਰੇਦਾਰ ਜੋ - *'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥'* ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦਾ ਹੋਇਆ ਮੱਕੇ ਦੀ ਜ਼ਿਆਰਤ ਲਈ ਜਾ ਕੇ ਪੈਰ ਮੱਕੇ ਵਲ ਕਰਕੇ ਸੁੱਤਾ। ਪਰ ਜਦੋਂ ਜੀਵਨ ਨੇ ਲੱਤ ਮਾਰੀ ਤੇ ਕਾਫਰ ਕਹਿਆ, ਤਦ ਹਸਦਿਆਂ ਕੇਵਲ ਇਕੋ ਗਲ ਕਹੀ, "ਮੇਰੇ ਪੈਰ ਉਧਰ ਕਰ ਦਿਉ, ਜਿਧਰ ਖੁਦਾ ਦਾ ਘਰ ਨਹੀਂ।"

ਉਸਨੇ, ਕਾਬ੍ਹਾ, ਕਾਸ਼ੀ ਹੋਵੇ ਜਾਂ ਯੋਰੋਸ਼ਲਮ, ਕੇਵਲ ਇਕੋ ਗੱਲ ਕਹੀ ਕਿ ਮਨੁੱਖਤਾ ਦਾ ਧਰਮ, ਸੱਚ ਦੀ ਪੂਜਾ ਜਾਂ ਫਿਰ ਸਤਿ ਦੇ ਜੀਵਨ ਤੇ ਅਧਾਰਿਤ ਹੈ। ਅਜ ਉਸ ਸੱਚ ਨੂੰ ਆਤਮ ਦਰਸੀ ਆਖ ਕੇ ਨਹੀਂ ਸਗੋਂ ਸਤਿ ਕਹਿਣ ਵਾਲੇ ਨੂੰ ਹੀ ਗੁਨਹਗਾਰ ਕਰਾਰ ਦੇਂਦੇ ਹਨ। ਇਸ ਲਈ ਬੇਨਤੀ ਕਰਦਾ ਹਾਂ -

*ਸਚੁ ਕਰਣੀ ਸਚੁ ਤਾ ਕੀ ਰਹਤ॥*
*ਸਚੁ ਹਿਰਦੈ ਸਤਿ ਮੁਖਿ ਕਹਤ॥* *ਪੰਨਾ - 283*

ਉਸ ਦੇ ਪਸਾਰ ਤੇ ਮਹਾਨਤਾ ਨੂੰ ਪ੍ਰਗਟ ਕਰਨ ਲਈ ਕਰਮ ਕਰੋ, ਸੱਚ ਜਾਣੋਂ ਜੇਕਰ ਸਤਿਗੁਰੂ ਸਾਫ ਕਹਿੰਦੇ ਹਨ ਕਿ ਮੈਂ ਸਤਿ ਮਾਰਗ ਦੇ ਪਾਂਧੀ, ਉਸਦੀ ਮਹਾਨਤਾ ਤੇ ਉਤਮ ਕਥਾ ਦਾ ਮੁਦਈ ਹੋ ਕੇ ਡਟਾਂ। ਸੱਚ ਜਾਣੋਂ, ਸਤਿ ਕਹਿਣ ਦੀ ਨਹੀਂ, ਸਗੋਂ ਸੱਚ ਅਮਲ ਤੇ ਉਸਦੇ ਪਾਂਧੀ ਹੋਣਾ ਹੈ।

ਮੱਕਾ ਗੈਰ ਮੁਸਲਿਮ ਲਈ ਇਕ ਤਰ੍ਹਾਂ ਦਾ ਹਊਆ ਸੀ। ਹੱਜ ਨੂੰ ਜਾਂਦਿਆਂ ਸਤਿਗੁਰਾਂ ਪਰ ਇਕ ਬਦਲੀ ਦੀ ਛਾਂ ਹੋਈ, ਤਦ ਮੋਮਨ ਨੇ ਸੋਚਿਆ ਕਿ ਇਹ ਕਾਫਰ ਮੇਰੇ ਨਾਲ ਹੈ। ਛਾਂ ਖੁਦਾਵੰਦ ਨੇ ਮੇਰੇ ਅਰਥ ਕੀਤੀ ਹੈ ਪਰ ਇਹ ਮੁਫਤ ਮੇਰੇ ਨਾਲ-ਨਾਲ ਤੁਰ ਕੇ ਉਸ ਛਾਂ ਦੇ ਸਹਾਰੇ ਸੁਖ ਮਾਣ ਰਿਹਾ ਹੈ। ਜਦੋਂ ਉਸ ਨੇ ਕਿਹਾ, "ਭਾਈ ਤੂੰ ਸਾਡੇ ਨਾਲ ਨਾ ਤੁਰ, ਪਿਛੇ ਹਟ ਜਾ।" ਆਪ ਨੇ ਕਿਹਾ, "ਭਲਾ ਜੀ ਮੈਂ ਅੱਲਾ ਵਲੋਂ ਕੀਤੇ ਪਰਛਾਵੇਂ ਹੇਠ ਸੁਖ ਨਹੀਂ ਲੈ ਸਕਦਾ? ਮੇਰਾ ਜੀਵਨ ਜ਼ਿੰਦਗੀ ਚੋਂ ਮੁਫਤ ਖੋਰੀ ਮੁਫਤ ਦੀ ਕਮਾਈ ਹਟਾ ਕੇ ਸਤਿ ਕਰਣੀ ਸਤਿ ਰਹਿਤ ਹੈ। ਤੁਹਾਡਾ ਰਾਹ ਛੱਡ ਕੇ ਪਿਛਾਂਹ ਹੋ ਜਾਂਦਾ ਹਾਂ। ਪਰ

ਹਾਜ਼ੀ ਹੈਰਾਨ ਹੋਇਆ ਜਦੋਂ ਬਾਬੇ ਨੇ ਉਸ ਤੋਂ ਦੂਰ ਰਹਿ ਕੇ ਤੁਰਨ ਦਾ ਫੈਸਲਾ ਕੀਤਾ, ਤਦ ਉਹ ਛਾਂ ਵੀ ਨਾਲ ਉਥੇ ਚਲੀ ਗਈ ਜਿਥੇ ਗੁਰਦੇਵ ਨੇ ਤੁਰਨਾ ਆਰੰਭ ਕੀਤਾ। ਸਤਿ ਸਰੂਪ ਦਾ ਪਾਂਧੀ ਆਪਣੇ ਛਾਂ ਹੇਠ ਕਿਸੇ ਨੂੰ ਸੁਖ ਦੇ ਸਕਦਾ ਹੈ ਪਰ ਉਸ ਤੋਂ ਮੰਗਦਾ ਕੁਛ ਨਹੀਂ। ਜਦੋਂ ਹਾਜ਼ੀਆਂ ਨੇ ਮੱਕੇ ਅੰਦਰ ਬੈਠੇ ਗੁਰ ਨਾਨਕ ਨੂੰ ਪੁਛਿਆ, 'ਵੱਡਾ ਹਿੰਦੂ ਹੈ ਜਾਂ ਮੁਸਲਮਾਨ?' ਤਦ ਬਾਬੇ ਸਾਫ ਕਿਹਾ, ਸ਼ੁਭ ਅਮਲਾਂ ਬਾਝੋਂ ਸਾਰੇ ਰੋਂਦੇ ਹਨ। ਦਰਅਸਲ ਢੋਈ ਸ਼ੁਭ ਅਮਲਾਂ ਵਾਲੇ ਨੂੰ ਮਿਲੇਗੀ। ਉਹ ਕਿਸੇ ਜਾਤ ਜਾਂ ਬਰਾਦਰੀ ਦਾ ਮੁਥਾਜ ਨਹੀਂ। ਸਗੋਂ ਉਸ ਸਤਿ ਦੇ ਨੇੜੇ ਹੋਣ ਦੀ ਨਿਸ਼ਾਨੀ ਇਹ ਹੈ ਕਿ ਮਨੁੱਖ ਮਾਤਰ ਨੂੰ ਸੁਖ ਮਿਲੇ। ਪਰ ਅਸੀਂ ਉਲਟ ਗਲ ਸੋਚਦੇ ਹਾਂ। ਸਤਿ ਬਿਉਪਾਰ ਹੀ ਸੱਚੀ ਦਰਗਾਹ ਅੰਦਰ ਸਤਿਕਾਰ ਦਾ ਹੱਕਦਾਰ ਹੈ। ਕੋਈ ਬਾਹਰ ਦੀ ਰਹਿਤ ਨਾਲੋਂ ਆਤਮਦਰਸੀ ਹੋ ਕੇ -

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥* *ਪੰਨਾ - 13*

ਸਤਿ ਕਰਨੀ, ਸਚੀ ਰਹਿਤ ਆਪਣੇ ਆਪ ਰਾਹੀਂ ਸਾਹਮਣੇ ਆ ਜਾਂਦੀ ਹੈ। ਕਹਿਣ ਸੁਣਨ ਤੋਂ ਬਾਹਰ ਹੈ। ਗੁਰਮਤਿ ਸਚੇ ਹੋਣ ਦਾ ਕਥਨ ਕਰਦੀ ਹੈ। ਸਚ ਰਹਿਤ ਦੱਸਣ ਨਾਲ ਨਹੀਂ, ਆਪ ਹੀ ਜ਼ਾਹਰ ਹੋ ਜਾਂਦੀ ਹੈ। ਹਿਰਦੇ ਅੰਦਰ ਸਤਿ ਪ੍ਰਗਟ ਹੋ ਕੇ ਸਤਿ ਸਰੂਪ ਆਤਮਾ ਦੀ ਪ੍ਰਾਪਤੀ ਹੈ।

---

**(ਪੰਨਾ 28 ਦੀ ਬਾਕੀ)**

*ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ*
*ਕਿਵ ਛੂਟਹ ਹਮ ਛੁਟਕਾਕੀ॥*
*ਹਰਿ ਹਰਿ ਜਪੁ ਬੇੜੀ ਹਰਿ ਤੁਲਹਾ*
*ਹਰਿ ਜਪਿਓ ਤਰੈ ਤਰਾਕੀ॥* *ਪੰਨਾ - 668*

ਚੁਰਾਸੀ ਦੇ ਗੇੜ ਵਿਚ ਪਏ ਇਸ ਜੀਵ ਨੂੰ ਨਿਕਲਣ ਦਾ ਕਲਜੁਗ ਵਿਚ ਕੇਵਲ ਨਾਮ ਹੀ ਸਰਲ ਤੇ ਸੌਖਾ ਤਰੀਕਾ ਹੈ। ਜਿਸ ਤਰ੍ਹਾਂ ਸਾਗਰ ਵਿਚੋਂ ਲੱਕੜ ਦੀ ਬਣੀ ਬੇੜੀ ਦਾ ਸਹਾਰਾ ਲੈ ਕੇ ਪਾਰ ਹੋ ਜਾਈਦਾ ਹੈ ਇਸੇ ਤਰ੍ਹਾਂ ਹਰੀ ਦੇ ਨਾਮ ਦੀ ਬੇੜੀ ਰਾਹੀਂ ਭਵਸਾਗਰ ਤੋਂ ਭਾਵ ਚੁਰਾਸੀ ਦੇ ਗੇੜ ਵਿਚੋਂ ਨਿਕਲ ਸਕੀਦਾ ਹੈ -

*ਕਲ ਮੈ ਏਕੁ ਨਾਮੁ ਕਿਰਪਾ ਨਿਧਿ*
*ਜਾਹਿ ਜਪੈ ਗਤਿ ਪਾਵੈ॥*
*ਅਉਰ ਧਰਮ ਤਾ ਕੇ ਸਮਿ ਨਾਹਨਿ*
*ਇਹ ਬਿਧਿ ਬੇਦੁ ਬਤਾਵੈ॥* *ਪੰਨਾ - 632*

ਇਸ ਕਲਜੁਗ ਦੇ ਸਮੇਂ ਵਿਚ ਦਿਆਲੂ ਤੇ ਕ੍ਰਿਪਾਲੂ ਵਾਹਿਗੁਰੂ ਜੀ ਦਾ ਇਕੋ ਨਾਮ ਹੈ ਜਿਸ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ। ਹੋਰ ਫੋਕਟ ਕਰਮ ਇਸਦੇ ਮੁਕਾਬਲੇ ਵਿਚ ਨਹੀਂ ਹੈ, ਇਸ ਦੀ ਜੁਗਤ ਵੇਦਾਂ ਨੇ ਵੀ ਦਰਸਾਈ ਹੈ। ਜਿਨ੍ਹਾਂ ਨੂੰ ਨਾਮ ਤੇ ਵਿਸ਼ਵਾਸ਼ ਤੇ ਭਰੋਸਾ ਆ ਗਿਆ, ਗੁਰੂ ਪ੍ਰਮੇਸ਼ਰ ਉਨ੍ਹਾਂ ਦੀ ਰੱਖਿਆ ਕਰਦਾ ਹੈ। ਉਨ੍ਹਾਂ ਦੀ ਹਲਤ ਪਲਤ ਵਿਚ ਸਹਾਇਤਾ ਹੁੰਦੀ ਹੈ। ਹਰ ਮੁਸੀਬਤ, ਹਰ ਔਕੜ ਸਮੇਂ ਗੁਪਤ ਰੂਪ ਵਿਚ ਪਹੁੰਚ ਕੇ ਸਹਾਇਤਾ ਕਰਦਾ ਤੇ ਪੈਜ ਰਖਦਾ ਹੈ -

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਪੰਨਾ - 682*

ਜਿਸ ਤਰ੍ਹਾਂ ਪ੍ਰਭੂ ਦੀ ਸ਼ਰਨ ਵਿਚ ਆ ਕੇ ਤੰਦੂਏ ਦੇ ਤੰਦ ਟੁਟ ਗਏ ਅਤੇ ਬੰਧਨਾਂ ਤੋਂ ਮੁਕਤ ਹੋ ਗਿਆ ਸੀ, ਇਸ ਤਰ੍ਹਾਂ ਜੀਵ ਵੀ ਪ੍ਰਭੂ ਦੀ ਸ਼ਰਨ ਤੇ ਨਾਮ ਦੀ ਮਹਿਮਾ ਤੇ ਵਿਸ਼ਵਾਸ਼ ਕਰਕੇ, ਸੰਸਾਰਕ ਬੰਧਨਾਂ ਤੋਂ ਛੁਟਕਾਰਾ ਪਾ ਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ ਜਿਸ ਬਾਰੇ ਪਵਿਤਰ ਫੁਰਮਾਨ ਹੈ -

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ॥* *ਪੰਨਾ - 632*

**With best compliments from :**

☆ ☆ ☆ ☆ ☆
☆ ☆ ☆ ☆ ☆ ☆
☆ ☆ ☆ ☆ ☆
☆ ☆ ☆ ☆

# VENIYON LABORATORIES

AMABLA CANTT.

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-34)*

**ਨੋਟ** – ਬਹੁਤੇ ਪਾਠਕਾਂ ਦੇ ਪਾਸ ਸਮਾਂ ਨਾ ਹੋਣ ਕਰਕੇ ਅਤੇ ਅਤਿ ਦੇ ਰੁਝੇਵਿਆਂ ਕਰਕੇ ਅੰਤਰਮੁਖ ਜਾ ਕੇ ਇਸ ਵਿਸ਼ੇ ਨੂੰ ਵਿਚਾਰ ਅਧੀਨ ਲਿਆਉਣਾ ਬਹੁਤ ਹੀ ਕਠਿਨ ਹੈ। ਇਸ ਵਿਚ ਜੋ ਖਿਆਲ ਹਨ, ਉਹ ਚਿਤ ਦੀ ਇਕਾਗਰਤਾ ਪੂਰੀ ਤਰ੍ਹਾਂ ਮੰਗਦੇ ਹਨ। ਫੁਰਨੇ ਰੁਕਣ, ਤਾਂ ਇਹ ਗਹਿਣ ਵਿਸ਼ਾ ਹਿਰਦੇ ਪੱਟ ਤੇ ਮੂਰਤੀਮਾਨ ਹੋਵੇ ਅਤੇ ਆਪਣਾ ਅਸਲੀ ਭਾਵ, ਅਨੁਭਵ ਮੰਡਲ ਦੇ ਪ੍ਰਕਾਸ਼ ਰਾਹੀਂ ਸਪਸ਼ਟ ਕਰੇ। ਸੋ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਇਹ ਅਤਿ ਗਹਿਣ ਵਿਸ਼ਾ, ਭਜਨ ਬੰਦਗੀ ਕਰਨ ਵਾਲਿਆਂ ਵਾਸਤੇ ਅਤੇ ਜੀਵਨ ਦੀ ਨਈਆ ਕਿਨਾਰੇ ਲਾਉਣ ਵਾਸਤੇ ਬਹੁਤ ਹੀ ਪ੍ਰਸੰਸਨੀਅ ਹੈ। ਇਸਨੂੰ ਪੜ੍ਹਨ ਲਈ ਚਿਤ ਨੂੰ ਇਕਾਗਰ ਕਰੋ, ਮਨ ਨੂੰ ਫੁਰਨਿਆਂ ਤੋਂ ਰੋਕ ਕੇ ਸੁਰਤਿ ਨੂੰ ਇਕ ਧੇਅ ਉਪਰ ਕੇਂਦਰਿਤ ਕਰਕੇ, ਜਦੋਂ ਪੜ੍ਹੋਂਗੇ ਤਾਂ ਇਸ ਸੂਖਸ਼ਮ ਵਿਦਿਆ (ਪਰਾ ਵਿਦਿਆ) ਬਾਰੇ ਕੁਛ ਜਾਣ ਕੇ ਅਨੰਦਿਤ ਹੋ ਉਠੋਂਗੇ।

**ਅਥ ਪਾਂਚਵੇ ਸਰਗ ਵਿਖੇ ਤਤਹੁ ਅਰੁ ਨਿਛਤ੍ਰਹੁ ਕਾ ਵਰਨਨ ਹੋਵੇਗਾ ਦ੍ਰਿਸਟਾਂਤਹੁ ਸਹਤ।**

ਤਾਂ ਤੇ ਜਾਨ ਤੂੰ ਜੋ ਇਹੁ ਬ੍ਰਿਹਮੰਡ ਪਾਤਸਾਹ ਕੇ ਮੰਦਰ ਕੀ ਨਯਾਈ ਹੈ, ਸੋ ਤਿਸ ਵਿਖੇ ਬੈਕੁੰਠ ਇਕੁ ਘਰ ਹੈ। ਜੋ ਤੂੰ ਊਹਾਂ ਵਜੀਰ ਕੇ ਬੈਠਨੇ ਕਾ ਅਸਥਾਨੁ ਹੈ। ਅਰੁ ਇਹੁ ਜੋ ਵਿਸਨ ਕਾ ਭਵਨ ਹੈ, ਬਹੁੜ ਉਸ ਭਵਨ ਕੇ ਚੌਫੇਰੇ ਏਕ ਵਾਰਹਦਰੀ (ਬਾਰਾਂਦਰੀ) ਹੈ। ਸੋ ਤਿਸ ਕੂੰ ਵਾਰਹਵਾਸੀ ਕਹਤੇ ਹੈਂ ਅਰੁ ਏਕ ਏਕ ਵਾਰੀ ਵਿਖੇ ਉਸ ਬਜੀਰ ਕਾ ਨਾਇਕ ਬੈਠਤਾ ਹੈ। ਸੋ ਦੁਵਾਦਸ ਰਾਸੀ ਵਿਖੇ ਦੁਵਾਦਸ ਦੇਵਤੇ ਹੈਂ। ਬਹੁੜ ਉਸ ਬਾਰਹਦਰੀ ਕੇ ਬਾਰਹ ਨਕੀਵ (ਨੌਕਰ) ਫਿਰਤੇ ਹੈਂ ਸੋ ਨਉ ਗ੍ਰਿਹ ਹੈਂ ਅਰੁ ਵਜੀਰ ਕੀ ਆਗਯਾ ਜੋ ਨਾਇਕਹੁ ਕੋ ਪਹੁੰਚਤੀ ਹੈ ਸੋ ਤਿਸ ਕੂੰ ਇਹ ਨਾਹੀ ਬਸਣ ਦੇਤੇ। ਬਹੁੜ ਨਕੀਬਹੁ ਕੇ ਨੀਚੇ ਪਾਂਚ ਪਿਆਦੇ ਖੜੇ ਹੂਏ ਹੈਂ, ਸੋ ਪਾਂਚ ਤਤ ਹੈਂ। ਸੋ ਇਨ ਕੀ ਦ੍ਰਿਸਟ ਸਰਬਦਾ ਨਕੀਬਹੁ ਕੀ ਓਰ ਰਹਤੀ ਹੈ ਜੋ ਦੇਖੀਏ ਉਸ ਦਰਵਾਰ ਤੇ ਕੈਸੀ ਆਗਯਾ ਆਵੇਗੀ। ਬਹੁੜ ਉਨਹੁ ਪਿਆਦਹੁ ਕੇ ਹਾਥ ਵਿਖੇ ਪਾਂਚ ਜੇਵੜੇ ਹੈਂ ਸੋ ਵਹੁ ਪਿਤ ਕਫ ਆਦਿਕ ਸੁਭਾਵ ਹੈਂ। ਤਬ ਉਸ ਕਰਕੇ ਕੇਤੇ ਮਾਨੁਖਹੁ ਕੂੰ ਭਗਵੰਤ ਕੀ ਆਗਯਾ ਪਾਇ ਕਰ ਉਰਧਗਤਿ ਕੂੰ ਖੈਂਚਤੇ ਹੈਂ, ਕੇਤਿਉ ਕੂੰ ਨੀਚੇ ਗਿਰਾਇ ਦੇਤੇ ਹੈਂ; ਬਹੁੜਿ ਕਿਨਹੂੰ ਕੂੰ ਸੁਖ ਸਰੂਪੀ ਸਰੋਪਾਇ (ਸਰੋਪਾ) ਪਹੁਚਾਵਤੇ ਹੈਂ ਅਰੁ ਕਿਨਹੂੰ ਕੂੰ ਡੰਡ ਦੇਤੇ ਹੈਂ। ਅਰੁ ਬੈਕੁੰਠ ਰੂਪੀ ਭਵਨ ਵਿਖੇ ਜੋ ਵਜੀਰ ਕਹਾ ਹੈ ਸੋ ਬਿਸਨ ਦੇਵ ਹੈ ਅਰੁ ਬ੍ਰਹਿਮ ਰੂਪੀ ਪਾਤਸਾਹ ਕਾ ਨਿਕਟਬਰਤੀ ਹੈ ਅਰੁ ਅਵਰ ਸਭੀ ਉਸ ਕੇ ਅਧੀਨ ਹੈਂ। ਪਰ ਇਸ ਜਗਤ ਵਿਖੇ ਜੋ ਕਿਸੀ ਮਾਨੁਖ ਕੇ ਰਿਦੇ ਕੀ ਅਵਸਥਾ ਉਲਟ ਜਾਤੀ ਹੈ ਤਬ ਸੰਸਾਰੀ ਕੀ ਰੁਚ ਉਸ ਤੇ ਦੂਰ ਹੋ ਜਾਤੀ ਹੈ। ਤਬ ਉਸ ਕੇ ਊਪਰ ਸ਼ਕ ਅਰ ਭੈ ਐਸਾ ਹੋਤਾ ਹੈ ਜੋ ਉਸ ਕਰਕੇ ਸੰਸਾਰ ਕੇ ਭੋਗਹੁ ਕੂੰ ਵਿਰਸ (ਨਿਰੱਸ) ਜਾਨਤਾ ਹੈ ਅਰੁ ਪਰਲੋਕ ਕੇ ਭੈ ਕਰਕੇ ਚਿੰਤਾ ਭੈ ਰਹਤਾ ਹੈ। ਸੋ ਜਬ ਉਸ ਕੂੰ ਕੋਈ ਬੈਦ ਦੇਖਤਾ ਹੈ ਤਬ ਕਹਤਾ ਹੈ ਜੋ ਇਸ ਕੂੰ ਬਾਇ ਕਾ ਰੋਗ ਹੈ ਅਰੁ ਇਸ ਰੋਗ ਕਾ ਕਾਰਣ ਸੀਤ ਰੁਤ ਕੀ ਸੋਖਤਾ ਹੈ। ਬਹੁੜ, ਜਬਲਗੁ ਬਸੰਤ ਰੁਤ ਨ ਆਵੈ ਤਬਲਗੁ ਇਸ ਕਾ ਉਪਚਾਰ (ਇਲਾਜ) ਨਹੀਂ ਹੋਤਾ। ਅਰ ਜਬ ਉਸ ਰੋਗੀ ਕੋ ਕੋਈ ਨਕੀਬ (ਗ੍ਰਹਿ) ਦੇਖਤਾ ਹੈ ਤਬ ਇਸ ਪ੍ਰਕਾਰ ਕਹਤਾ ਹੈ ਜੋ ਇਸ ਪੁਰਖ ਕੂੰ ਬਾਇ ਕਾ ਰੋਗ ਬ੍ਰਸਪਤਿ ਕੇ ਕ੍ਰੋਪ ਕਰਕੇ ਹੂਆ ਹੈ, ਕਾਹੇ ਤੇ, ਜੋ ਬ੍ਰਸਪਤਿ ਅਰੁ ਮੰਗਲ ਕਾ ਵਿਰੁਧ (ਵਿਰੋਧ) ਹੂਵਾ (ਹੂਆ) ਹੈ। ਸੋ ਜਬਲਗ ਇਨ ਕਾ ਵਿਰੁਧ ਦੂਰ ਨ ਹੋਵੈ, ਤਬਲਗ ਇਸ ਪੁਰਖ ਕਾ ਰੋਗੁ ਨਸਟ ਨ ਹੋਵੇਗਾ।

ਸੋ, ਏਕ ਭਾਵ ਕਰਕੇ ਦੇਖੀਏ ਤਬ ਉਨਹੁ ਨੇ ਭੀ ਸਾਚ ਕਹਾ ਹੈ। ਪਰ ਤਾਤਪ੍ਰਜ ਇਹੁ ਹੈ ਜੋ ਭਗਵੰਤ ਜਿਸ ਜੀਵ ਕੂੰ ਭਲਾਈ ਪ੍ਰਾਪਤ ਕੀਆ ਚਾਹਤਾ ਹੈ ਤਬ ਬ੍ਰਸਪਤਿ ਅਰੁ ਮੰਗਲ ਦੇਵ ਨਕੀਵ (ਗ੍ਰਹਿ) ਹੈਂ ਸੋ ਸੀਘ੍ਰ ਹੀ ਤਿਸ ਕੀ ਓਰ ਭੇਜਤਾ ਹੈ ਅਰੁ ਉਨ ਕਾ ਆਗਯਾ ਕਰਕੇ ਪਵਨ ਰੂਪੀ ਪਿਆਦਾ ਸੋਖਤਾ ਰੂਪੀ ਜੇਵੜੀ ਉਸ ਕੂੰ ਡਾਰਤਾ ਹੈ ਤਾਂ ਤੇ ਉਸ ਕਾ ਚਿਤ ਮਾਇਆ ਕੇ ਭੋਗਹੁ ਤੇ ਵਿਰਸ ਹੋ ਜਾਤਾ ਹੈ ਅਰੁ ਸ਼ੋਕ ਰੂਪੀ ਚਾਵਕ ਲਗਾਇ ਕਰ ਸ਼ਰਧਾ ਰੂਪੀ ਬਾਗ ਉਸ ਕੀ ਖੈਂਚਤੇ ਹੈਂ ਅਰੁ ਭਗਵੰਤ ਕੇ ਦਰਵਾਰ ਕੀ ਓਰ ਉਸ ਕਾ ਮੁਖ ਲਾਵਤੇ ਹੈਂ। ਪਰ ਇਸ ਭੇਦੁ ਕੀ ਬੂਝ ਬੈਦਕ ਅਰੁ ਜੋਤਕੀ ਸਾਸਤ੍ਰ ਵਿਖੇ ਨਹੀ ਪਾਈ ਜਾਤੀ। ਤਾਂ ਤੇ ਯਹੁ ਬਿਦਯਾ ਜਿਤ ਜਨਹੁ ਕੇ ਅਨਭਵ ਰੂਪੀ ਸਮੁੰਦ੍ਰ ਵਿਖੇ ਹੋਤੀ ਹੈ ਸੋ ਸੰਤ ਜਨਹੁ ਕੀ ਵਿਦਯਾ ਸਰਬ ਦਿਸਾ ਅਰੁ ਸਰਬ ਕਾਰਜਹੁ ਵਿਖੇ ਭਰਪੂਰ ਹੈ। ਇਸੀ ਕਾਰਨ ਤੇ ਵਹੁ ਸੰਤ ਜਨਹੁ ਗ੍ਰਹਿ ਅਰੁ ਨਿਛਤ੍ਰਹੁ ਕੇ ਫਿਰਨੇ ਕੂੰ ਭੀ ਜਾਨਤੇ ਹੈਂ ਅਰੁ ਯਹੁ ਭੀ ਜਾਨਤੇ ਹੈਂ ਜੋ ਭਗਵੰਤ ਕੀ ਆਗਯਾ ਇਨ ਕੂੰ ਇਸ ਪ੍ਰਕਾਰ ਹੂਈ ਹੈ। ਯਹੁ ਨਿਛਤ੍ਰ ਆਗਯਾ ਪਾਇ ਕਰ ਕਿਸੀ ਕੂੰ ਊਪਰ ਖੈਂਚਤੇ ਹੈਂ ਅਰ ਕਿਸੀ ਕੂੰ ਤਲੇ ਗਿਰਾਇ ਦੇਤੇ ਹੈਂ। ਸੋ ਜਦਪ ਬੈਦ ਅਰੁ ਜੋਤਕੀ ਕਾ ਕਹਣਾ ਭੀ ਸਾਚੁ ਹੈ ਪਰ ਤਉ ਭੀ ਪਾਤਸਾਹ ਅਰੁ ਉਸ ਕੇ ਸਸਟ (ਸ੍ਰੇਸ਼ਟ) ਪ੍ਰਧਾਨ ਅਰ ਸੈਨਾਪਤੀਯਹੁ ਕੂੰ ਨਹੀ ਜਾਨਤੇ। ਕਾਹੇ ਤੇ, ਜੋ ਵਹੁ ਮਹਾਰਾਜ ਦੁਖ ਅਰੁ ਰੋਗ ਅਰੁ ਅਪਦਾ ਅਰੁ ਡੰਡ ਕਰਕੇ ਜੀਵਹੁ ਕੂੰ ਅਪਨੀ ਓਰ ਖੈਂਚਤਾ ਹੈ। ਅਰੁ ਸਾਂਈ ਯਉ ਭੀ ਕਹਾ ਹੈ ਜੋ ਸਾਂਤਗੀ (ਸਾਂਤਕੀ) ਮਾਨਖਹੁ ਕੂੰ ਜਬ ਕਛੂ ਰੋਗ ਹੋਤਾ ਹੈ ਤਬ ਮੈਂ ਉਨ ਕੂੰ ਪੀੜਾ ਨਹੀ ਦੇਤਾ ਅਰੁ ਉਸ ਦੁਖ ਕਰਕੇ ਮੈ ਅਪਨੇ ਪ੍ਰੀਤਮਹੁ ਕੂੰ ਅਪਨੀ ਓਰ ਖੈਂਚਤਾ ਹੂੰ। ਤਾਂ ਤੇ ਯਹੁ ਦੁਖ ਬੀ ਮੇਰੀ ਜੇਵੜੀ ਹੈ। *(ਦੁਖ ਦਾਰੂ ਸੁਖ ਰੋਗ ਭਇਆ...........)*

ਜੇਤਾ ਕਛੂ ਆਗੇ ਬਖਯਾਣ ਕੀਆ ਥਾ ਸੋ ਇਸ ਜੀਵ ਕੇ ਸਰੂਪ ਕਾ ਪਛਾਨਨਾ ਕਹੀਤਾ ਹੈ ਅਰੁ ਇਸ ਕਰਕੇ ਭਗਵੰਤ ਕੇ ਸਰੂਪ ਕੀ ਪਛਾਨ ਭੀ ਪ੍ਰਸਿਧ ਕਰਕੇ ਕਹੀ ਹੈ। ਅਰੁ ਅਰਥ ਇਹੁ ਜੋ ਵਰਨਨ ਕੀਆ ਹੈ ਸੋ ਭਗਵੰਤ ਕੀ ਪਾਤਸਾਹੀ ਅਰੁ ਉਸ ਕੇ ਕਰਤਤ (ਕਰਤੱਵ) ਕੀ ਪਛਾਣ ਕਹੀਤੀ ਹੈ। ਸੋ ਯਹੁ ਪਛਾਣਿ ਭੀ ਸਰੀਰ ਕੀ ਪਾਤਸਾਹੀ ਅਰੁ ਅਪਨੇ ਕਰਤਤਹੁ ਕੀ ਪਛਾਣਿ ਕਰਕੇ ਪ੍ਰਾਪਤਿ ਹੋਤੀ ਹੈ। ਇਸੀ ਕਾਰਨ ਤੇ ਮੈ ਅਪਨਾ ਪਛਾਨਣਾ ਪਹਲੇ ਧਿਆਵ ਵਿਖੇ ਵਰਨਨ ਕੀਆ ਹੈ। 5 ।

ਅਥ ਛਟਵੇਂ ਸਰਗ ਵਿਖੇ ਵਚਨ ਜੋ ਭਗਵੰਤ ਕੀ ਉਸਤਤ ਇਨਹੁ ਬਚਨਹੁ ਕਰ ਪ੍ਰਗਟ ਕਹੀ ਹੈ।

ਸੋ ਪ੍ਰਿਥਮੇ ਇਹੁ ਹੈ ਜੋ ਭਗਵੰਤ ਸਰਬ ਤੇ ਨਿਰਲੇਪੁ ਅਰੁ ਸੁਧ ਸਰੂਪ ਹੈ। ਬਹੁੜਿ ਦੂਸਰਾ ਬਚਨ ਇਹੁ ਹੈ ਸੋ ਸਰਬ ਪ੍ਰਕਾਰ ਮਹਾਰਾਜ ਕਾ ਸ਼ੁਕਰ ਹੈ, ਅਰੁ ਵਹੁ ਸਰਬ ਜਗਤ ਕਾ ਈਸਰ ਹੈ ਅਰੁ ਅਮਰ ਹੈ। ਅਰੁ ਤੀਸਰਾ ਬਚਨ ਇਹੁ ਹੈ ਜੋ ਵਹੁ ਭਗਵੰਤ ਏਕ ਹੈ, ਉਸ ਕੀ ਨਯਾਈ ਦੂਸਰਾ ਕੋਇ ਨਹੀਂ। ਬਹੁੜਿ ਚੌਥਾ ਬਚਨ ਇਹ ਹੈ ਜੋ ਵਹੁ ਮਹਾਰਾਜ ਸਰਬ ਤੇ ਬਡਾ ਅਰੁ ਪਰੇ ਤੇ ਪਰੇ ਹੈ। ਜੋ ਜਦਪ ਇਹ ਚਾਰ ਬਚਨ ਕਹਣੇ ਸੰਖੇਪ ਕਰ ਕਹੇ ਹੈਂ ਪਰ ਤੌ ਭੀ ਭਗਵੰਤ ਕੀ ਸੰਪੂਰਨਤਾਈ ਕੂੰ ਲਖਾਵਣੇਹਾਰੇ ਹੈਂ।

ਤਾਂ ਤੇ ਜਬ ਤੈ ਨੇ ਅਪਨੀ ਨਿਰਲੇਪਤਾ ਕੂੰ ਸਮਝਯਾ ਤਬ ਨ੍ਰਿਲੇਪਤਾ ਕੇ ਅਰਥ ਕੀ ਪਛਾਨ ਤੁਝ ਕੂੰ ਪ੍ਰਾਪਤ ਹੁਈ। ਬਹੁੜਿ ਜਬ ਅਪਣੀ ਪਾਤਸਾਹੀ ਕਰਕੈ ਈਸਰ ਕੀ ਪਾਤਸਾਹੀ ਕੂੰ ਤੈ ਨੇ ਪਛਾਣਯਾ, ਜੋ ਜੇਤੇ ਕਛੂ ਦੇਵਤੇ ਅਰ ਕਾਲ ਕਰਮ ਕੇ ਸੁਭਾਵ ਸਹਤ ਸਨਬੰਧ ਹੈ, ਸੋ ਈਸਰ ਕੇ ਅਧੀਨੁ ਹੈ; ਜੈਸੇ ਲਿਖਾਰੀ ਕੇ ਹਾਥ ਵਿਖੇ ਕਲਮ ਪ੍ਰਾਧੀਨ ਹੋਤੀ ਹੈ।

ਤਬ ਐਸੇ ਜਾਨਣੇ ਕਰਕੈ ਸ਼ੁਕਰ ਕਾ ਅਰਥ ਤੈ ਨੇ ਸਮਝਯਾ। ਕਾਹੇ ਤੇ, ਜੋ ਜਬ ਕੋਈ ਅਵਰ ਸੁਖ ਦੇਣੇਹਾਰਾ ਨਾਹੀ ਅਰੁ ਆਪ ਕਰਕੈ ਸਮਰਥ ਭੀ ਨਹੀ ਕੋਈ। ਤਾਂ ਤੇ ਸਰਬ ਪ੍ਰਕਾਰ ਜੋ ਸੁਖ ਹੈ, ਸੋ ਕੇਵਲ ਭਗਵੰਤ ਕਾ ਉਪਕਾਰਹ (ਉਪਕਾਰ) ਹੈ, ਉਸ ਹੀ ਕਾ ਸ਼ੁਕਰ ਕੀਆ ਚਹੀਤਾ ਹੈ।

ਬਹੁੜਿ ਜਬ ਤੈ ਨੇ ਇਸ ਪ੍ਰਕਾਰ ਜਾਨਿਆ ਜੋ ਭਗਵੰਤ ਬਿਨਾ ਅਵਰ ਕੋਈ ਸਮਰਥ ਨਹੀ ਅਰ ਸਭ ਹੀ ਉਸ ਕੇ ਅਧੀਨ ਹੈਂ, ਤਬ ਤੀਸਰਾ ਬਚਨ ਜੋ ਭਗਵੰਤ ਕੀ ਏਕਤਾ ਵਿਖੇ ਕਹਾ ਥਾ, ਸੋ ਤਿਸ ਕਾ ਅਰਥ ਇਹ ਹੈ।

ਬਹੁੜਿ ਚੌਥਾ ਬਚਨ ਇਹ ਹੈ ਜੋ ਭਗਵੰਤ ਸਰਬ ਤੇ ਬਡਾ ਹੈ, ਸੋ ਤਿਸ ਕਾ ਅਰਥ ਭੀ ਇਸ ਪ੍ਰਕਾਰ ਪਛਾਨਯਾ ਚਾਹੀਤਾ ਹੈ; ਜੋ ਜੈਸੇ ਤੂ ਯੌ ਜਾਣਤਾ ਹੈਂ ਜੋ ਮੈ ਨੇ ਭਗਵੰਤ ਕੂੰ ਪਛਾਨਿਆ ਹੀ ਨਹੀ। ਕਾਹੇ ਤੇ, ਭਗਵੰਤ ਕੀ ਬਡਿਆਈ ਕਾ ਅਰਥ ਇਹ ਹੈ ਜੋ ਇਹ ਸਰਬ ਜੀਵ ਅਪਣੇ ਉਨਮਾਨ (ਅਨੁਮਾਨ) ਕਰਕੈ ਉਸ ਮਹਾਰਾਜ ਕੂੰ ਪਛਾਣਿ ਨਹੀ ਸਕਤੇ। ਤਾਂ ਤੇ ਬਡਾਈ ਕਾ ਅਰਥ ਇਹ ਨਹੀ ਜੋ ਭਗਵੰਤ ਅਮਕੇ ਪਦਾਰਥ ਤੇ ਬਡਾ ਹੈ, ਕਾਹੇ ਤੇ ਉਸ ਕੇ ਨਿਕਟ ਤਉ ਅਵਰ ਪਦਾਰਥ ਕੋਈ ਨਹੀ ਜੋ ਜਿਸ ਪਦਾਰਥ ਤੇ ਭਗਵੰਤ ਕੂੰ ਬਡਾ ਕਹੀਏ। ਇਸ ਕਰਕੈ ਜੋ ਜੇਤੀ ਕਛੂ ਸ੍ਰਿਸਟ ਭਾਸਤੀ ਹੈ, ਸੋ ਭਗਵੰਤ ਕੇ ਪ੍ਰਕਾਸ ਕਾ ਪ੍ਰਤਿਬਿੰਬ ਹੈ ਅਰੁ ਉਸ ਕੀ ਸੱਤਾ ਕਰਕੈ ਇਸਥਿਤ ਹੈ। ਤਾਂ ਤੇ ਸੂਰਜ ਕੀ ਜੋ ਧੂਪ ਹੈ ਸੋ ਸੂਰਜ ਤੇ ਭਿੰਨ ਕਛੂ ਹੋਵੈ ਤਬ ਉਸ ਧੂਪ ਕੇ ਸੂਰਜ ਕੂੰ ਬਡਾ ਕਹੀਏ। ਇਸੀ ਕਾਰਨ ਤੇ ਭਗਵੰਤ ਕੀ ਬਡਾਈ ਕਾ ਅਰਥ ਇਹੀ ਹੈ ਜੋ ਇਹ ਮਾਨੁਖ ਅਪਣੀ ਬੁਧ ਅਰੁ ਉਨਮਾਨ (ਅਨੁਮਾਨ) ਕਰਕੈ ਮਹਾਰਾਜ ਕੂੰ ਨਹੀ ਜਾਣ ਸਕਤਾ ਅਰੁ ਉਸ ਕੀ ਜੋ ਨ੍ਰਿਲੇਪਤਾ ਅਰੁ ਸੁਧਤਾ ਹੈ ਸੋ ਤਿਸ ਕੂੰ ਮਾਨੁਖ ਕੀ ਨ੍ਰਿਲੇਪਤਾ ਕੀ ਨਯਾਈ ਜਾਨਿਆ ਮਹਾਂ ਅਜੋਗੁ ਹੈ, ਕਾਹੇ ਤੇ ਜੋ ਜੇਤੀ ਕਛੂ ਸ੍ਰਿਸਟ ਭਾਸਤੀ ਹੈ ਸੋ ਸਰਬ ਤੇ ਭਗਵੰਤ ਕਾ ਸਰੂਪ ਬਿਲਖਣ ਹੈ ਅਰੁ ਉਸ ਕੂੰ ਕਿਸੀ ਕੀ ਨਯਾਈ ਨਹੀ ਕਹਯਾ ਜਾਤਾ, ਤਬ ਇਹੁ ਮਾਨੁਖ ਕਯਾ ਹੈ ਜੋ ਇਸ ਕਾ ਦ੍ਰਿਸਟਾਂਤੁ ਭਗਵੰਤ ਕੇ ਊਪਰ ਸਭਥੈ। ਬਹੁੜਿ ਇਸ ਤੇ ਭੀ ਭਗਵੰਤ ਰਿਖਯਾ (ਰਖਿਆ) ਕਰੈ ਜੋ ਉਸ ਮਹਾਰਾਜ ਕੀ ਪਾਤਸਾਹੀ ਇਸ ਮਾਨੁਖ ਕੀ ਪਾਤਸਾਹੀ ਵੰਡ ਜਾਨਿਏ ਅਥਵਾ ਵਿਦਯਾ ਅਰੁ ਸਰਧਾ ਆਦਿਕ ਜੋ ਉਸ ਕੇ ਸੁਭਾਵ ਹੈਂ ਸੋ ਮਾਨੁਖ ਕੀ ਵਿਦਯਾ ਅਰੁ ਸਰਧਾ ਕੀ ਨਿਆਈ ਜਾਨਣਾ ਅਜੋਗੁ ਹੈ।

ਸੋ ਜਦਪ ਇਸ ਪ੍ਰਕਾਰ ਆਗੇ ਵਰਨਨ ਭੀ ਕੀਆ ਹੈ ਪਰ ਤਉ ਭੀ ਮਹਾਰਾਜ ਕੇ ਸਰੂਪ ਕੂੰ ਲਖਾਵਣੇ ਕੇ ਨਮਿਤ ਦ੍ਰਿਸਟਾਂਤ ਮਾਤ੍ਰ ਕਹਾ ਹੈ ਜੋ ਉਸ ਕਰਕੈ ਇਸ ਮਾਨੁਖ ਕੂੰ ਭੀ ਕਛੂਕ ਬੂਝ ਪ੍ਰਾਪਤ ਹੋਵੈ। ਜੈਸੇ ਕੋਈ ਬਾਲਕ ਕਿਸੀ ਬੁਧਵਾਨ ਪੁਰਖ ਤੇ ਪੂਛੈ ਜੋ ਪਾਤਸਾਹੀ ਅਰ ਬਡਾਈ ਦੇਸਹੁ ਕੀ ਰਖਯਾ ਕਰਨੇਹਾਰਾ ਕਾ ਕੈਸਾ ਸੁਖ ਹੈ; ਤਬ ਉਸ ਬਾਲਕ ਕੂੰ ਕਹੀਤਾ ਹੈ ਜੈਸੇ ਤੁਝ ਕੂੰ ਖਿਨੂ ਅਰੁ ਚੌਗਾਨ (ਖਿਦੋ ਖੂੰਡੀ) ਖੇਲਣੇ ਕਾ ਸੁਵਾਦ ਆਵਤਾ ਹੈ, ਤੈਸੇ ਹੀ ਰਾਜਹੁ ਕੂੰ ਰਾਜ ਕਾ ਸੁਵਾਦ ਆਵਤਾ ਹੈ। ਸੋ, ਉਸ ਬਾਲਕ ਕੂੰ ਇਸ ਨਮਿਤ ਐਸੇ ਕਹੀਤਾ ਹੈ ਜੋ ਵਹੁ ਖਿਨੂ ਅਰੁ ਚੌਗਾਨ ਤੇ ਇਤਰ ਸੁਖ ਕੂੰ ਨਹੀ ਜਾਣਤਾ ਅਰੁ ਜਿਸ ਸੁਖ ਕੂੰ ਉਸ ਨੇ ਦੇਖਯਾ ਹੀ ਨ ਹੋਵੈ, ਤਉ ਉਨਮਾਨ ਕਰਕੈ ਉਸ ਸੁਖ ਕੂੰ ਕਿਉਂਕਰ ਪਛਾਣੈ! ਤਾਂ ਤੇ ਉਸ ਕੂੰ ਖਿਨੂ ਅਰੁ ਚੌਗਾਨ ਕੇ ਦ੍ਰਿਸਟਾਂਤ ਕਰਕੈ ਸਮਝ ਆ ਜਾਤਾ ਹੈ। ਪਰ ਇਹੁ ਵਾਰਤਾ ਤੌ ਅਤਿ ਪ੍ਰਸਿਧ ਹੈ ਜੋ ਖਿਨੂ ਅਰੁ ਚੌਗਾਨ ਅਰੁ ਪਾਤਸਾਹੀ ਕਾ ਸੁਖ ਤੌ ਆਪਸ ਵਿਖੇ ਕਛੂ ਸਨਬੰਧ ਨਹੀ ਰਾਖਤਾ ਅਰੁ ਸੁਖ ਕਾ ਜੋ ਸਬਦ ਹੈ ਸੋ ਦੋਨੋ ਪਰ ਸਮਾਨ ਆਵਤਾ ਹੈ। ਤਾਂ ਤੇ ਮਾਨੁਸ਼ੁੰਦਿਆਂ ਕੀ ਏਕਤਾ ਕਰਕੈ ਬਾਲਕਹੁ ਕਾ ਸਮਝਾਵਣਾ ਸੁਗਮ ਹੋਤਾ ਹੈ। ਤੈਸੇ ਨਹੀ ਮਾਨੁਖ ਕੀ ਸੁਧਤਾ ਅਰੁ ਨ੍ਰਿਲੇਪਤਾ ਕਾ ਜੋ ਬਰਨਨ ਕੀਆ ਹੈ ਸੋ ਇਸ ਜੀਵ ਕੀ ਮੂਰਖ ਬੁਧ ਸਮਝਾਵਣੇ ਕੇ ਨਮਿਤ ਕਹਾ ਹੈ।

ਤਾਂ ਤੇ ਯਹੁ ਵਾਰਤਾ ਨ੍ਰਿਸੰਦੇਹ ਹੈ ਜੋ ਭਗਵੰਤ ਕੀ ਪੂਰਨਤਾਈ ਕੂੰ ਜੋ ਭਗਵੰਤ ਬਿਨਾ ਅਵਰ ਕੋਈ ਨਹੀ ਜਾਣ ਸਕਤਾ। ਇਸੀ ਕਾਰਨ ਤੇ ਭਗਵੰਤ ਕੀ ਪਛਾਣ ਕਾ ਬਿਸਤਾਰ ਅਮਿਤ ਹੈ, ਸੋ ਇਸ ਗ੍ਰਿੰਥ ਵਿਖੇ ਕਹਯਾ ਨਹੀ ਜਾਤਾ। ਤਾਂ ਤੇ ਇਸ ਜੀਵ ਕੂੰ ਭੈ ਅਰੁ ਪ੍ਰੀਤ ਉਪਜਾਵਣੇ ਕੇ ਨਮਿਤ ਇਤਨਾ ਹੀ ਬਹੁਤ ਹੈ ਅਰੁ ਯਹੁ ਮਾਨੁਖ ਭੀ ਇਤਨਾ ਹੀ ਸਮਝਣੇ ਕਾ ਅਧਿਕਾਰੀ ਹੈ। ਜੋ ਇਸ ਜੀਵ ਕੀ ਭਲਾਈ ਭਗਵੰਤ ਕੀ ਪਛਾਣਿ ਅਰੁ ਉਸ ਕੀ ਸੇਵਕੀ ਅਰੁ ਭਜਨ ਵਿਖੇ ਹੋਤੀ ਹੈ। ਇਸ ਕਰਕੈ ਜਬ ਇਸ ਮਾਨੁਖ ਕਾ ਸਰੀਰ ਮ੍ਰਿਤ ਹੋਵੈ ਤਬ ਚਾਹੀਏ ਜੋ ਇਸ ਕਾ ਧਯਾਨ ਮਹਾਰਾਜ ਕੀ ਓਰੁ ਹੋਵੈ, ਕਾਹੇ ਤੇ ਜੋ ਇਸ ਜੀਵ ਕੇ ਇਸਥਿਤ ਹੋਣੇ ਕਾ ਅਸਥਾਨ ਵਹੀ ਹੈ ਅਰੁ ਇਸ ਨੇ ਅਵਸਮੇਵ ਉਹਾਂ ਹੀ ਪਹੁੰਚਣਾ ਹੈ। ਤਾਂ ਤੇ ਜਬ ਆਗੇ ਹੀ ਇਸ ਕੀ ਪ੍ਰੀਤ ਉਸ ਕੇ ਸਾਥ ਕੇ ਹੋਵੈ ਤਬ ਜੀਵ ਕੀ ਭਲਾਈ ਜਾਣੀਏ। ਇਸ ਕਰਕੈ ਜੇਤੀ ਕਛੂ ਪ੍ਰੀਤ ਕਿਸੀ ਕੀ ਅਧਿਕ ਹੋਤੀ ਹੈ ਤਬ ਪ੍ਰੀਤਮ ਕੇ ਦਰਸਨ ਵਿਖੇ ਉਸ ਕੂੰ ਭੀ ਅਨੰਦ ਅਧਿਕ ਹੋਤਾ ਹੈ। ਪਰ ਜਬਲਗ ਇਸ ਮਾਨੁਖ ਕੂੰ ਭਗਵੰਤ ਕੀ ਪਛਾਣਿ ਅਰੁ ਭਜਨ ਕੀ ਅਧਿਕਤਾ ਨਾ ਹੋਵੈ, ਤਬਲਗ ਇਸ ਕੇ ਰਿਦੇ ਵਿਖੇ ਭਗਵੰਤ ਕੀ ਪ੍ਰੀਤ ਦ੍ਰਿੜ ਨਹੀ ਹੋਤੀ। ਸੋ ਇਹ ਵਾਰਤਾ ਪ੍ਰਸਿਧ ਹੈ ਜੋ ਜਿਸ ਪੁਰਖ ਕੇ ਸਾਥ ਕਿਸੀ ਕੀ ਪ੍ਰੀਤ ਹੋਤੀ ਹੈ, ਤਬ ਉਸ ਕਾ ਸਿਮਰਨ ਭੀ ਬਹੁਤ ਕਰਤਾ ਹੈ; ਤਬ ਉਸ ਕੇ ਸਾਥ ਪ੍ਰੀਤ ਭੀ ਦ੍ਰਿੜ ਹੋਤੀ ਹੈ। ਇਸੀ ਪਰ ਮਿਹਤ੍ਰ ਦਾਊਦ ਕੂੰ

ਅਕਾਸਬਾਣੀ ਹੂਈ ਥੀ - "ਜੋ ਹੇ ਦਾਊਦ! ਤੇਰੇ ਸਰਬ ਕਾਰਜਹੁ ਕਾ ਸਿਧ ਕਰਨੇਹਾਰਾ ਮੈ ਹੀ ਹੂੰ ਅਰੁ ਤੇਰਾ ਪ੍ਰੋਜਨ (ਪ੍ਰਯੋਜਨ) ਭੀ ਮੇਰੇ ਹੀ ਸਾਥ ਹੈ; ਤਾਂ ਤੇ ਇਕ ਨਿਮਖ (ਖਿਣ) ਬੀ ਮੇਰੇ ਭਜਨ ਤੇ ਅਚੇਤ ਨ ਹੋਹੁ।"

ਪਰੁ ਇਸ ਮਾਨੁਖ ਕੇ ਰਿਦੇ ਵਿਖੇ ਭਜਨ ਤਬ ਦ੍ਰਿੜ ਹੋਤਾ ਹੈ ਜਬ ਪ੍ਰਿਥਮੇ ਸਤ ਕਰਮਹੁ ਵਿਖੇ ਵਰਤਤਾ ਹੈ, ਜਬ ਸਰਬ ਭੋਗ ਬਾਸਨਾਂ ਕਾ ਤਿਆਗੁ ਕਰਤਾ ਹੈ। ਅਰੁ ਭੋਗ ਬਾਸਨਾਂ ਕਾ ਬੰਧੁ ਤਬ ਦੂਰ ਹੋਤਾ ਹੈ ਜਬ ਪ੍ਰਥਮੇ ਪਾਪ ਕਰਮਹੁ ਕਾ ਤਯਾਗ ਕਰੈ। ਤਾਂ ਤੇ ਪਾਪ ਕਰਮਹੁ ਕਾ ਤਯਾਗ ਕਰਨਾ ਰਿਦੇ ਕੀ ਮੁਕਤਾਈ ਕਾ ਕਾਰਣਿ ਹੈ ਅਰੁ ਸਤਿ ਕਰਮਹੁ ਕਾ ਗ੍ਰਹਣ ਕਰਣਾ ਭਜਨ ਕੀ ਦ੍ਰਿੜਤਾ ਕਾ ਕਾਰਨੁ ਹੈ। ਸੋ, ਇਹ ਦੋਨੋ ਭਗਵੰਤ ਕੀ ਪ੍ਰੀਤ ਉਪਜਾਵਣਹਾਰੇ ਹੈਂ ਅਰੁ ਉਤਮ ਭਾਗਹੁ ਕਾ ਬੀਜੁ ਭਗਵੰਤ ਕੀ ਪ੍ਰੀਤ ਕਰਕੈ ਸਿਧ ਹੋਤਾ ਹੈ। ਸੋ, ਜਦਪਿ ਯਹ ਜੀਵ ਸਰੀਰਧਾਰੀ ਜੋ ਹੈ, ਸੋ ਸਰਬ ਭੋਗਹੁ ਤੇ ਰਹਤ ਨਹੀ ਹੋਇ ਸਕਤਾ, ਜੈਸੇ ਖਾਨ ਪਾਨ ਅਰੁ ਬਸਤ੍ਰ ਆਦਿਕ ਸਰੀਰ ਕੇ ਕਾਰਜ ਨਮਿਤ ਪਰਵਾਂਨ ਬੀ ਕਹੇ ਹੈ; ਤਾਂ ਤੇ ਚਾਹੀਏ ਜੋ ਵੀਚਾਰ ਕੀ ਮ੍ਰਿਜਾਦਾ ਵਿਖੇ ਇਸਥਿਤ ਹੋਵੈ, ਤਬ ਕਰਣੀ ਵ ਕਰਮਹੁ ਕੂੰ ਅਰੁ ਭੋਗ ਵਾਸਨਾ ਕੂੰ ਭਿੰਨ ਕਰੈ। ਪਰ ਵੀਚਾਰ ਕੀ ਮ੍ਰਿਜਾਦਾ ਭੀ ਦੋ ਪਰਕਾਰ ਕੀ ਹੋਤੀ ਹੈ -

ਸੋ ਏਕ ਇਹ ਹੈ ਜੋ ਇਹ ਮਾਨੁਖ ਅਪਣੀ ਅਰੁ ਅਨੁਭਵ ਕੀ ਦ੍ਰਿਸਟ ਸਾਥ ਵੀਚਾਰ ਕੀ ਮ੍ਰਿਜਾਦਾ ਕੂੰ ਦੇਖੈ ਅਰੁ ਅੰਗੀਕਾਰ ਕਰੈ ਅਥਵਾ ਕਿਸੀ ਮਹਾਂਪੁਰਖ ਕੀ ਸੰਗਤ ਕਰਕੇ ਵੀਚਾਰ ਕੀ ਮ੍ਰਿਜਾਦਾ ਵਿਖੇ ਵਰਤੇ, ਪਰੁ ਅਪਣੀ ਬੁਧ ਅਰੁ ਪੁਰਖਾਰਥ ਕੇ ਆਸਰੇ ਮ੍ਰਿਜਾਦਾ ਵਿਖੇ ਰਹਣਾ ਕਠਨ ਹੈ, ਕਾਹੇ ਤੇ ਜੋ ਇਸ ਜੀਵ ਕੇ ਊਪਰ ਭੋਗ ਬਾਸਨਾ ਐਸੀ ਪਰਬਲ ਹੈ ਜੋ ਇਸ ਕੀ ਬੁਧਿ ਕੂੰ ਅੰਧ ਕਰਕੈ ਸਰਬਦਾ ਜਥਾਰਥ ਕੇ ਮਾਰਗ ਕੂੰ ਦੂਰਾਇ (ਦੂਰ) ਰਾਖਤੀ ਹੈ ਅਰੁ ਅਪਣੇ ਮਨੋਰਥ ਕੇ ਅਨਸਾਰ ਭੋਗਹੁ ਕੂੰ ਪੁੰਨ ਕਾ ਰੂਪ ਕਰ ਦਿਖਾਵਤੀ ਹੈ। ਤਾਂ ਤੇ ਜਾਣੀਏ ਜੋ ਇਹ ਮਾਨੁਖ ਸੁਵਾਧੀਨ ਹੋ ਕਰ ਨ ਵਰਤੇ ਅਰੁ ਆਪਣੇ ਆਪ ਕੂੰ ਕਿਸੀ ਮਹਾਪੁਰਖ ਕੇ ਸਮਰਪਨ ਕਰੈ। ਅਰੁ ਸਭ ਹੀ ਮਾਨੁਖ ਐਸੇ ਭੀ ਨਹੀ ਹੋਤਾ ਜੋ ਉਨ ਕੂੰ ਆਪਣਾ ਆਪ ਅਰਪ ਦੀਜੀਏ। ਤਾਂ ਤੇ ਜੋ ਗਯਾਨਵਾਨ ਸੰਤ ਜਨ ਹੋਵੈ ਤਬ ਉਸ ਕੀ ਆਗਯਾ ਵਿਖੇ ਵਰਤੇ ਅਰੁ ਆਗਯਾ ਕੀ ਮ੍ਰਿਜਾਦਾ ਤੇ ਉਲੰਘਤਿ ਨ ਹੋਵੈ ਤ ਸੁਭਾਵਕ ਹੀ ਭਲਾਈ ਕੂੰ ਪ੍ਰਾਪਤ ਹੋਤਾ ਹੈ। ਸੋ ਸੇਵਕ ਹੋਣੇ ਕਾ ਅਰਥ ਭੀ ਇਹੀ ਹੈ। ਅਰੁ ਜੋ ਮਾਨੁਖ ਆਪਣੀ ਵਾਸਨਾ ਕਰਕੈ ਸੰਤ ਜਨਹੁ ਕੀ ਮ੍ਰਿਜਾਦਾ ਤੇ ਉਲੰਘਤਿ ਹੋਤਾ ਹੈ ਤਬ ਉਸ ਕੀ ਬੁਧ ਤਾਤਕਾਲਿ ਨਸਟ ਹੋ ਜਾਤੀ ਹੈ। ਇਸੀ ਪਰ ਸਾਂਈ ਭੀ ਕਹਾ ਹੈ - "ਜੋ ਜਿਸ ਪੁਰਖ ਨੇ ਵੀਚਾਰ ਕੀ ਮ੍ਰਿਜਾਦਾ ਕਾ ਤਯਾਗ ਕੀਆ ਹੈ ਸੋ ਤਿਸ ਨੇ ਆਪਨੇ ਆਪ ਪਰਿ ਅਨਿਆਵ ਕੀਆ ਹੈ ।6।

'ਚਲਦਾ'

*('ਪਾਰਸ ਭਾਗ' ਵਿਚੋਂ ਧੰਨਵਾਦ ਸਹਿਤ)*


*With best compliments from*

# Partap Engineers

***Manufacturers of Precision Engineering Components and 'OE' AUTO PARTS***

**Office** : Bhagwan Chowk, Ludhiana - 141 003, Ph. 533276

**Fax No.** : 91-161-533276

**Works** : E-504, Phase VI, Focal Point, Ludhiana Ph. : 671943

# ਆਤਮ ਮਾਰਗ

*ਸੰਤ ਕਲਿਆਣ ਦਾਸ ਜੀ*
*ਸ੍ਰੀ ਅਨੰਦਪੁਰ ਸਾਹਿਬ*

*ਧਾਰਨਾ - ਮੇਰੇ ਗੁਰਾਂ ਨੇ ਜਹਾਜ਼ ਬਣਾਇਆ,*
*ਆਓ ਜਿਹਨੇ ਪਾਰ ਲੰਘਣਾ।*

ਸੰਤ ਮਹਾਂਪੁਰਖਾਂ ਨੇ ਆਤਮ ਮਾਰਗ ਪ੍ਰਦ੍ਰਸ਼ਿਤ ਕੀਤਾ ਹੈ। ਇਹ ਇਕ ਪਤ੍ਰਿਕਾ ਹੀ ਨਹੀਂ ਬਲਕਿ ਆਤਮ ਮਾਰਗ ਹੈ। ਆਉ ਚਲੀਏ ਆਤਮ ਮੰਜ਼ਿਲ ਵੱਲ, ਮਾਰਗ ਸਾਮ੍ਹਣੇ ਹੈ। ਸੰਤਾਂ ਦਾ ਕੰਮ ਹੁੰਦਾ ਹੈ - ਭਟਕਣੇ ਤੋਂ ਬਚਾਉਣਾ, ਮਾਰਗ ਦਰਸਾਉਣਾ। 'ਆਤਮ ਮਾਰਗ' ਸੰਤ ਮਾਰਗ ਹੈ।

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥*
*ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥*
*ਪੰਨਾ - 622*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ਪੰਨਾ - 204*

'ਆਤਮ ਮਾਰਗ' ਸੰਤ ਸਮੂਹ ਬਚਨ ਹਨ, ਜਾਂ ਸੰਤ ਬਚਨਾਂ ਦਾ ਸਮੂਹ ਹੈ, ਜੋੜ ਹੈ, ਸੰਗ੍ਰਹਿ ਹੈ। ਜੋ ਇਨ੍ਹਾਂ ਬਚਨਾਂ ਦਾ ਗਹਿਰੇ (ਡੂੰਘੇ) ਮਨ ਉਤਰ ਕੇ ਅਧਿਅਨ ਕਰੇਗਾ ਅਥਵਾ ਮੰਨਨ ਕਰੇਗਾ, ਉਸਨੂੰ ਅਵੱਸ਼ ਆਤਮ ਮਾਰਗ ਦੀ ਪ੍ਰਾਪਤੀ ਹੋਵੇਗੀ।

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਪੰਨਾ - 747*

'ਆਤਮ ਮਾਰਗ' ਸ਼ਬਦ ਵਿਚ ਗੁਪਤ ਆਸ਼ੇ ਅਤੇ ਮਹਾਨ ਅਰਥ ਛੁਪਿਆ ਹੈ। ਇਸਦੇ ਪੜਦੇ ਦਾ ਇਕ ਕੋਨਾ ਨੰਗਾ ਕਰਕੇ ਤੁੱਛ ਮਾਤ੍ਰ (ਥੋੜਾ ਜਿਹਾ) ਭਾਵ ਪ੍ਰਗਟ ਕਰਦਾ ਹਾਂ।

## ਆਤਮ ਮਾਰਗ

ਆਤਮ ਮਾਰਗ ਦੇ ਅਰਥ (ਮਾਇਨੇ) ਹਨ -

ਆਤਮ - ਨਿਜੀਤ੍ਵ, ਸ੍ਵਅੰਮੇਵ, ਅਪਣਾ ਆਪਾ, ਅਪਣਾ-ਪਣ, ਆਪ, ਨਿਜੀ ਹੋਂਦ, ਖ਼ੁਦ।

ਮਾਰਗ - ਰਸਤਾ, ਰਾਹ, ਪੱਥ, ਪੰਥ, ਵਿਧੀ, ਢੰਗ, ਯੁਕਤੀ, ਤਰੀਕਾ।

ਆਤਮ + ਮਾਰਗ - ਭਾਵ - ਆਤਮ ਮੰਜ਼ਿਲ ਤਕ ਪਹੁੰਚਣ ਦਾ ਰਾਹ, ਨਿਜੀ ਲਖਤਾ ਦਾ ਗਿਆਨ ਪੱਥ, ਆਪਣੀ ਹੋਂਦ (ਆਪਣਾ ਹੋਣਾ) ਜਾਨਣ ਦਾ ਰਸਤਾ, ਨਿਜੀ (ਅਪਣੀ) ਪਹਿਚਾਣ ਕਿਵੇਂ ਹੋਵੇ ਦਾ ਢੰਗ, ਸ੍ਵੈਂ ਦੀ ਲਖਤਾ ਵਿਧੀ। ਸਵੈ ਸਰੂਪ ਦੀ ਲਖਤਾ ਯੁਕਤੀ - ਉਕਤੀ - ਜੋ ਆਪਣੇ ਦਿਮਾਗ ਚੋਂ ਉਪਜੇ; ਜੁਗਤੀ ਜੋ ਗੁਰਬਾਣੀ ਅਤੇ ਸ਼ਾਸ਼ਤਰ ਰਿਸ਼ੀ-ਮੁਨੀਆਂ ਦਾ ਢੰਗ ਵਿਧੀ ਹੋਵੇ ਯਾਨਿ ਸ਼ਾਸ਼ਤੋਕਤ, ਆਪਣੇ ਘਰ ਨੂੰ ਵਾਪਸੀ ਦਾ ਰਾਹ, ਆਪਣੀ ਨਾਭੀ ਵਿਚ ਕਸਤੂਰੀ ਢੂੰਡਣ ਦੀ ਜਾਂਚ, ਸ੍ਵੈਂ ਦੀ ਪ੍ਰਾਪਤੀ ਕਾ ਮਾਰਗ, ਪ੍ਰਾਪਤੀ ਕੀ ਪ੍ਰਾਪਤੀ ਕਾ ਮਾਰਗ, ਕੋਹੰ - (ਮੈਂ ਕੌਣ ਹਾਂ) ਦੀ ਖੋਜ ਦਾ ਮਾਰਗ, ਸ੍ਵੰਸਾਕਸ਼ੀ ਅਨੁਭਵ ਜੁਗਤੀ, ਦੇਹ ਅਧਿਆਸ ਨਵਿਰਤੀ (ਮੈਂ ਦੇਹ ਨਹੀਂ) ਦਾ ਮਾਰਗ, ਮੈਂ ਘਟ (ਘੜਾ) ਨਹੀਂ, ਅਕਾਸ਼ ਹਾਂ ਕਾ ਅਨੁਭਵ ਪੱਥ, 'ਅਹੰਬ੍ਰਹਮਅਸਵੀ ਮਾਰਗ, ਪਿੰਡ ਵਿਚ ਬ੍ਰਹਿਮੰਡ ਵੇਖਣ, ਬ੍ਰਹਿਮੰਡ ਮੈਂ ਸਵੈ ਸਰੂਪ ਦ੍ਰਿਸ਼ਟੀ ਪੱਥ, ਸ਼ੀਸ਼ ਮਹਿਲ ਰੂਪੀ ਜਗਤ ਮੈਂ ਅਪਨਾ ਪ੍ਰਤਿਬਿੰਬ ਵੇਖਣ ਦਾ ਅਨੁਭਵ, ਖ਼ੁਦ ਮੈਂ ਖ਼ੁਦਾ ਵੇਖਣ ਦਾ ਰਾਸਤਾ, ਖ਼ੁਦ ਔਰ ਖ਼ੁਦਾ ਦੀ ਨਿਸਬਤ ਖਤਮ ਕਰਨ ਦਾ ਰਾਸਤਾ, ਦੇਹ ਬਸਤਰ ਨਹੀਂ ਦਾ ਅਨੁਭਵ ਪੱਥ; ਮੈਂ ਫੁੱਲ ਨਹੀਂ, ਸੁਗੰਧ ਹਾਂ; ਮੈਂ ਬਲਵਾਨ ਨਹੀਂ, ਵਿਦ੍ਯੁੱਤ ਹਾਂ ਦਾ ਬੋਧ ਮਾਰਗ; ਅਲਪੱਗਤਾ, ਸਰਬੱਗਤਾ ਤੋਂ ਰਹਿਤ ਆਤਮ ਅਵਸਥਾ ਬੋਧ ਪੱਥ।

'ਆ' - ਰਹਿਤ, ਬਿਨਾ; 'ਤਮ' - ਅੰਧਕਾਰ, ਅੰਧੇਰਾ; ਆ+ਤਮ = ਅੰਧਕਾਰ ਰਹਿਤ। ਮਾਰਗ - ਰਸਤਾ। ਆਤਮ ਮਾਰਗ - ਪ੍ਰਕਾਸ਼ ਮਾਰਗ, ਜੋਤਿ ਮਾਰਗ, ਚਾਨਣਾ ਰਸਤਾ, ਸਪਸ਼ਟ ਰਾਹ, light way, ਮੈਂ ਸਰਵ ਵਿਆਪੀ ਹੂੰ, ਸਭਿ ਮੇਰਾ ਹੀ ਰੂਪ ਹੈ, ਮੈਂ ਸਰਬ ਹਾਂ, ਸਰਬ ਮੈਂ ਹਾਂ।

*ਸਭ ਮਹਿ ਜੋਤਿ ਜੋਤਿ ਹੈ ਸੋਇ॥ ਪੰਨਾ - 13*

ਅਭੇਦਤਾ, ਅਦ੍ਵੈਤਤਾ ਦਾ ਰਹੱਸ ਆਤਮ-ਮਾਰਗ ਹੈ।

*ਆਤਮਾ ਪਰਾਤਮਾ ਏਕੋ ਕਰੈ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਪੰਨਾ - 661*

ਭਾਵ - ਆਪਣੇ ਆਤਮਾ ਨੂੰ ਪਰਮਾਤਮਾ ਨਾਲ ਇਕਮਿਕ ਕਰੇ ਅਤੇ ਮਨ ਵਿਚ ਵਸਿਆ ਦੁਚਿਤਾਪਨ, ਦ੍ਵੈਤ ਭਾਵ ਅੰਦਰ ਹੀ ਖਤਮ ਕਰਕੇ ਅਭੇਦ ਹੋ ਜਾਵੇ। ਐਸੀ ਅਰੂੜ ਬਿਰਤੀ 'ਆਤਮ ਮਾਰਗ' ਹੈ।

ਠੀਕ ਮਾਰਗ ਉਹ ਹੀ ਦੱਸ ਸਕਦਾ ਹੈ, ਜੋ ਆਪ ਮਾਰਗ ਦਾ ਵਾਕਿਫ (ਜਾਣੂ) ਹੋਵੇ। ਜੋ ਉਸ ਰਸਤੇ ਤੇ ਆਪ ਚਲ ਚੁਕਿਆ ਹੋਵੇ ਜਾਂ ਨਿਤ ਜਾਂਦਾ-ਆਉਂਦਾ ਹੋਵੇ। ਜੋ ਆਪ ਹੀ ਮਾਰਗ ਦਾ ਵਾਕਿਫ ਨਹੀਂ, ਉਹ ਦੂਜੇ ਨੂੰ ਮਾਰਗ ਕਿਵੇਂ ਪਾ ਸਕਦਾ ਹੈ। ਸੁਣਿਆ ਸੁਣਾਇਆ ਮਾਰਗ ਬਤਾਉਣ ਵਾਲੇ ਪਾਸੋਂ ਭੁੱਲ ਹੋ ਜਾਂਦੀ ਹੈ ਕਿਉਂਕਿ ਉਸਨੂੰ ਸਹੀ ਜਾਣਕਾਰੀ ਨਹੀਂ ਹੁੰਦੀ। ਜਿਵੇਂ ਖ਼ੁਦ ਕੋਰਸ ਕੀਤੇ ਬਿਨਾਂ ਡਾਕਟਰ ਨਹੀਂ ਬਣ ਸਕਦਾ। ਸੁਣੀ-ਸੁਣਾਈ ਦਵਾਈ ਦੇਣ ਵਾਲਾ, ਰੋਗੀ ਨੂੰ ਹਾਨੀ ਪਹੁੰਚਾ ਸਕਦਾ ਹੈ। ਬਿਨਾਂ ਤਜਰਬੇ ਰੋਗੀ ਦੇ ਪ੍ਰਾਣ ਲੈ ਸਕਦਾ ਹੈ -

*ਸੁਨੀ ਸੁਣਾਈ ਭਿਖਜ (ਦਵਾ) ਜੋ ਦੀਜੈ॥*
*ਸੋ ਰੋਗੀ ਕੇ ਪ੍ਰਾਣ ਹਰ ਲੀਜੈ॥ (ਮੇਘ ਬਿਨੋਦ)*

*'ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।' (ਪੰਨਾ - 148)* ਸਮਝਦਾਰ ਵੈਦ ਓਹੀ ਹੈ ਜੋ ਰੋਗ ਪਛਾਣ ਕੇ ਸਹੀ (ਫਿੱਟ) ਨੁਸਖਾ (ਪ੍ਰਕ੍ਰਿਤੀ ਦੇ ਮੁਤਾਬਿਕ) ਦੇਵੇ। ਮਾਰਗ ਤਾਂ ਠੀਕ ਹੈ, ਦੱਸਿਆਂ ਤੋਂ ਬਿਨਾਂ, ਸਮਝਣ ਬਿਨਾਂ ਭਟਕ ਸਕਦਾ ਹੈ। ਪੂਰਣ ਗੁਰੂ ਤੋਂ ਬਗੈਰ ਮਾਰਗ ਨਹੀਂ ਮਿਲ ਸਕਦਾ। ਨਕਸ਼ੇ ਮਾਰਗ ਦਸਦੇ ਹਨ, ਸਹੀ ਮਾਰਗ ਦੀ ਤਸੱਲੀ ਕਰਾਉਂਦੇ ਹਨ। ਭੁਲੇਖਾ ਮਿਟਾਉਣ ਲਈ ਬਾਰ-ਬਾਰ ਖੋਲ੍ਹ ਕੇ ਮਲਾਹਜਾ ਕਰਨਾ ਪੈਂਦਾ ਹੈ। ਲੇਕਿਨ

ਸਹੀ ਮਾਰਗ ਕਿਸੇ ਪਾਸੋਂ ਸਮਝਣਾ ਪਵੇਗਾ। ਕਿਸੇ ਜਾਣਕਾਰ ਦੀ ਅਗਵਾਈ ਜ਼ਰੂਰੀ ਹੈ, ਅੰਨ੍ਹੇ ਦੀ ਨਹੀਂ -

*ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥*

*ਭਾਈ ਗੁਰਦਾਸ ਜੀ, ਵਾਰ - 35/2*

ਜਿਸਦਾ ਆਪਣਾ ਦੀਵਾ ਬੁਝਿਆ ਹੋਵੇ, ਉਹ ਕਿਸੇ ਦਾ ਦੀਪਕ ਕਿਵੇਂ ਰੌਸ਼ਨ ਕਰ ਸਕਦਾ ਹੈ; ਜੋ ਆਪ ਡੁਬਕੀਆਂ ਖਾ ਰਿਹਾ ਹੋਵੇ, ਉਹ ਕਿਸੇ ਨੂੰ ਕਿਵੇਂ ਡੁੱਬਣ ਤੋਂ ਬਚਾ ਸਕਦਾ ਹੈ; ਨਹੀਂ ਬਚਾ ਸਕਦਾ। ਮਲਾਹ ਹੀ ਤਾਰ ਸਕਦਾ ਹੈ।

*ਜੋ ਡੂਬੰਦੋ ਆਪਿ ਸੋ ਤਰਾਏ ਕਿਨ ਖੇ॥*

*ਪੰਨਾ - 1101*

ਰਹਿਬਰ ਹੀ ਰਾਹ ਦੱਸ ਸਕਦਾ ਹੈ। ਕਿਸ ਤਰ੍ਹਾਂ ਜਾਣੀਏ ਕਿ ਇਹ ਠੀਕ ਰਹਿਬਰ ਹੈ? ਕਿਸ ਤਰ੍ਹਾਂ ਜਾਣੀਏ ਕਿ ਇਹ ਸ਼ੁੱਧ ਸੋਨਾ ਹੈ? ਗੁਰਬਾਣੀ ਦੀ ਕਸੌਟੀ ਨਾਲ ਜਿਸ ਮਹਾਂਪੁਰਸ਼ ਗੁਰਸਿੱਖ ਦੇ ਲਕਸ਼ਣ ਮਿਲਦੇ ਹੋਣ, ਉਹ ਰਹਿਬਰ ਹੈ। ਆਪਣੀ ਸ਼ੁਧ ਆਤਮਾ ਵੀ ਗਵਾਹੀ ਦੇ ਦਿੰਦੀ ਹੈ ਕਿਉਂਕਿ ਅੰਦਰ ਖੁਦ ਪਾਰਖੂ ਬੈਠਾ ਹੈ, ਕਿਉਂਕਿ ਇਸਨੇ ਆਪਣੇ ਆਪ ਦਾ ਆਪਣੇ ਆਪ ਤੋਂ ਮਾਰਗ ਪੁਛਣਾ ਹੈ। ਕੇਵੱਲ ਗੁਰੂ ਨੂੰ ਸਾਕਸ਼ੀ ਬਣਾਉਣਾ ਹੈ, ਗੁਰੂ ਨੇਂ ਜਮਾਨਤ ਦੇਣੀ ਹੈ। ਗੁਰੂ ਦੀ ਜਾਮਨੀ ਤੋਂ ਬਿਨਾਂ ਮਾਰਗ ਪ੍ਰਗਟ ਨਹੀਂ ਹੋਣਾ।

*ਗੁਰ ਸਾਖੀ ਜੋਤਿ ਪ੍ਰਗਟੁ ਹੋਇ॥* *ਪੰਨਾ - 13*

ਕਮਾਈ ਤੋਂ ਬਗੈਰ ਉਪਦੇਸ਼ ਕਰਨਾ, ਠੱਗੀ ਹੈ। ਦੁਕਾਨ ਖਾਲੀ ਪਈ ਹੈ, ਇਸ਼ਤਿਹਾਰਬਾਜ਼ੀ ਕਰ ਲਈ, ਪਬਲਿਕ ਇਕੱਠੀ ਕਰ ਲਈ, ਐਡਵਾਂਸ (ਪੇਸ਼ਗੀ) ਜਮ੍ਹਾਂ ਕਰਵਾ ਲਿਆ। ਸੌਦਾ ਕੋਈ ਨਹੀਂ, ਖਾਲੀ ਡੱਬੇ ਪੈਕ ਕਰਕੇ ਦੇ ਦਿਤੇ। ਘਰ ਜਾ ਕੇ ਖੋਲ੍ਹੇ ਤਾਂ ਸੌਦਾ ਕੋਈ ਨਹੀਂ। ਜਿਨ੍ਹਾਂ ਨੇ ਕਮਾਈ ਕੀਤੀ, ਘਾਲਨਾ ਘਾਲੀਆਂ, ਮਸ਼ਕਤਾਂ ਕੀਤੀਆਂ, ਉਨ੍ਹਾਂ ਦੇ ਇਕੋ ਬੋਲ ਨਾਲ ਕਿਤਨਿਆਂ ਦਾ ਉਧਾਰ ਹੋ ਗਿਆ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*

*ਪੰਨਾ - 8*

ਕਮਾਈ ਤੋਂ ਬਿਨਾਂ ਉਪਦੇਸ਼, ਕਥਾ, ਕੀਰਤਨ ਪ੍ਰਚਾਰ ਕੇਵਲ ਮਨੋਰੰਜਨ ਅਤੇ ਸਮਾਂ ਪਾਸ ਕਰਨ ਹੈ। ਸੁਣਾਉਣ ਵਾਲੇ ਨੂੰ ਧਨ ਤੇ ਜਸ ਦੀ ਲੋੜ ਹੈ, ਸੁਨਣ ਵਾਲਿਆਂ ਨੂੰ ਪ੍ਰਮਾਰਥ ਦੀ ਲੋੜ ਨਹੀਂ। ਹਾਂ ਸੁਨਣ ਵਾਲਿਆਂ (ਸਰੋਤਿਆਂ) ਵਿਚ ਸਾਰੇ ਬੇਲੋੜੇ ਵੀ ਨਹੀਂ; ਕੁਝ ਕੁ ਲੋੜਵੰਦ ਵੀ ਹੁੰਦੇ ਨੇ। ਉਨ੍ਹਾਂ ਨੂੰ ਕਸ਼ਿਸ਼ ਨਹੀਂ ਪੈਂਦੀ, ਉਨ੍ਹਾਂ ਦਾ ਘਰ ਪੂਰਾ ਨਹੀਂ ਹੁੰਦਾ। ਫੋਕੇ ਬਚਨ ਉਨ੍ਹਾਂ ਨੂੰ ਕਸ਼ਿਸ਼ (ਖਿੱਚ) ਨਹੀਂ ਕਰਦੇ। ਉਨ੍ਹਾਂ ਦੇ ਬੋਲ ਵਿਅਰਥ ਹੁੰਦੇ ਹਨ। ਉਨ੍ਹਾਂ ਦੇ ਬਚਨ ਇਸ ਤਰ੍ਹਾਂ ਹਨ ਜਿਵੇਂ ਹਵਾ ਦਾ ਝੌਕਾ ਆਇਆ ਤੇ ਚਲਾ ਗਿਆ -

*ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ॥*

*ਪੰਨਾ - 609*

ਕਮਾਈ ਵਾਲੇ ਗੁਰਸਿੱਖ, ਮਹਾਂਪੁਰਸ਼ਾਂ ਦਾ ਇਕੋ ਬਚਨ ਤਿੱਖੇ ਬਾਣ ਵੱਤ ਹੁੰਦਾ ਹੈ। ਲਗਦਿਆਂ ਹੀ ਘਾਇਲ (ਵੈਰਾਗਵਾਨ) ਹੋ ਜਾਂਦਾ ਹੈ-

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥*

*ਪੰਨਾ - 1374*

ਭੁਏਂ ਗਿਰ ਪਰਾ, ਨਿਰ-ਹੰਕਾਰ ਹੋ ਗਿਆ, ਖੁਦੀ ਖਤਮ ਹੋ ਗਈ। ਮਹਾਂਪੁਰਸ਼ ਅੰਦਰੋਂ ਬਾਹਰੋਂ ਇਕੋ ਜਿਹੇ ਹੁੰਦੇ ਹਨ। ਜੋ ਹਿਰਦੇ ਵਿਚ, ਓਹੋ ਬੋਲਾਂ ਵਿਚ; ਕਮਾਈ ਵਾਲੇ ਮਹਾਂਪੁਰਖਾਂ ਦਾ ਸੁਤੇ ਬੋਲਣਾ ਵੀ ਸਰੋਤੇ ਨੂੰ ਪ੍ਰਭਾਵਿਤ ਕਰਦਾ ਹੈ। ਕੇਵਲ ਗ੍ਰੰਥ ਗਿਆਨੀ ਦਾ ਬੋਲਣਾ ਪ੍ਰਭਾਵਿਤ ਨਹੀਂ ਕਰ ਸਕਦਾ।

ਬਿਨਾਂ ਰਗੜਿਆਂ ਮੋਟਾ ਸੁਰਮਾ ਨੇਤਰਾਂ ਵਿਚ ਪਾਇਆ ਜਾਵੇ ਤਾਂ ਫਾਇਦੇ ਦੀ ਬਜਾਏ ਰੜਕ ਪੈਦਾ ਕਰਕੇ ਲਾਲੀ ਤੇ ਜ਼ਖਮ ਪੈਦਾ ਕਰ ਛੱਡਦਾ ਹੈ। ਓਹੋ ਸੁਰਮਾ ਮਿਹਨਤ ਤੇ ਕਮਾਈ (ਰਗੜਾਈ ਰੂਪੀ ਅਭਿਆਸ) ਕਰਕੇ ਮੁਲਾਇਮ ਕੱਜਲ ਬਣਾ ਕੇ ਨੇਤਰਾਂ ਵਿਚ ਪਾਇਆ ਜਾਵੇ ਤਾਂ ਨੇਤਰਾਂ ਨੂੰ ਜੋਤੀ, ਤੰਦਰੁਸਤ ਦ੍ਰਿਸ਼ਟੀ ਦਿੰਦਾ ਹੈ, ਰੋਗ ਮੁਕਤ ਕਰਦਾ ਹੈ।

ਮਹਾਂਪੁਰਸ਼ ਆਪਣੇ ਮਨ ਰੂਪੀ ਸੁਰਮੇ ਨੂੰ ਸਾਧਨਾ ਦੀ ਪਿਸਾਈ ਕਰਕੇ ਸੂਖਸ਼ਮ (ਇਕਾਗਰਤਾ), ਮੁਲਾਇਮ (ਨਿਰ-ਹੰਕਾਰ), ਸ਼ੁਧ (ਵਿਸ਼ਿਆਂ-ਰਹਿਤ), ਵਿਆਪਕ (ਸਮਦਰਸੀ - ਅਸਰ ਪਜ਼ੀਰ) ਬਣਾ ਕੇ ਬਚਨ ਰੂਪੀ ਸਲਾਈ ਨਾਲ ਜਗਿਆਸੂ ਦੇ ਅੰਤਸ਼ਕਰਣ ਰੂਪੀ ਨੇਤਰਾਂ ਵਿਚ ਅੰਜਨ ਕਰਦੇ ਹਨ। ਫਲਸਰੂਪ ਜਗਿਆਸੂ ਦਾ ਦ੍ਵੈਤ ਰੂਪ ਮੋਤੀਆ ਬਿੰਦ, ਦੇਹ ਅਧਿਆਸ ਦੀ ਨਿਗਾਹ ਫਟਣੀ, ਭਰਮ ਰੂਪੀ ਰਤੌਂਧੀ, ਵਿਸ਼ੇ ਵਾਸ਼ਨਾ ਦਾ ਡਲਕਾ, ਆਸ਼ਾ ਤ੍ਰਿਸ਼ਨਾ ਦੇ ਪੜਵਾਲ, ਲੋਭ ਦੀ ਲਾਲੀ, ਈਰਖਾ ਦ੍ਵੇਸ਼ ਦੀ ਰੜਕ, ਸਭ ਠੀਕ ਹੋ ਜਾਂਦੇ ਹਨ। ਸੰਤੋਸ਼ ਦੀ ਸਫਾਈ ਤੇ ਚਮਕ ਪੈਦਾ ਹੋ ਜਾਂਦੀ ਹੈ। ਅਗਿਆਨ ਦਾ ਅੰਧਕਾਰ ਨਸ਼ਟ ਹੋ ਕੇ ਸ਼ਬਦ ਦੀ ਰੋਸ਼ਨੀ ਜਾਗ ਉਠਦੀ ਹੈ। ਮਨ ਪ੍ਰਕਾਸ਼ ਨਾਲ ਭਰ ਜਾਂਦਾ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

*ਪੰਨਾ - 293*

ਜਿਨ੍ਹਾਂ ਦੇ ਮਨ ਵਿਚ ਨਾਮ ਨਿਵਾਸ ਕਰਦਾ ਹੈ, ਉਨ੍ਹਾਂ ਦੇ ਪ੍ਰਾਣਾਂ (ਸ੍ਵਾਸਾਂ) ਵਿਚ ਵੀ ਵਿਆਪਕ ਹੋ ਜਾਂਦਾ ਹੈ। ਸ੍ਵਾਸ ਗ੍ਰਾਸ ਨਾਮ ਨਾਲ ਅਤੇ ਨਾਮ ਸ੍ਵਾਸਾਂ ਵਿਚ ਲੀਨ ਹੋ ਜਾਂਦਾ ਹੈ। (ਜੋ ਸ੍ਵਾਸ ਅੰਦਰ ਵੱਲ ਆਉਂਦਾ ਹੈ, ਉਸਨੂੰ ਗ੍ਰਾਸ ਅਤੇ ਬਾਹਰ ਨਿਕਲਦੇ ਸ੍ਵਾਸਾਂ ਨੂੰ ਸ੍ਵਾਸ ਕਹਿੰਦੇ ਹਨ। ਅੰਦਰ ਆਉਣ ਵਾਲਾ ਪ੍ਰਾਣ ਜੀਵਨ ਹੈ, ਬਾਹਰ ਜਾਣ ਵਾਲਾ ਪ੍ਰਾਣ ਮ੍ਰਿਤੂ ਹੈ। ਸ੍ਵਾਸਾਂ ਦਾ ਅੰਤਰ-ਬਾਹਰ ਆਉਣਾ ਜਾਣਾ ਜੀਵਨ ਤੇ ਮ੍ਰਿਤੂ ਦਾ ਖੇਲ੍ਹ ਹੈ। ਬਾਹਰ ਗਏ ਸ੍ਵਾਸਾਂ ਦੇ ਵਾਪਿਸ ਆਉਣ ਦੀ ਕੋਈ ਗਰੰਟੀ ਨਹੀਂ; ਆਵੇ ਜਾਂ ਨਾ ਆਵੇ -

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥*
*ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥*

*ਪੰਨਾ - 660*

ਜਿਸ ਤੇ ਸੰਤ, ਗੁਰੂ, ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਂਦੀ ਹੈ, ਉਨ੍ਹਾਂ ਦੇ ਪ੍ਰਾਣਾਂ ਵਿਚ ਨਾਮ ਰਚ ਜਾਂਦਾ ਹੈ ਭਾਵ ਸ੍ਵਾਸਾਂ ਤੇ ਨਾਮ ਦੀ ਸਵਾਰੀ ਹੋ ਜਾਂਦੀ ਹੈ। ਉਠਦੇ, ਬੈਠਦੇ, ਤੁਰਦੇ, ਫਿਰਦੇ, ਜਾਗਦੇ, ਸੌਂਦੇ ਆਪਣੇ ਆਪ, ਬਿਨਾਂ ਜਤਨ ਦੇ ਸਿਮਰਨ ਚਲਦਾ (ਹੁੰਦਾ) ਰਹਿੰਦਾ ਹੈ।

*ਊਠਤ ਬੈਠਤ ਸੋਵਤ ਨਾਮ॥*
*ਕਹੁ ਨਾਨਕ ਜਨ ਕੈ ਸਦ ਕਾਮ॥* *ਪੰਨਾ - 286*

ਸੁਪਨੇ ਬੰਦ ਹੋ ਜਾਂਦੇ ਹਨ, ਨੀਂਦ ਦੀ ਤਰ੍ਹਾਂ ਨੀਂਦ ਆਉਂਦੀ ਹੈ ਲੇਕਿਨ ਸੁਪਨਾ ਨਹੀਂ ਆਉਂਦਾ। ਜੋ ਸਤਿਗੁਰ ਨੂੰ ਭਾਵੇ, ਉਹ ਫਿਲਮ ਚਲਦੀ ਹੈ। ਉਹ ਅਲੌਕਿਕ ਫਿਲਮ ਲੜੀਵਾਰ ਚਲਦੀ ਹੈ। ਰੱਬੀ ਨਜ਼ਾਰੇ ਅਤੇ ਦਿਬਜ ਦਰਸ਼ਨ ਹੁੰਦੇ ਹਨ। ਕਦੀ ਭੂਤ ਭਵਿਸ਼ ਦਾ ਨਜ਼ਾਰਾ ਵੀ ਹੋ ਜਾਂਦਾ ਹੈ। ਹਰ ਕਿਸੇ ਨੂੰ ਇਕੋ ਘਟਨਾ ਨਹੀਂ ਘਟਦੀ। ਆਪਣੀ-ਆਪਣੀ ਅਵਸਥਾ ਮੁਤਾਬਿਕ ਵਾਪਰਦਾ ਹੈ। ਕਿਸੇ ਨੂੰ ਸ਼ਬਦ ਤੋਂ ਬਿਨਾਂ ਕੁਝ ਵੀ ਨਹੀਂ ਭਾਸਦਾ। ਇਹ ਇਕ ਨਿਰਵਿਕਲਪ ਸਮਾਧੀ ਦਾ ਰੂਪ ਹੈ।

ਸੁਰਤੀਵਾਨ ਨਾਮ ਅਭਿਆਸੀ ਦੇ ਸੁਪਨੇ ਅਸੱਤਿ ਨਹੀਂ ਹੁੰਦੇ, ਸਤਜ ਤੇ ਯਥਾਰਥ ਜਾਂ ਅਲੌਕਿਕ (ਕਿਸੇ ਹੋਰ ਲੋਕ ਦੇ) ਹੁੰਦੇ ਹਨ। ਮਹਾਰਾਜ ਦੀ ਇੱਛਾ ਹੋਵੇ ਤਾਂ ਵਰਤਮਾਨ ਕਾਲ ਵੀ ਨਜ਼ਰੀਂ ਆਵੇ, ਯਥਾਰਥ ਘਟਨਾ, ਦ੍ਰਿਸ਼ਟੀਗੋਚਰ ਹੋ ਜਾਵੇ, ਭਵਿਸ਼ਕਾਲ ਦੀ ਵਾਪਰਨ ਵਾਲੀ ਘਟਨਾ ਦਿਖਾਈ ਦੇ ਜਾਵੇ। ਉਨ੍ਹਾਂ ਨੂੰ ਖੁਦ ਇੱਛਾ ਨਹੀਂ ਫੁਰਦੀ, ਹੁਕਮ ਵਿਚ ਰਜ਼ਾ ਵਿਚ ਰਹਿੰਦੇ ਹਨ।

ਜਿਸ ਦਾ ਨਾਮ ਸੁਆਸਾਂ ਵਿਚ ਪ੍ਰਗਟੇਗਾ, ਉਹ ਧਿਆਨ ਅਵਸਥਾ ਨੂੰ ਪ੍ਰਾਪਤ ਹੋਵੇਗਾ ਭਾਵ ਸਮਾਧੀ ਲੱਗੇਗੀ। ਉਸਦੀ ਨੀਂਦ ਭੀ ਸਮਾਧਿ ਹੋਵੇਗੀ। ਉਨ੍ਹਾਂ ਦਾ ਜਾਗਣਾ ਸੌਣਾ ਬਰਾਬਰ ਹੈ। ਜਿਸਦਾ ਸ਼ਬਦ ਜਾਗੇਗਾ, ਉਸਦਾ ਧਿਆਨ ਜੁੜੇਗਾ; ਜਿਸਦਾ ਧਿਆਨ ਜੁੜੇਗਾ (ਮਨ ਇਕਾਗਰ ਹੋਵੇਗਾ), ਉਸਦਾ ਸ਼ਬਦ ਜਾਗੇਗਾ। ਦੋਏ ਅਵਸਥਾ ਇਕ ਸਾਥ ਘਟਣਗੀਆਂ। ਜੇ ਧਿਆਨ ਨਹੀਂ ਜੁੜੇਗਾ ਤਾਂ ਨਾਮ ਵੀ ਨਹੀਂ ਚਲੇਗਾ; ਜੇ ਨਾਮ ਨਹੀਂ ਚਲੇਗਾ ਤਾਂ ਮਨ ਵੀ ਨਹੀਂ ਜੁੜੇਗਾ। ਇਕ ਵਾਰ ਪ੍ਰਗਟ ਹੋ ਜਾਵੇ, ਫਿਰ ਛੋੜ ਕੇ ਨਹੀਂ ਜਾਂਦਾ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਪੰਨਾ - 319*

ਨਾਮ ਦਾ ਸੁਆਸ-ਸੁਆਸ ਸਿਮਰਨ ਬੜੀ ਵੱਡੀ ਉਪਲਬਧੀ ਹੈ। ਫਿਰ ਇਸਨੂੰ ਨਾਮ ਨਹੀਂ ਜਪਣਾ ਪੈਂਦਾ ਸਗੋਂ ਨਾਮ ਇਸਨੂੰ ਜਪਦਾ ਹੈ। ਨਾਮ ਇਕ ਧੁਨ ਬਣ ਜਾਂਦੀ ਹੈ, ਅੰਦਰ ਗੂੰਜਣ ਲਗ ਜਾਂਦੀ ਹੈ। ਤੁਸੀਂ ਸੁਣਦੇ ਹੋ, ਜਪਦੇ ਨਹੀਂ। ਜਪਣਾ ਨਹੀਂ ਪੈਂਦਾ, ਕੇਵਲ ਸੁਣਦਾ ਹੈ। ਨਿਰੰਤਰ ਸੁਣਦਾ ਹੈ, ਲਗਾਤਾਰ ਸੁਣਦਾ ਹੈ। ਗੁਫਾ ਦੀ ਲੋੜ ਬੰਦ, ਖੜਕਾ ਡਿਸਟਰਬ ਕਰਨੋਂ ਹਟ ਜਾਂਦਾ ਹੈ। ਰੌਲਾ-ਰੱਪਾ, ਵਿਘਨ ਪਾਉਣ ਤੋਂ ਅਸਮਰਥ ਹੋ ਜਾਂਦਾ ਹੈ। ਕਿਸੇ ਖਾਸ ਸਿਧ ਆਸਣ, ਸਹਿਜ ਆਸਣ, ਪਦਮ-ਆਸਣ ਦੀ ਲੋੜ ਨਹੀਂ ਰਹਿੰਦੀ, ਕੋਈ ਮੁਹਤਾਜੀ ਨਹੀਂ ਰਹਿੰਦੀ; ਬੈਠਣਾ ਲੇਟਣਾ ਕੋਈ ਫਰਕ ਨਹੀਂ। ਮੇਰੂਡੰਡ ਸਿਧਾ ਜਾਂ ਵਿੰਗਾ ਰੱਖਣ ਨਾਲ ਕੋਈ ਰੁਕਾਵਟ ਨਹੀਂ। ਤੁਸੀਂ ਕਿਸੇ ਨਾਲ ਬੋਲਦੇ ਹੋ, ਵਾਰਤਾਲਾਪ ਕਰਦੇ ਹੋ, ਬਚਨ ਕਰਦੇ ਹੋ, ਪੜ੍ਹਦੇ ਹੋ, ਪਾਠ ਕਰਦੇ ਹੋ। (ਜਦੋਂ ਸਾਧਕ ਪਹਿਲਾਂ ਪਹਿਲਾਂ ਨਾਮ ਜਪਦਾ ਸੀ ਜੋ ਕਿ ਅਪ੍ਰਗਟ ਸੀ ਤਾਂ ਪਾਠ ਕਰੇ ਤਾਂ ਨਾਮ ਬੰਦ, ਨਾਮ ਸਿਮਰੇ ਤਾਂ ਪਾਠ ਬੰਦ ਹੋ ਜਾਂਦਾ ਸੀ।) ਬਾਣੀ ਪੜ੍ਹਦੇ ਹੋ, ਲਿਖਦੇ ਹੋ, ਵਿਚਾਰਦੇ ਹੋ, ਸਵਾਲਾਂ ਦਾ ਜਵਾਬ ਦਿੰਦੇ ਹੋ, ਹਿਸਾਬ ਲਗਾਂਦੇ ਹੋ, ਨਾਮ ਦੀ ਧੁਨਿ ਬਾ-ਦਸਤੂਰ (ਲਗਾਤਾਰ) ਗੂੰਜਦੀ ਹੈ; ਡਿਸਟਰਬ ਨਹੀਂ ਹੁੰਦੀ।

ਅਪੂਰਣ ਸਾਧਕ ਦਰਗਾਹੀ ਹੁਕਮ ਮਿਲੇ ਤੋਂ ਬਗੈਰ (ਉਪਰਲੀ ਮਨਜ਼ੂਰੀ ਮਿਲੇ ਬਿਨਾ) ਸਿੱਖ ਸੇਵਕਾਂ ਦੇ ਫੁਰਨੇ ਪੂਰੇ ਕਰਨ ਲਗ ਜਾਵੇ, ਮਾਨ ਪ੍ਰਤਿਸ਼ਟਾ ਵਿਚ ਫਸ ਕੇ ਵਰਦਾਨ ਵੰਡਣ ਲਗ ਜਾਵੇ, ਅਰਦਾਸ ਬਖਸ਼ਣ ਲਗ ਜਾਵੇ ਤਾਂ ਹੁਕਮ ਅਦੂਲੀ ਦਾ ਦੋਸ਼ੀ ਬਣ ਜਾਂਦਾ ਹੈ ਅਤੇ ਜੋਤਿ ਬੁਝ ਜਾਂਦੀ ਹੈ, ਧੁਨਿ ਮੱਧਮ ਹੋ ਕੇ ਚੁੱਪ ਹੋ ਜਾਂਦੀ ਹੈ, ਸਸਪੈਂਡ (ਮੁਅਤਲ) ਹੋ ਜਾਂਦਾ ਹੈ। ਰੋਣਾ ਪੈਂਦਾ ਹੈ, ਝੋਰਾ ਲਗ ਜਾਂਦਾ ਹੈ, ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਪੂਰਨ ਪੁਰਸ਼ ਹੁਕਮ ਵਿਚ ਰਹਿੰਦਾ ਹੈ, ਇਸ ਲਈ ਧੋਖਾ ਨਹੀਂ ਖਾਂਦਾ। ਅਜਰ ਵਸਤੂ ਨੂੰ ਜਰਨਾ ਕਠਿਨ ਹੈ। ਜੋ ਜਗਤ ਵਡਿਆਈ ਨੂੰ ਲੰਘ ਜਾਵੇ, ਉਹ ਉਪਰ ਸਿੰਘਾਸਨ ਤੇ ਪਹੁੰਚ ਜਾਂਦਾ ਹੈ -

*ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥*
*ਪੰਨਾ - 969*

*ਅਜਰੁ ਜਰੈ ਸੁ ਨਿਝਰੁ ਝਰੈ॥*
*ਜਗੰਨਾਥ ਸਿਉ ਗੋਸਟਿ ਕਰੈ॥ ਪੰਨਾ - 974*

ਜੋ ਸਾਧਕ ਹਰ ਪਾਸੇ ਤੋਂ ਬ੍ਰਿਤਿ ਸੰਕੋਚ ਕੇ ਨਿਰੰਤਰ ਨਾਮ ਅਭਿਆਸ ਵਿਚ ਲਗੇ ਰਹਿੰਦੇ ਹਨ, ਆਖਿਰ ਏਕ ਅਵਸਥਾ ਆਉਂਦੀ ਹੈ ਕਿ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਪੰਨਾ - 941*

ਰੋਮ ਰੋਮ ਵਿੱਚੋਂ ਨਾਮ (ਸ਼ਬਦ) ਦੀ ਧੁਨਿ ਆਉਣ ਲਗ ਜਾਂਦੀ ਹੈ। ਦਿਲ ਤੇ ਨਬਜ਼ ਦੀ ਧੜਕਣ ਨਾਲ ਕੰਨ ਲਾਕੇ ਸੁਣੋ ਤਾਂ ਨਾਮ ਦੀ ਅਵਾਜ਼ ਸੁਣਾਈ ਦਿੰਦੀ ਹੈ। ਉਨ੍ਹਾਂ ਮਹਾਂਪੁਰਸ਼ਾਂ ਨੂੰ ਹਰ ਵਸਤੂ ਖੜਕੇ 'ਚੋਂ, ਜਾਨਵਰਾਂ ਦੇ ਬੋਲਾਂ, ਪੰਛੀਆਂ ਦੀ ਚਹਿਕ ਵਿੱਚੋਂ ਨਾਮ ਦੀ ਗੂੰਜ ਸੁਣਾਈ ਦਿੰਦੀ ਹੈ। ਜਿੱਥੇ ਜਿੱਥੇ ਨਜ਼ਰ ਜਾਂਦੀ ਹੈ, ਅਪਣਾ ਧੇਅ ਨਜ਼ਰ ਆਉਂਦਾ ਹੈ। ਐਸੇ ਮਹਾਂਪੁਰਸ਼ ਹਨ, ਪਰ ਥੋੜੇ -

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥*
*ਪੰਨਾ - 1411*

ਐਸੇ ਮਹਾਂਪੁਰਸ਼ਾਂ ਦਾ ਦਰਸ਼ਨ ਦੁਰਲਭ ਹੈ। ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ -

*ਸੰਤ ਕਾ ਸੰਗੁ ਵਡਭਾਗੀ ਪਾਈਐ॥ ਪੰਨਾ - 265*

(ਸੰਤ ਸਮਾਗਮ ਰਤਵਾੜਾ ਸਾਹਿਬ) ਉਨ੍ਹਾਂ ਦੀ ਨਜ਼ਰ ਵਿੱਚ (ਪੁਤਲੀ ਵਿੱਚ) ਗੁਰੂ ਦਾ ਸਰੂਪ ਬਿਰਾਜਮਾਨ ਰਹਿੰਦਾ ਹੈ -

*ਦਿਲ ਅਗਰ ਦਾਨਾ ਬਵਦ, ਅੰਦਰ ਕਿਨਾਰਸ਼ ਯਾਰ ਹਸਤ॥*
*ਚਸ਼ਮ ਗਰ ਬੀਨਾ ਬਵਦ, ਦਰ ਹਰ ਤਰਫ਼ ਦੀਦਾਰ ਹਸਤ॥*

*ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥*

*ਪੰਨਾ - 1377*

ਓਦੋਂ ਜਦੋਂ ਨੇਤ੍ਰ ਖੋਲ੍ਹਕੇ ਰਖਦੇ ਹਨ ਤਾਂ ਬਾਹਰ ਉਸੇ ਨੂੰ ਵੇਖਦੇ ਹਨ, ਜਦੋਂ ਨੇਤਰ ਬੰਦ ਕਰਦੇ ਹਨ ਤਾਂ ਅੰਦਰ clear (ਸਪਸ਼ਟ) ਵੇਖਦੇ ਹਨ। ਪ੍ਰਾਣਾਯਾਮ ਨਾਲ (ਹੱਠ ਯੋਗ ਨਾਲ) ਇਹ ਅਵਸਥਾ ਹਾਸਲ ਨਹੀਂ ਹੁੰਦੀ, ਉਸਨੂੰ ਕੇਵਲ ਸਮਾਧੀ ਦੇ ਸਮੇਂ ਹੀ ਇਕਾਗਰਤਾ ਮਿਲਦੀ ਹੈ। ਸਮਾਧੀ ਟੁੱਟੇ ਤੇ ਓਹੀ ਅਵਸਥਾ ਬਦਲ ਜਾਂਦੀ ਹੈ।

ਸਹਿਜ ਨਾਮੁ ਅਭਿਆਸੀ ਨਿਰੰਤਰ ਇਕ ਰਸ ਨਾਮ ਵਿੱਚ

ਗੜੂੰਦ ਰਹਿੰਦਾ ਹੈ। ਨਾਮ ਸਿਮਰਨ ਵਾਲੇ ਦੇ ਮਨ ਵਿੱਚ ਭਗਤੀ ਭਾਵਨਾ, ਗੁਰੂ ਪ੍ਰੇਮ (ਸ਼ਰਧਾ) ਹੋਣ ਕਰਕੇ ਨੇਤਰਾਂ ਦੀ ਪੁਤਲੀ ਵਿਚ ਗੁਰੂ ਸਰੂਪ ਬਿਰਾਜਮਾਨ ਹੁੰਦਾ ਹੈ। ਉਨ੍ਹਾਂ ਨੂੰ ਹਰ ਤਰਫ ਹਰ ਪਾਸੇ ਗੁਰੂ ਹੀ ਗੁਰੂ ਦ੍ਰਿਸ਼ਟੀ ਪੈਂਦਾ ਹੈ। ਭਾਈ ਘਨਈਆ ਕਹਿੰਦੇ ਹਨ ਕਿ ਮੈਨੂੰ ਤਾਂ ਤੇਰਾ ਹੀ ਮੁੱਖ ਦ੍ਰਿਸ਼ਟੀ ਆਉਂਦਾ ਹੈ-

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥* ਪੰਨਾ - 922

ਉਨ੍ਹਾਂ ਦੀ ਰਸਨਾ ਵੀ ਵਿਲਕਸ਼ਨ ਸ਼ਕਤੀ ਦੀ ਮਾਲਿਕ ਹੁੰਦੀ ਹੈ-

*ਜਿਉ ਬੋਲਣ ਤਿਵੈ ਸੋਹੰਨਿ॥*

ਉਹ ਜੋ ਬੋਲਦੇ ਹਨ, ਸਤਿ ਬੋਲਦੇ ਹਨ। ਜੋ ਬੋਲਦੇ ਹਨ, ਉਹ ਸਤਿ ਹੋ ਜਾਂਦਾ ਹੈ। ਉਨ੍ਹਾਂ ਦੀ ਰਸਨਾ 'ਚੋਂ ਕਦੀ ਗਲਤ ਜਾਂ ਝੂਠ ਨਹੀਂ ਨਿਕਲਦਾ। ਉਨ੍ਹਾਂ ਦੀ ਰਸਨਾ 'ਚੋਂ ਨਿਕਲਿਆ ਬੋਲ ਪੂਰਾ ਹੋ ਜਾਂਦਾ ਹੈ। ਉਨ੍ਹਾਂ ਦਾ ਬੋਲ ਪ੍ਰਮਾਤਮਾ ਦਾ ਬੋਲ ਹੈ। ਉਨ੍ਹਾਂ ਦੀ ਰਸਨਾ ਤੇ ਪ੍ਰਮਾਤਮਾ ਦਾ ਵਾਸ ਹੈ, ਦਿਲ ਵਿਚ ਪ੍ਰਮਾਤਮਾ ਦਾ ਵਾਸ ਹੈ, ਨੇਤਰਾਂ ਵਿਚ ਪ੍ਰਮਾਤਮਾ ਦਾ ਵਾਸ ਹੈ -

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥* ਪੰਨਾ - 263

ਬਿਨਾ ਕਮਾਈ ਤੋਂ ਸਿਖਿਆ ਦੇਣੀ ਕੋਈ ਲਾਭ ਨਹੀਂ ਕਰਦੀ, ਅਸਰ ਨਹੀਂ ਹੁੰਦਾ। ਜਿਨ੍ਹਾਂ ਦੇ ਹਿਰਦੇ ਵਿਚ ਨਿਰੰਕਾਰ ਪ੍ਰਭੂ ਦਾ ਵਾਸ ਹੋ ਗਿਆ ਹੈ, ਉਨ੍ਹਾਂ ਦੇ ਬਚਨ ਅਮੋਘ ਹਨ -

*ਅਵਰ ਉਪਦੇਸੈ ਆਪਿ ਨ ਕਰੈ॥*
*ਆਵਤ ਜਾਵਤ ਜਨਮੈ ਮਰੈ॥*
*ਜਿਸਕੈ ਅੰਤਰਿ ਬਸੈ ਨਿਰੰਕਾਰੁ॥*
*ਤਿਸ ਕੀ ਸੀਖ ਤਰੈ ਸੰਸਾਰੁ॥* ਪੰਨਾ - 269

ਇਕ ਨਗਰ ਵਿਚ ਇਕ ਮਹਾਤਮਾ ਪਧਾਰੇ। ਇਕ ਬ੍ਰਿਛ ਦੀ ਸੰਘਣੀ ਛਾਂ ਅਤੇ ਨਿਕਟ ਵਗਦਾ ਜਲ ਵੇਖਕੇ ਆਸਣ ਲਾਇਆ ਅਤੇ ਅਪਣੇ ਪ੍ਰਭੂ ਦੀ ਯਾਦ ਵਿਚ ਲੀਨ ਹੋ ਗਏ। ਪ੍ਰਭੂ ਦੇ ਰੰਗ ਵਿੱਚ ਰੱਤੇ ਧਿਆਨ ਮਗਨ ਹੋਏ ਬੈਠੇ ਸਨ। ਕੁਝ ਜਗਿਆਸੂ ਪ੍ਰੇਮੀ ਦਰਸ਼ਨ ਕਰਕੇ ਬੈਠ ਗਏ। ਸੰਤ ਧਿਆਨ ਤੋਂ ਜਾਗੇ ਤਾਂ ਪ੍ਰੇਮੀ ਜਨਾਂ ਨੇ ਮਹਾਂਪੁਰਸਾਂ ਨੂੰ ਜਲ ਪਾਨ ਛਕਾਇਆ ਤੇ ਬਚਨ ਬਿਲਾਸ ਹੋਏ। ਸੇਵਕ ਅਨਮੋਲ ਬਚਨ ਸੁਣਕੇ ਨਿਹਾਲ ਹੋਏ। ਸੰਤਾਂ ਨੇ ਕੁਝ ਛੱਡਣ ਅਤੇ ਕੁਝ ਗ੍ਰਹਿਣ ਕਰਨ ਨੂੰ ਕਿਹਾ ਤਾਂ ਸ਼ਰਧਾਲੂ ਅਤਿ ਪ੍ਰਭਾਵਿਤ ਹੋਏ ਤੇ ਸਤਿ ਬਚਨ ਮੰਨਿਆ। ਸੰਤਾਂ ਦਾ ਜਸ ਗਾਉਂਦੇ ਘਰ ਨੂੰ ਗਏ।

ਫੇਰ ਬੇਅੰਤ ਸੰਗਤਾਂ ਆਉਣ ਲਗੀਆਂ। ਸੰਤ ਜਿਸ ਨੂੰ ਸ਼ਰਾਬ ਛੱਡਣ ਨੂੰ ਕਹਿਣ, ਓਹੋ ਛੱਡ ਦੇਣ; ਜਿਸਨੂੰ ਗੁੱਸਾ ਕਰਨ ਤੋਂ ਹਟਾਉਣ, ਓਹੋ ਸ਼ੀਲ ਬ੍ਰਿਤਿ ਬਣ ਜਾਵੇ; ਜਿਸਨੂੰ ਨਿੰਦਿਆ ਕਰਨ ਤੋਂ ਬਰਜਣ, ਉਹ ਨਿੰਦਾ ਕਰਨੀ ਛੱਡ ਦੇਵੇ। ਏਥੋਂ ਤੱਕ ਕਿ ਕਿਸੇ ਨੂੰ ਕੁਝ ਵੀ ਕਹਿ ਦੇਣ, ਉਹ ਓਹੀ ਸਭ ਮੰਨ ਜਾਵੇ।

ਧੀਰੇ ਧੀਰੇ ਮਹਾਂਪੁਰਖਾਂ ਦੀ ਬਹੁਤ ਪ੍ਰਸਿਧੀ ਹੋ ਗਈ ਕਿ ਸੰਤ ਕਿਸੇ ਨੂੰ ਵੀ ਕੋਈ ਬਚਨ ਕਰ ਦੇਣ, ਉਹ ਮੋੜ ਨਹੀਂ ਸਕਦਾ, ਉਸਨੂੰ ਮੰਨਣਾ ਪੈਂਦਾ ਹੈ। ਹਰ ਜ਼ਬਾਨ ਤੇ ਸੰਤਾਂ ਦਾ ਚਰਚਾ ਹੋ ਗਿਆ। ਹਜ਼ਾਰਾਂ ਲੋਕਾਂ ਨੇ ਮਾਸ ਸ਼ਰਾਬ ਛੱਡ ਦਿੱਤਾ। ਨਿੰਦਾ, ਚੁਗਲੀ, ਲੜਾਈ-ਝਗੜਾ ਤਿਆਗ ਦਿੱਤਾ। ਚੋਰੀ ਜਾਰੀ, ਗੁੰਡਾ ਗਰਦੀ ਛੱਡ ਕੇ ਨਾਮ ਬਾਣੀ, ਸੇਵਾ ਦੇ ਧਾਰਣੀ ਹੋ ਗਏ।

ਇਕ ਮਾਤਾ ਨੇ ਵੀ ਸੰਤਾਂ ਦਾ ਜਸ ਸੁਣਿਆ ਕਿ ਬਾਬਾ ਜੀ ਕਿਸੇ ਦਾ ਐਬ ਛੁਡਾਉਣ ਲਈ ਕੇਵਲ ਇਕ ਬਾਰ ਕਹਿ ਦੇਣ ਤਾਂ ਉਹ ਤੁਰੰਤ ਸਤਿ ਬਚਨ ਮੰਨ ਲੈਂਦਾ ਹੈ। ਮਾਈ ਦਾ ਇਕ ਲਾਡਲਾ ਪੁੱਤ੍ਰ ਸੀ, ਉਹ ਗੁੜ ਬਹੁਤ ਖਾਂਦਾ ਸੀ। ਇਸ ਕਾਰਣ ਉਸਨੂੰ ਫੋੜੇ ਬਹੁਤ ਨਿਕਲਦੇ ਸਨ। ਵੈਦ, ਡਾਕਟਰਾਂ ਨੇ ਦਵਾਈ ਦੇ ਕੇ ਕਹਿਣਾ ਕਿ ਗੁੜ ਖਾਣਾ ਛੱਡੇ ਤਾਂ ਫੋੜੇ ਹਟਣਗੇ। ਬੱਚਾ ਕਿਸੇ ਦੇ ਕਹਿਣ ਤੇ ਗੁੜ ਨਹੀਂ ਛਡਦਾ ਸੀ - ਰੁਦਨ ਕਰੇ, ਰੋਟੀ ਛੱਡ ਦੇਵੇ ਪਰ ਗੁੜ ਨਹੀਂ ਛਡਦਾ ਸੀ। ਮਾਤਾ ਜੀ ਬੱਚੇ ਨੂੰ ਲੈਕੇ ਮਹਾਂਪੁਰਸ਼ਾਂ ਪਾਸ ਆਈ ਅਤੇ ਬੇਨਤੀ ਕੀਤੀ ਕਿ ਮਹਾਰਾਜ! ਕਾਕਾ ਫੋੜਿਆਂ ਨਾਲ ਤੰਗ ਹੈ ਪਰ ਗੁੜ ਖਾਣੋਂ ਨਹੀਂ ਹਟਦਾ। ਆਪ ਦਾ ਬਚਨ ਸਤਿ ਹੈ, ਬੱਚੇ ਨੂੰ ਗੁੜ ਖਾਣ ਦੀ ਮਨਾਹੀ ਕਰੋ ਜੀ, ਤੁਹਾਡੀ ਬੜੀ ਕਿਰਪਾ ਹੋਵੇਗੀ।

ਬਾਬਾ ਜੀ ਸੁਣਕੇ ਚੁੱਪ ਹੋ ਗਏ। ਥੋੜੀ ਦੇਰ ਬਾਦ ਬੋਲੇ, "ਮਾਤਾ, ਅਗਲੇ ਐਤਵਾਰ ਆਵੀਂ, ਫੇਰ ਬਚਨ ਕਰਾਂਗੇ।" ਮਾਤਾ ਬੜੀ ਨਿਰਾਸ ਹੋਈ ਅਤੇ ਸੋਚਨ ਲਗੀ, "ਮੈਨੂੰ ਹਫਤੇ ਦੀ ਤਰੀਕ ਕਿਉਂ ਪਾਈ, ਹੋਰ ਤਾਂ ਕਿਸੇ ਨੂੰ ਤਰੀਕ ਨਹੀਂ ਦਿਤੀ।" ਕੋਲ ਰਹਿਣ ਵਾਲੇ ਸਤ ਸੰਗੀ ਵੀ ਹੈਰਾਨ ਹੋਏ ਕਿ ਬਾਬਾ ਜੀ ਨੇ ਅੱਜ ਤੱਕ ਕਿਸੇ ਨੂੰ ਵੀ ਅਰਸਾ ਨਹੀਂ ਦਿਤਾ ਸੀ; ਮਾਤਾ ਨੂੰ ਇਕ ਹਫਤੇ ਨੂੰ ਆਉਣ ਲਈਂ ਕਿਉਂ ਆਖਿਆ। ਵੇਖੀਏ ਇੱਕ ਹਫਤੇ ਨੂੰ ਕੀ ਖਾਸ ਬਾਤ ਹੋਵੇਗੀ, ਜੋ ਬਾਬਾ ਜੀ ਅੱਜ ਹੀ ਨਹੀਂ ਕਹਿ ਸਕੇ। ਜਗਿਆਸੂ ਕੌਤੂਹਲ ਵੱਸ ਅਗਲੇ ਐਤਵਾਰ ਹਾਜ਼ਰ ਹੋਏ ਅਤੇ ਮਾਤਾ ਵੀ ਬੱਚੇ ਨੂੰ ਲੈ ਕੇ ਹਾਜ਼ਰ ਹੋਈ। ਬੱਚੇ ਨੂੰ ਮੱਥਾ ਟਿਕਾਯਾ ਤੇ ਬੇਨਤੀ ਕੀਤੀ, "ਬਾਬਾ ਜੀ ਮੈਂ ਹਾਜ਼ਰ ਹੋ ਗਈ ਹਾਂ, ਬੱਚਾ ਵੀ ਲੈ ਆਂਦਾ ਹੈ। ਬਾਬਾ ਜੀ ਬੋਲੇ, "ਅੱਛਾ ਮਾਤਾ।" ਫੇਰ ਬੱਚੇ ਵੱਲ ਤੱਕ ਕੇ ਮੁਸਕਰਾਏ ਅਤੇ ਦੋਇ ਬਾਂਹਵਾਂ ਅੱਗੇ ਵਧਾ ਕੇ ਬੱਚੇ ਨੂੰ ਗੋਦੀ ਵਿੱਚ ਬਿਠਾ ਲਿਆ। ਸਿਰ ਤੇ ਸਨੇਹ ਭਰਿਆ ਹੱਥ ਫੇਰਿਆ ਤੇ ਬਚਨ ਕੀਤਾ, "ਬੇਟਾ ਅੱਜ ਤੋਂ ਬਾਦ ਕਦੀ ਗੁੜ ਨਾ ਖਾਵੀਂ।" ਬੱਚਾ ਬੋਲਿਆ, "ਬਾਬਾ ਜੀ ਸਤਿ ਬਚਨ, ਅੱਜ ਤੋਂ ਕਦੀ ਗੁੜ ਨਹੀਂ ਖਾਵਾਂਗਾ। (ਸੱਚੀਂ ਬੱਚੇ ਨੇ ਫੇਰ ਕਦੀ ਗੁੜ ਨਹੀਂ ਖਾਧਾ।)

ਕੋਲ ਬੈਠੇ ਸ਼ਰਧਾਲੂ ਬੜੇ ਹੈਰਾਨ ਹੋਏ, ਪੁੱਛਣ ਲਗੇ, "ਬਾਬਾ ਜੀ! ਇਹ ਕੰਮ ਤਾਂ ਤੁਸੀਂ ਉਸ ਦਿਨ ਵੀ ਕਰ ਸਕਦੇ ਸੋ। ਬੱਚੇ ਨੂੰ ਗੋਦ ਲੈ ਕੇ ਸਿਰ ਤੇ ਹੱਥ ਫੇਰ ਦਿੰਦੇ ਤੇ ਗੁੜ ਖਾਣ ਦੀ ਮਨਾਹੀ ਕਰ ਦਿੰਦੇ। ਸੱਤਾਂ ਦਿਨਾਂ ਦੀ ਤਰੀਕ ਪਾਕੇ ਕਹਿਣ ਦਾ ਕੀ ਕਾਰਣ ਸੀ; ਇਸਦਾ ਮਤਲਬ ਸਮਝਾਵੋ।" ਬਾਬਾ ਜੀ ਬੋਲੇ, "ਗੁਰਮੁਖੋ! ਜੇ ਮੈਂ ਉਸੇ ਦਿਨ ਬੱਚੇ ਨੂੰ ਗੁੜ ਖਾਣ ਤੋਂ ਮਨ੍ਹਾ ਕਰਦਾ ਤਾਂ ਬੱਚੇ ਨੇ ਗੁੜ ਛਡਣਾ ਨਹੀਂ ਸੀ, ਉਸਨੇ ਸਾਡਾ ਬਚਨ ਨਹੀਂ ਸੀ ਮੰਨਣਾ ਕਿਉਂਕਿ ਉਸ ਤੋਂ ਪਹਿਲਾਂ ਅਸੀਂ ਖੁਦ ਭੋਜਨ ਮਗਰੋਂ ਰੋਜ਼ ਗੁੜ ਖਾਂਦੇ ਸਾਂ। ਅਸੀਂ ਉਸ ਦਿਨ ਤੋਂ ਗੁੜ ਖਾਣਾ ਛੱਡ ਕੇ ਪ੍ਰਣ ਕਰ ਲਿਆ ਹੈ ਕਿ ਕਦੀ ਗੁੜ ਨਹੀਂ ਖਾਵਾਂਗੇ। ਸੱਤਾਂ ਦਿਨਾਂ ਦੇ ਸੰਜਮ ਨੇਮ ਨਾਲ ਸਾਡੀ ਜ਼ਬਾਨ ਵਿਚ ਸ਼ਕਤੀ ਪੈਦਾ ਹੋ ਗਈ ਹੈ। ਹੁਣ ਅਸੀਂ ਜਿਸਨੂੰ ਵੀ ਗੁੜ ਖਾਣੋਂ ਮਨ੍ਹਾਂ ਕਰਾਂਗੇ, ਉਹ ਤੁਰੰਤ ਸਤਿ ਬਚਨ ਕਹੇਗਾ ਅਤੇ ਗੁੜ ਖਾਣੋਂ ਹਟ ਜਾਵੇਗਾ।

ਜੇਕਰ ਮੈਂ ਆਪ ਗੁੜ ਖਾਣੋਂ ਨਾ ਹਟਦਾ ਤਾਂ ਮੇਰੇ ਕਹੇ ਕੋਈ ਵੀ ਨਾ ਹਟਦਾ। ਕਮਾਈ ਵਾਲੇ ਮਹਾਂਪੁਰਸ਼ਾਂ ਦੇ ਬਚਨ ਸੁਣਕੇ ਮੰਨਣੇ ਤੇ ਕਮਾਉਣੇ ਸੰਤ ਮਾਰਗ ਹੈ ਜੋ ਕਿ ਆਤਮ ਮਾਰਗ ਦੀ ਇੱਕ ਪਗਡੰਡੀ ਹੈ। ਇਸਤੇ ਚੱਲਿਆਂ ਵੀ ਆਤਮ ਦੇਸ਼ ਪਹੁੰਚ ਜਾਈਦਾ ਹੈ।

'ਚਲਦਾ'

# ਮਾਨਵ ਸਰੀਰ ਦੀ ਸਫਲਤਾ

*ਸੰਤ ਵਰਿਆਮ ਸਿੰਘ ਜੀ*
*ਮੁਖੀ ਤੇ ਬਾਨੀ ਵਿ. ਗੁ. ਰੂ. ਮਿਸ਼ਨ।*

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁਖੀ ਤੇ ਬਾਨੀ ਮਹਾਂਪੁਰਸ਼ਾਂ ਵਲੋਂ ਮਿਤੀ 11-6-95 ਨੂੰ ਮੋਹਾਲੀ ਵਿਖੇ ਸੰਗਤਾਂ ਪ੍ਰਤੀ ਕੀਤੇ ਗਏ ਪ੍ਰਵਚਨ - ਫਿਲਮ ਨੰ: 521.

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 18)*

*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥*
*ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥*
*ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥*
*ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ*
*ਸਾਚੈ ਸੁਨਣੈ ਨੋ ਪਠਾਏ॥* *ਪੰਨਾ - 922*

ਚਾਹੇ ਬਾਹਰਲੇ ਕੰਨਾਂ ਨਾਲ ਸੁਣ ਲਉ, ਚਾਹੇ ਅੰਦਰਲਿਆਂ ਨਾਲ ਸੁਣ ਲਉ; ਦੋਹਾਂ ਦਾ ਮਹਾਤਮ ਗੁਰੂ ਮਹਾਰਾਜ ਨੇ ਏਸ ਸ਼ਬਦ ਦੇ ਅੰਦਰ ਨਿਰੂਪਣ ਕਰਿਐ। ਸੋ ਕੰਨਾਂ ਦੇ ਨਾਲ ਸੁਣਨ ਦਾ ਵੀ ਮਹਾਤਮ ਹੋਇਆ ਕਰਦੈ।

ਇਕ ਮਹਾਤਮਾ ਬੰਗਾਲ ਦੇ ਰਹਿਣ ਵਾਲੇ ਸੀ। ਛੇ ਚੱਕਰ ਨੇ ਸਾਡੇ ਵਿਚ, ਉਹ ਚੱਕਰ ਭੇਦਦੇ ਸੀ। ਉਨ੍ਹਾਂ ਦੇ ਹੇਠਲਾ ਚੱਕਰ ਜਿਹਨੂੰ ਮੂਲਧਾਰ ਕਹਿੰਦੇ ਨੇ, ਉਹਦੇ ਉਤੇ ਵਾਲ ਤੋਂ ਹਜ਼ਾਰਾਂ ਗੁਣਾਂ ਪਤਲੀ ਇਕ ਨਾੜੀ ਐ ਜਿਹਦਾ ਨਾਉਂ ਹੈ - ਭੁਝੰਗਾ ਨਾੜੀ। ਉਹ ਭੁਝੰਗਾ ਨਾੜੀ, ਜਿਹੜਾ ਬਹੁਤ ਹੀ ਬਰੀਕ ਛਿਦ੍ਰ ਐ - ਰੀੜ ਦੀ ਹੱਡੀ 'ਚ ਹੇਠਲੇ ਪਾਸੇ, ਉਹਦੇ ਉਤੇ ਚੜ੍ਹੀ ਰਹਿੰਦੀ ਐ ਜਿਵੇਂ ਸੱਪ ਨੇ ਮੂੰਹ ਵਿਚ ਕੋਈ ਚੀਜ਼ ਲਈ ਹੋਵੇ। ਇਸੇ ਕਰਕੇ ਉਸਨੂੰ ਸੂਪਣੀ ਨਾੜੀ ਵੀ ਕਹਿ ਦਿੰਦੇ ਨੇ, ਸੱਪਣੀ ਵੀ ਕਹਿ ਦਿੰਦੇ ਨੇ। ਉਹ ਉਸਨੂੰ ਜਗਾ ਰਿਹਾ ਸੀ। ਸਾਢੇ ਤਿੰਨ ਵਲੇਟ ਪਾਏ ਹੋਏ ਨੇ ਉਹਨੇ। ਉਹ electronics ਹੈ। ਜੇ ਉਹ ਜਾਗ ਪਵੇ ਤਾਂ ਸਾਡੀ ਜਿਹੜੀ ਅੰਦਰਲੀ ਨਾੜੀ ਐ, ਜਿਹਨੂੰ ਸੁਖਮਨਾ ਨਾੜੀ ਕਹਿੰਦੇ ਨੇ, ਉਹਦੇ ਵਿਚ ਇਕ ਦਮ ਕਰੰਟ ਆ ਜਾਂਦੀ ਐ। ਸਾਰਾ ਸਰੀਰ ਕਰੰਟ ਨਾਲ ਝਰਨਾਟਿਆ ਜਾਂਦੈ ਤੇ ਨਾਲ ਐਨੀ ਰੌਸ਼ਨੀ ਹੁੰਦੀ ਐ ਕਿ ਦੇਖੀ ਨੀਂ ਜਾਂਦੀ - ਅੰਦਰਲੀਆਂ ਅੱਖਾਂ ਨਾਲ। ਜੇ ਕਿਤੇ ਉਹਦੇ ਵਿਚ ਵਿਗਾੜ ਪੈ ਜਾਏ, ਸਾਰਾ ਸਰੀਰ ਗਲ ਜਾਂਦੈ। ਉਹ ਮਹਾਤਮਾ ਕੋਸ਼ਿਸ਼ ਕਰ ਰਿਹਾ ਸੀ - ਕੁੰਡਲਨੀ ਜਗਾਉਣ ਦੀ। ਲੇਕਿਨ ਗਲਤ ਹੋ ਗਿਆ - ਉਹਦਾ ਸਾਧਨ। ਉਹਦੇ ਨਾਲ ਕੀ ਹੋਇਆ? ਉਹਦਾ ਸਾਰਾ ਸਰੀਰ ਫੱਟ ਗਿਆ, ਫੋੜੇ ਹੀ ਫੋੜੇ ਹੋ ਗਏ। ਦੁਖੀ ਹੋ ਗਿਆ, ਬਦਬੂ ਮਾਰਿਆ ਕਰੇ, ਕਿਸੇ ਦਵਾਈ ਨਾਲ ਰਾਜ਼ੀ ਨਾ ਹੋਇਆ। ਸਾਧੂ ਸੰਤ ਕਹਿਣ ਲੱਗੇ, ਇਹਦਾ ਕੋਈ ਇਲਾਜ ਨੀਂ। ਉਹ ਅਕਾੜੇ ਆ ਗਿਆ - ਮਿੰਟਗੁਮਰੀ। ਉਥੇ ਸੰਤ ਹੁੰਦੇ ਸੀ - ਸੰਤ ਬਸੰਤ ਸਿੰਘ। ਉਹਨਾਂ ਦੇ ਗੁਰਦਵਾਰੇ ਅਖੰਡ ਪਾਠ ਹੋ ਰਿਹਾ ਸੀ। ਦੁਖੀ ਸੀਗਾ, ਉਥੇ ਬੈਠ ਗਿਆ। ਮਹਾਤਮਾ ਆਏ ਤਾਂ ਕਹਿਣ ਲੱਗਿਆ, ਮਹਾਰਾਜ! ਮੈਂ ਬੜਾ ਦੁਖੀ ਹਾਂ, ਮੇਰੇ ਤੇ ਕਿਰਪਾ ਕਰੋ। ਕਹਿੰਦੇ, ਦੇਖ ਪਿਆਰਿਆ! ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣ ਲੈ ਤੂੰ - ਮਨ ਚਿਤ ਲਾ ਕੇ। ਇਹ ਬਾਣੀ ਦੇ ਵਿਚ ਸ਼ਕਤੀ ਹੈ, ਇਹਦੇ ਨਾਲ ਰੋਗਾਂ ਦਾ ਨਾਸ਼ ਹੋ ਜਾਂਦੈ -

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਪੰਨਾ - 2*

ਬਿਸਤਰਾ ਲਾ ਦਿਤਾ, ਤਿੰਨ ਅਖੰਡ ਪਾਠ ਲਗਾਤਾਰ ਸੁਣਦਾ ਰਿਹਾ। ਸੁਣ ਕੇ ਕੰਚਨ ਵਰਗੀ ਦੇਹ ਹੋ ਗਈ, ਤੇ ਗਿਆ ਬਾਬਾ ਜੀ ਕੋਲ। ਕਹਿੰਦੇ ਕੀ ਹਾਲ ਹੈ? ਕਹਿੰਦਾ, ਮਹਾਰਾਜ! ਮੈਂ ਤਾਂ ਬਿਲਕੁਲ ਰਾਜ਼ੀ ਹੋ ਗਿਆ। ਤੇ ਹੁਣ ਕੀ ਖੁਸ਼ੀ ਐ? ਕਹਿੰਦਾ ਮਹਾਰਾਜ! ਮੈਂ ਤਾਂ ਤੁਹਾਡੇ ਚਰਨਾਂ 'ਚ ਹੀ ਰਹਿਣੈ, ਮੈਨੂੰ ਨੀਂ ਪਤਾ ਸੀਗਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਵਿਚ ਐਨਾ ਬਲ ਐ ਤੇ ਸ਼ਕਤੀ ਐ। ਇਸੇ ਤਰ੍ਹਾਂ ਇਕ ਗਿਆਨੀ ਭਗਤ ਰਾਮ ਸੀ। ਉਨ੍ਹਾਂ ਕੋਲ ਇਕ ਕੋਹੜੀ ਆ ਗਿਆ। ਕੋਹੜੀ ਨੇ ਆ ਕੇ ਬੇਨਤੀ ਕਰੀ। ਉਹ ਕਹਿੰਦੇ, ਐਂ ਕਰ, ਮੈਂ ਤੈਨੂੰ ਬਾਵਨ ਅੱਖਰੀ ਇੱਕੀ ਦਿਨ ਸੁਣਾਵਾਂਗਾ, ਤੂੰ ਪੂਰੇ ਧਿਆਨ ਨਾਲ ਸੁਣ। ਉਹ ਸੁਣਦਾ ਰਿਹਾ। ਉਹਨਾਂ ਨੇ ਬਾਵਨ ਅੱਖਰੀ ਸੁਣਾਈ ਤੇ ਰਾਜ਼ੀ ਹੋ ਗਿਆ। ਸੁਣਨ ਦਾ ਮਹਾਤਮ ਐ ਸਾਧਸੰਗਤ ਜੀ! ਇਸ ਤਰ੍ਹਾਂ ਦੇ ਨਾਲ ਜੇ ਕੰਨਾਂ ਦੇ ਨਾਲ ਬਾਣੀ ਨੀਂ ਸੁਣਦਾ - ਗੁਰ ਜਿਹਦਾ ਐਡਾ ਵੱਡਾ ਫਲ ਐ, ਜੀ, ਕਹਿੰਦੇ, ਧ੍ਰਿਕਾਰਯੋਗ ਐ।

ਇਕ ਮਹਾਤਮਾ ਸੀ - ਚੇਤ ਸਿੰਘ, ਉਹ ਸੇਵਾ ਬੜੀ ਕਰਿਆ ਕਰਦੇ ਸੀ। ਉਨ੍ਹਾਂ ਦੇ ਕੋਲ ਇਕ ਬ੍ਰਾਹਮਣ ਆ ਗਿਆ। ਬ੍ਰਾਹਮਣ ਬਿਮਾਰ ਸੀ, ਅਤੀਸਾਰ (ਮਰੋੜੇ) ਲਗੇ ਹੋਏ ਸੀ। ਉਹ ਦਵਾ ਦਾਰੂ ਵੀ ਦਿੰਦੇ ਹੁੰਦੇ ਸੀ। ਦਵਾ ਦੇਣ ਲਗ ਗਏ ਲੇਕਿਨ ਮਰੋੜੇ ਬੜੇ ਸਖਤ ਸੀਗੇ, ਜ਼ਿਆਦਾ ਹੀ ਵਧਦੇ ਗਏ। ਇਕ ਦਿਨ ਉਹਦੀ ਸੇਵਾ ਕਰੀ, ਸਾਰੀ ਦਵਾਈ ਵਗੈਰਾ ਦੇਣ ਤੋਂ ਬਾਦ ਕਹਿੰਦੇ, ਲੈ ਬਈ ਪੰਡਿਤ ਜੀ! ਮੈਂ ਪੜ੍ਹਨੈਂ ਸੁਖਮਨੀ ਸਾਹਿਬ ਤੇ ਮੇਰਾ ਇਹ ਨੇਮ ਐ ਕਿ ਮੈਂ ਸੁਖਮਨੀ ਸਾਹਿਬ ਪੜ੍ਹਦਾ-ਪੜ੍ਹਦਾ ਬੋਲਦਾ ਨੀਂ ਹੁੰਦਾ, ਨਾ ਵਿਚਾਲੇ ਉਠਦਾਂ। ਤੈਂ ਕੁਛ ਲੈਣੈ ਤਾਂ ਲੈ ਲੈ; ਹੋਰ ਕੋਈ ਤੇਰਾ ਫੁਰਨੈ ਉਹ ਪੂਰਾ ਕਰ ਲੈ। ਕਹਿੰਦਾ, ਨਾ ਮਹਾਰਾਜ ਤੁਸੀਂ ਸੁਖਮਨੀ ਸਾਹਿਬ ਪੜ੍ਹੋ, ਮੈਂ ਸੁਣੂੰਗਾ। ਉਹ ਮੰਜੇ ਤੇ ਕੋਲ ਹੀ ਪਾ ਲਿਆ, ਆਪ ਆਸਣ ਤੇ ਬੈਠ ਗਏ। ਨੇਤਰ ਬੰਦ ਕਰ ਲਏ, ਸੁਖਮਨੀ ਸਾਹਿਬ ਪੜ੍ਹ ਰਹੇ ਨੇ। ਉਹ ਸੁਣਦਾ ਗਿਆ। ਸੁਖਮਨੀ ਸਾਹਿਬ ਪੜ੍ਹ ਕੇ ਜਦੋਂ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ, ਹੈਰਾਨ ਰਹਿ ਗਏ ਕਿ ਉਹ ਪੰਡਤ ਤਾਂ ਚੜ੍ਹਾਈ ਕਰ ਗਿਆ। ਮਨ ਵਿਚ ਸ਼ੰਕਾ ਹੋ ਗਿਆ ਕਿ ਇਹਨਾਂ ਲੋਕਾਂ ਦੇ ਇਹ ਮਰਯਾਦਾ ਹੈ ਕਿ ਮਰਨ ਵੇਲੇ ਮੰਜੇ ਤੋਂ ਥੱਲੇ ਲਾਹ ਦਿੰਦੇ ਨੇ, ਕਿਤੇ ਇਹਦੀ ਅਵਗਤਿ ਹੀ ਨਾ ਹੋ ਜਾਏ। ਚਿੰਤਾ ਆ ਗਈ ਮਨ ਦੇ ਅੰਦਰ। ਉਸ ਵੇਲੇ ਤਿਆਰੀ ਵੀ ਕਰੀ ਜਾਂਦੇ ਨੇ, ਸਸਕਾਰ ਦੀ ਤਿਆਰੀ ਕਰ ਲਈ ਤੇ ਉਹਨੂੰ ਪਾ ਲਿਆ ਅਰਥੀ ਦੇ ਉਤੇ। ਸੰਗਤਾਂ ਆ ਗਈਆਂ, ਲੇਕਿਨ ਕੀ ਦੇਖਦੇ ਨੇ ਕਿ ਉਹਦਾ ਪੈਰ ਹਿਲਦੈ, ਥੋੜ੍ਹੀ ਦੇਰ ਤੇ ਬਾਦ ਉਠ ਕੇ ਬਹਿ ਗਿਆ। ਕਹਿੰਦੇ, ਲੈ ਬਈ ਜਿਉਂਦਾ ਹੋ ਗਿਆ, ਉਠਾਲ ਦੇਈਏ। ਕਹਿੰਦਾ, ਨਾ-ਨਾ, ਮੈਨੂੰ ਉਠਾਲਿਓ

ਨਾ ਕੋਈ ਵੀ। ਸੰਤ ਆ ਗਏ ਕਹਿੰਦੇ, "ਕੀ ਗੱਲ ਐ?" ਕਹਿੰਦਾ, "ਮਹਾਰਾਜ! ਤੁਹਾਡੇ ਮਨ ਵਿਚ ਸੰਸਾ ਹੋ ਗਿਆ ਸੀ ਨਾ, ਕਿ ਮੈਂ ਮੰਜੇ ਤੇ ਮਰਿਆਂ, ਤੇ ਮੇਰੀ ਗਤੀ ਨਹੀਂ ਹੋਣੀ।" ਕਹਿੰਦੇ, "ਹਾਂ?" ਕਹਿੰਦਾ, "ਮੇਰੀ ਉਤਮ ਗਤੀ ਹੋ ਗਈ ਜਿਹਨੂੰ ਮੈਂ ਸੋਚ ਹੀ ਨਹੀਂ ਸੀ ਸਕਦਾ। ਤੁਸੀਂ ਬਾਣੀ ਪੜ੍ਹਦੇ ਸੀ ਤੇ ਮੇਰੇ ਕੰਨ ਤੁਹਾਡੀ ਬਾਣੀ ਵਲ ਲਗੇ ਹੋਏ ਸਨ ਤੇ ਮੈਨੂੰ ਬਬਾਣ ਲੈਣ ਆਏ ਤੇ ਹੁਣ ਮੈਨੂੰ ਉਥੋਂ ਵਾਪਸ ਕਰ ਦਿਤਾ ਕਿ ਜਾਹ! ਸੰਤਾਂ ਨੂੰ ਦੱਸ ਕੇ ਆ ਕਿ ਉਹ ਚਿੰਤਾ ਨਾ ਕਰਨ।" ਜਿਹੜਾ ਬਾਣੀ ਸੁਣਦਾ ਚੜ੍ਹਾਈ ਕਰ ਜਾਊ ਉਹ ਫੇਰ ਸਿੱਧਾ ਸਾਡੇ ਕੋਲ ਆਉਂਦੈ। ਕਹਿੰਦਾ, "ਮਹਾਰਾਜ! ਮੈਂ ਤਾਂ ਐਨਾ ਹੀ ਦੱਸਣ ਆਇਆ ਸੀ।" ਐਨਾ ਕਹਿ ਕੇ ਲੰਮਾ ਪੈ ਗਿਆ, ਚੜ੍ਹਾਈ ਕਰ ਗਿਆ।

ਸੋ ਮਹਾਰਾਜ ਕਹਿੰਦੇ ਜਿਹੜੇ ਐਨਾ ਫਾਇਦਾ ਨਹੀਂ ਉਠਾਉਂਦੇ ਕੰਨ, ਉਹ ਕੰਨ ਫੇਰ ਕਿਸ ਕੰਮ ਨੇ?

*ਕਰਨ ਨਾ ਸੁਨਹੀ ਨਾਦੁ ਕਰਨ ਮੁੰਦਿ ਘਲਿਆ॥*

*ਪੰਨਾ - 1362*

ਹੁਣ ਵਾਰੀ ਆਉਂਦੀ ਐ ਰਸਨਾ ਦੀ। ਰਸਨਾ ਦੇ ਵਿਚ ਨੁਕਸ ਵੀ ਬੜਾ ਜ਼ਬਰਦਸਤ ਐ ਤੇ ਫਾਇਦਾ ਵੀ ਬਹੁਤ ਜ਼ਬਰਦਸਤ ਐ। ਨੁਕਸ ਤਾਂ ਇਹ ਹੈ ਕਿ ਜੇ ਇਹਦਾ ਪ੍ਰਯੋਗ ਗਲਤ ਕਰ ਲਿਆ ਜਾਵੇ ਨਾ, ਤਾਂ ਐਂਡਾ ਪਾਪ ਕਿਸੇ ਹੋਰ ਚੀਜ਼ ਦਾ ਨੀਂ ਚੜ੍ਹਦਾ, ਜਿੰਨਾਂ ਰਸਨਾ ਦਾ ਚੜ੍ਹ ਜਾਂਦੈ। ਜੇ ਇਹਦਾ ਪੂਰਾ ਫਾਇਦਾ ਉਠਾ ਲਿਆ ਜਾਵੇ ਤਾਂ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਐਂ -

***ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,***
***ਸਤਿਨਾਮ ਬੋਲ ਵਾਹਿਗੁਰੂ - 2, 2.***
***ਮੇਰੇ ਪਿਆਰੇ, ਸਤਿਨਾਮ ਬੋਲ ਵਾਹਿਗੁਰੂ-2,2.***
***ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ.....-2***

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)*

ਇਕ ਚਿਤ ਹੋ ਕੇ ਜੇ ਅੱਖ ਝਮਕਣ ਜਿੰਨਾਂ ਚਿਰ ਵੀ ਵਾਹਿਗੁਰੂ ਦਾ ਧਿਆਨ ਆ ਜਾਵੇ, ਗੁਰੂ ਦਸਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ! ਉਹਦੇ ਗਲ 'ਚ ਪਈ ਹੋਈ ਜਮਾਂ ਦੀ ਫਾਂਸੀ ਉਸੇ ਵੇਲੇ ਕੱਟ ਹੋ ਜਾਂਦੀ ਐ। ਕਿੱਡਾ ਵੱਡਾ concession ਐ?

ਜਦੋਂ ਰਾਜਾ ਪ੍ਰੀਛਦ ਦਾ ਰਾਜ ਹੋਇਐ, ਇਕ ਵਾਰੀ ਉਹ ਜੰਗਲ 'ਚ ਗਿਆ ਤਾਂ ਕੀ ਦੇਖਦੈ ਕਿ ਇਕ ਕਾਲੇ ਕੱਪੜਿਆਂ ਵਾਲਾ, ਬੈਲ ਨੂੰ ਮਾਰਨ ਲੱਗਿਆ ਹੋਇਐ। ਅਜੇ ਕਲਜੁਗ ਚੜ੍ਹਿਆ ਹੀ ਸੀ। ਮਨ ਵਿਚ ਬੜਾ ਕ੍ਰੋਧ ਆਇਆ ਕਿਉਂਕਿ ਭਾਰਤ ਵਰਸ਼ ਵਿਚ ਤਾਂ ਕੋਈ ਬੈਲ ਮਾਰਦਾ ਹੀ ਨਹੀਂ ਸੀ। ਤਲਵਾਰ ਕੱਢ ਕੇ ਘੋੜੇ ਨੂੰ ਇਕ ਦਮ ਸਰਪਟ ਦੁੜਾ ਕੇ ਉਹਦੇ ਤਕ ਪਹੁੰਚਿਆ। ਜਦ ਮਾਰਨ ਲੱਗਿਆ ਤਾਂ ਉਹ ਕਹਿੰਦਾ, "ਰਾਜਨ! ਮੇਰੀ ਗੱਲ ਸੁਣ ਲੈ। ਮੈਥੋਂ ਪੁੱਛ, ਮੈਂ ਕਿਉਂ ਮਾਰਦਾਂ?" ਕਹਿੰਦਾ, "ਕਿਉਂ ਮਾਰਦੈਂ?" ਕਹਿੰਦਾ, "ਤਿੰਨ ਜੁਗ ਖਤਮ ਹੋ ਗਏ, ਮੇਰੇ ਵੱਡੇ ਭਰਾਵਾਂ ਦਾ ਰਾਜ ਖਤਮ ਹੋ ਗਿਆ; ਮੈਂ ਕਲਜੁਗ ਹਾਂ, ਹੁਣ ਮੇਰਾ ਸਮਾਂ ਆ ਗਿਆ।" ਕਹਿੰਦੇ, "ਤੈਂ ਕੀ ਕਰਨੈਂ?" ਕਹਿੰਦਾ, "ਮੈਂ ਰਾਜਿਆਂ ਨੂੰ ਕਸਾਈ ਬਣਾ ਦੇਣੈ, ਪਰਜਾ ਨੂੰ ਅਗਿਆਨੀ ਬਣਾ ਦੇਣੈ, ਇਸਤਰੀ ਤੇ ਪਤੀ ਦਾ ਪਿਆਰ ਮੈਂ ਪੈਸੇ ਵਿਚ ਰੱਖ ਦੇਣੈ, ਦੁਨੀਆਂ ਨੂੰ ਭ੍ਰਿਸ਼ਟ ਕਰ ਦੇਣੈ, ਇਨਸਾਫ ਕਰਨ ਵਾਲਿਆਂ ਦੇ ਵਿਚ ਮੈਂ ਵੱਢੀਆਂ ਦਵਾਉਣੀਆਂ ਨੇ, ਰਿਸ਼ਵਤਾਂ ਦਿਤੇ ਤੋਂ ਬਗੈਰ ਕੋਈ ਕੰਮ ਨਹੀਂ ਹੋਏਗਾ; ਇਨਸਾਫ ਨਾਮ ਦੀ ਕੋਈ ਚੀਜ਼ ਮੇਰੇ ਰਾਜ ਵਿਚ ਨਹੀਂ ਹੋਏਗੀ। ਐਸੇ-ਐਸੇ ਉਪੱਦ੍ਵ ਕਰਾਵਾਂਗਾ ਕਿ ਲੋਕ ਮੂੰਹ ਵਿਚ ਉਂਗਲੀਆਂ ਪਾਉਣਗੇ ਕਿ ਐਹਨਾਂ ਪਾਪੀਆਂ ਨੂੰ ਕਿਥੇ ਥਾਂ ਮਿਲੇਗਾ? ਮੈਂ ਜਪ ਨੀਂ ਕਿਸੇ ਨੂੰ ਕਰਨ ਦੇਣਾ -

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥*

*ਪੰਨਾ - 902*

ਨਾਮ ਜਪਣ ਵਾਲਿਆਂ ਦੀ ਮੈਂ ਬਦਨਾਮੀ ਕਰਾਊਂਗਾ, ਪਾਖੰਡੀਆਂ ਦੇ ਘਰ ਮੈਂ ਪੈਸਿਆਂ ਨਾਲ ਭਰਾਂਗਾ, ਪਾਖੰਡੀ ਸੰਤਾਂ ਦੀ ਬੇਅੰਤ ਮਾਨਤਾ ਕਰਾਵਾਂਗਾ, ਸੱਚਿਆਂ ਦੀ ਮੈਂ ਨਿੰਦਿਆ ਕਰਾਵਾਂਗਾ। ਦੁਨੀਆਂ ਨੂੰ ਭੁਲਾ ਦੇਵਾਂਗਾ, ਕਿਸੇ ਨੂੰ ਪ੍ਰਮੇਸ਼ਰ ਨਹੀਂ ਯਾਦ ਰਹੇਗਾ। ਸਾਰੇ ਧਰਮ ਗ੍ਰੰਥਾਂ ਦੇ ਵਿਚ ਮੈਂ ਐਸੇ ਅਰਥ ਭਰ ਦੇਵਾਂਗਾ, ਜਿਹਦੇ ਵਿਚ ਰੱਬ ਦਾ ਪਿਆਰ ਸਭ ਕੁਝ ਖਤਮ ਹੋ ਜਾਵੇ। ਗਿਆਨ ਦੀ ਥਾਂ ਤੇ ਭਰਮ ਤੇ ਸ਼ੰਕੇ ਮੈਂ ਐਨੇ ਪਾ ਦੇਵਾਂਗਾ ਕਿ ਕਲਜੁਗ ਦੇ ਵਿਚ ਕੋਈ ਬੰਦਾ ਵੀ ਨਹੀਂ ਲੰਘ ਸਕੇਗਾ।" ਕਹਿਣ ਲੱਗਿਆ, "ਫੇਰ ਤਾਂ ਤੈਨੂੰ ਮਾਰ ਦੇਣਾ ਹੀ ਬਿਹਤਰ ਹੈ।" ਕਹਿੰਦਾ, "ਦੇਖ! ਤੇਰੇ ਤਪ ਦਾ ਬਲ ਐਨੈ ਕਿ ਤੂੰ ਮੈਨੂੰ ਮਾਰ ਸਕਦੈਂ।"

ਇਕ ਰਿਸ਼ੀ ਹੋਇਐ - ਸਤਿਜੁਗ ਦੇ ਅੰਦਰ। ਉਸਨੇ ਜੁਗ ਬਦਲਾ ਦਿਤੇ ਸੀ - ਆਪਣੀ ਇਸਤਰੀ ਵਾਸਤੇ; ਤ੍ਰੇਤਾ ਪਹਿਲਾਂ ਆਇਆ, ਦੁਆਪਰ ਪਿਛੇ ਕਰ ਦਿਤਾ। ਤੂੰ ਵੀ ਮੈਨੂੰ ਮਾਰ ਸਕਦੈਂ, ਪਰ ਮੇਰੀ ਅਗਲੀ ਗੱਲ ਸੁਣ ਲੈ। ਕਹਿੰਦਾ, "ਕੀ ਐ?" ਕਹਿੰਦਾ, "ਐਨੇ ਪਾਪੀ ਹੁੰਦੇ ਹੋਏ ਵੀ ਜੇ ਬੰਦੇ ਦੇ ਧਿਆਨ ਵਿਚ ਇਕ ਵਾਰੀ ਰਾਮ, ਅੱਲਾ, ਨਰਾਇਣ, ਗੋਬਿੰਦ, God, ਪ੍ਰਮੇਸ਼ਰ ਦਾ ਕੋਈ ਵੀ ਨਾਮ ਆ ਜਾਏ, ਇਕ ਵਾਰੀ ਕਹਿਣ ਦੇ ਨਾਲ ਉਹਦੇ ਸਾਰੇ ਪਾਪ ਕੱਟੇ ਜਾਣਗੇ, ਤੇ ਉਹ ਬੈਕੁੰਠ ਧਾਮ ਵਿਚ ਨਿਵਾਸ ਕਰ ਜਾਏਗਾ।" ਰਾਜੇ ਨੇ ਤਲਵਾਰ ਮਿਆਨ 'ਚ ਪਾ ਲਈ। ਕਹਿੰਦਾ, "ਐਡਾ ਫਲ?" ਕਹਿੰਦਾ, "ਹਾਂ, ਐਡਾ ਹੀ ਫਲ ਹੈ।"

ਗੁਰੂ ਨਾਨਕ ਦੇਵ ਜੀ ਨੂੰ ਜਦ ਕਲਜੁਗ ਮਿਲਦੈ, ਮਹਾਰਾਜ ਕਹਿੰਦੇ, ਅਸੀਂ ਨਾਮ ਲੈ ਕੇ ਆਏ ਹਾਂ। ਕਲਜੁਗ! ਇਹ ਨਾਮ ਦਾ ਫਲ ਐਨਾ ਜ਼ਬਰਦਸਤ ਹੈ ਕਿ ਜੇ ਇਕ ਵਾਰੀ ਵੀ ਪ੍ਰਮੇਸ਼ਰ ਦਾ ਧਿਆਨ ਮਨ 'ਚ ਆ ਜਾਵੇ ਤਾਂ ਉਹਦੇ ਸਾਰੇ ਪਾਪ ਝੜ ਜਾਂਦੇ ਨੇ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗਵਾਹੀ ਹੈ ਕਿ ਇਕ ਪੰਡਤ ਪਤਿਤ ਹੋ ਗਿਆ - ਬਹੁਤ ਵਿਦਵਾਨ, ਜਿਹਨੂੰ ਸਾਰੇ ਭਾਰਤ ਵਰਸ਼ ਵਿਚ ਜਾਣਿਆ ਜਾਂਦਾ ਸੀ -

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥*

*ਪੰਨਾ - 632*

**'ਚਲਦਾ'**

✡ ✡ ✡ ✡ ✡ ✡ ✡ ✡ ✡

# ਸ਼ੁਭ ਉਪਦੇਸ਼

(ਬਾਈਬਲ ਵਿਚੋਂ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

## ਸ਼ੁੱਧ-ਅਸ਼ੁੱਧ

ਸ਼ੁੱਧ ਲੋਕਾਂ ਦੇ ਲਈ ਸਭ ਵਸਤਾਂ ਸ਼ੁੱਧ ਹਨ, ਪਰ ਅਸ਼ੁੱਧ ਅਤੇ ਸ਼ਰਧਾਹੀਣ ਲੋਕਾਂ ਦੇ ਲਈ ਕੁਝ ਵੀ ਸ਼ੁੱਧ ਨਹੀਂ ਸਗੋਂ ਉਹਨਾਂ ਦੀ ਬੁੱਧੀ ਅਤੇ ਵਿਵੇਕ ਦੋਵੇਂ ਹੀ ਅਸ਼ੁੱਧ ਹਨ।

*(ਤੀਤੁਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-1/15)*

## ਸ਼ਾਸ਼ਤ੍ਰ (ਧਰਮ)

ਹਰੇਕ ਪਵਿੱਤਰ ਸਾਸ਼ਤ੍ਰ ਈਸ਼ਵਰ ਦੀ ਪ੍ਰੇਰਨਾ ਨਾਲ ਰਚਿਆ ਗਿਆ ਹੈ ਅਤੇ ਉਪਦੇਸ਼, ਦੋਸ਼-ਦਰਸ਼ਨ, ਸੁਧਾਰ ਅਤੇ ਧਰਮ-ਸਿਖਿਆ ਦੇ ਲਈ ਲਾਭਦਾਇਕ ਹੈ ਤਾਂ ਜੋ ਰੱਬ ਦੇ ਬੰਦੇ ਪੂਰਣ ਬਣਨ ਅਤੇ ਹਰੇਕ ਭਲੇ ਕੰਮ ਲਈ ਤਤਪਰ ਰਹਿਣ।

*(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਦੂਜਾ ਪੱਤਰ 1/16-17)*

ਸਾਸ਼ਤ੍ਰ ਦਾ ਕੋਈ ਵੀ ਸੰਦੇਸ਼ ਕਿਸੇ ਦੀ ਆਪਣੀ ਹੀ ਵਿਚਾਰਧਾਰਾ ਦੇ ਆਧਾਰ ਤੇ ਨਹੀਂ ਸਮਝਾਇਆ ਜਾ ਸਕਦਾ, ਕਿਉਂਕਿ ਕੋਈ ਵੀ ਸੰਦੇਸ਼ ਮਨੁੱਖ ਦੀ ਇੱਛਾ ਨਾਲ ਕਦੀ ਪ੍ਰਾਪਤ ਨਹੀਂ ਹੋਇਆ, ਪਰ ਭਗਤ ਜਨ ਆਪਣੀ ਪਵਿੱਤਰ ਆਤਮਾ ਦੇ ਦੁਆਰਾ ਪ੍ਰੇਰਿਤ ਹੋ ਕੇ ਈਸ਼ਵਰ ਦੇ ਵਲੋਂ ਉਹ ਸੰਦੇਸ਼ ਦਿੰਦੇ ਹਨ।

*(ਪਤਰਸ ਦੀ ਦੂਜੀ ਚਿੱਠੀ-1/20-21)*

*ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥*
*ਪੰਨਾ - 628*

## ਸ਼ੁੱਧ ਅਤੇ ਨਿਰਮਲ ਧਰਮ

ਸ਼ੁੱਧ ਅਤੇ ਨਿਰਮਲ ਧਰਮ ਇਹ ਹੈ ਕਿ ਅਨਾਥਾਂ ਅਤੇ ਵਿਧਵਾਵਾਂ ਦੇ ਕਲੇਸ਼ ਵਿਚ ਉਹਨਾਂ ਦੀ ਸੁੱਧ ਲਈ ਜਾਵੇ ਅਤੇ ਆਪਣੇ ਆਪ ਨੂੰ ਨਿਸ਼-ਕਲੰਕ ਰਖਿਆ ਜਾਵੇ।

*(ਯਾਕੂਬ ਦੀ ਚਿੱਠੀ-1/27)*

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਪੰਨਾ - 266*

## ਸੰਪੂਰਨ ਧਰਮ

ਜੇ ਕੋਈ ਧਰਮ ਸਾਸ਼ਤ੍ਰ ਦੀਆਂ ਸਾਰੀਆਂ ਆਗਿਆਵਾਂ ਦਾ ਪਾਲਣ ਕਰਦਾ ਹੈ ਪਰ ਕਿਸੇ ਇਕ ਆਗਿਆ ਵਿਚ ਭੁੱਲ ਕਰ ਜਾਂਦਾ ਹੈ ਤਾਂ ਉਹ ਸਭਨਾਂ ਗੱਲਾਂ ਵਿਚ ਦੋਸ਼ੀ ਠਹਿਰਦਾ ਹੈ, ਇਸ ਲਈ ਕਿ ਜਿਸਨੇ ਇਹ ਕਿਹਾ ਹੈ ਕਿ ਵਿਭਚਾਰ ਨਾ ਕਰੋ, ਉਸਨੇ ਇਹ ਵੀ ਕਿਹਾ ਹੈ ਕਿ ਹੱਤਿਆ ਨਾ ਕਰੋ। ਇਸ ਲਈ ਜੇਕਰ ਕਿਸੇ ਨੇ ਵਿਭਚਾਰ ਤਾਂ ਨਹੀਂ ਕੀਤਾ ਪਰ ਹੱਤਿਆ ਕੀਤੀ ਹੈ ਤਾਂ ਉਹ ਧਰਮ ਸਾਸ਼ਤ੍ਰ ਦੀ ਆਗਿਆ ਦਾ ਉਲੰਘਣ ਕਰਨ ਵਾਲਾ ਦੋਸ਼ੀ ਠਹਿਰਦਾ ਹੈ।

*(ਯਾਕੂਬ ਦੀ ਚਿੱਠੀ-2/10-11)*

*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥*
*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥*
*(ਸ਼ਬਦ ਹਜ਼ਾਰੇ ਪਾ. ੧੦)*

## ਭੋਜਨ

ਭੋਜਨ ਸਾਨੂੰ ਈਸ਼ਵਰ ਦੇ ਨੇੜੇ ਨਹੀਂ ਲਿਜਾਂਦਾ। ਜੇਕਰ ਅਸੀਂ ਨਾ ਖਾਈਏ ਤਾਂ ਸਾਡਾ ਕੋਈ ਨੁਕਸਾਨ ਨਹੀਂ ਅਤੇ ਜੇਕਰ ਖਾ ਲਈਏ ਤਾਂ ਕੁਝ ਲਾਭ ਨਹੀਂ।

*(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ - 8/8)*

ਜੋ ਖਾਂਦਿਆਂ-ਪੀਂਦਿਆਂ ਪ੍ਰਭੂ ਨੂੰ ਨਹੀਂ ਪਹਿਚਾਨਦਾ ਉਹ ਆਪਣੇ ਇਸ ਖਾਣ-ਪੀਣ ਨਾਲ ਆਪਣੇ ਆਪ ਨੂੰ ਦੰਡਿਤ ਕਰਦਾ ਹੈ। ਇਹੀ ਕਾਰਣ ਹੈ ਕਿ ਸਾਡੇ ਵਿਚੋਂ ਬਹੁਤ ਸਾਰੇ ਨਿਰਬਲ ਅਤੇ ਰੋਗੀ ਹਨ ਅਤੇ ਬਹੁਤ ਸਾਰੇ ਸੌ ਗਏ ਹਨ।

*(ਉਹੀ-11/29-30)*

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*
*ਪੰਨਾ - 16*

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*(ਸ਼ਬਦ ਹਜ਼ਾਰੇ ਪਾ. ੧੦)*

## ਸ਼ਰਾਬ ਅਤੇ ਮਾਸ

ਕਿਉਂਕਿ ਨਾ ਤਾਂ ਕੋਈ ਸਾਡੇ ਵਿਚੋਂ ਆਪਣੇ ਲਈ ਜਿਉਂਦਾ ਹੈ ਅਤੇ ਨਾ ਕੋਈ ਆਪਣੇ ਲਈ ਮਰਦਾ ਹੈ, ਇਸ ਲਈ ਅਸੀਂ ਉਹਨਾਂ ਗੱਲਾਂ ਲਈ ਜ਼ਤਨਸ਼ੀਲ ਰਹੀਏ ਜਿਹਨਾਂ ਨਾਲ ਸ਼ਾਂਤੀ ਅਤੇ ਇਕ ਦੂਜੇ ਦੀ ਉਨਤੀ ਹੁੰਦੀ ਹੈ।

ਚੰਗਾਂ ਤਾਂ ਇਹੀ ਹੈ ਕਿ ਤੁਸੀਂ ਨਾ ਮਾਸ ਖਾਉ ਅਤੇ ਨਾ ਹੀ ਸ਼ਰਾਬ ਪੀਉ ਅਤੇ ਨਾ ਹੀ ਕੁਝ ਅਜਿਹਾ ਕਰੋ ਜਿਸ ਨਾਲ ਤੁਹਾਡੇ ਸਾਥੀ-ਭਰਾਵਾਂ ਨੂੰ ਠੋਹਕਰ ਲਗੇ, ਉਹ ਦੁਰਬਲ ਹੋਣ ਅਤੇ ਉਹਨਾਂ ਦਾ ਪਤਨ ਹੋਵੇ।

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-15/7, 19, 21)*

*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*
*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥*
*ਪੰਨਾ - 554*

## ਮੰਗੋਗੇ ਤਾਂ ਮਿਲੇਗਾ

ਮੰਗੋਗੇ ਤਾਂ ਦਿਤਾ ਜਾਵੇਗਾ, ਢੂੰਡੋਗੇ ਤਾਂ ਪਾਉਗੇ, ਖਟਖਟਾਉਗੇ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ, ਕਿਉਂਕਿ ਜੋ ਕੋਈ ਮੰਗਦਾ ਹੈ ਉਸਨੂੰ ਮਿਲਦਾ ਹੈ, ਜੋ ਢੂੰਡਦਾ ਹੈ ਉਹ ਪਾਂਦਾ ਹੈ ਅਤੇ ਜੋ ਖਟਖਟਾਉਂਦਾ ਹੈ, ਉਸਨੂੰ ਖੋਲ੍ਹਿਆ ਜਾਂਦਾ ਹੈ।

ਕੌਣ ਅਜਿਹਾ ਮਨੁੱਖ ਹੈ ਜੋ ਆਪਣੇ ਪੁੱਤਰ ਨੂੰ ਰੋਟੀ ਮੰਗਣ ਉਪਰ ਪੱਥਰ ਦੇਵੇਗਾ? ਜੇ ਬੁਰਾ ਹੋ ਕੇ ਵੀ ਮਨੁੱਖ ਆਪਣੇ ਬੱਚਿਆਂ ਨੂੰ ਚੰਗੀਆਂ ਵਸਤਾਂ ਦੇਣ ਲਈ ਤਤਪਰ ਰਹਿੰਦਾ ਹੈ ਤਾਂ ਪਰਮ ਪਿਤਾ ਪਰਮਾਤਮਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਕਿਉਂ ਨਹੀਂ ਦੇਵੇਗਾ। *(ਮੱਤੀ-7/7-11)*

*ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ॥*
*ਪੰਨਾ - 681*

## ਕਰਮ ਅਤੇ ਫਲ

ਮਨੁੱਖ ਜੋ ਬੋਏਗਾ, ਉਹੀ ਕਟੇਗਾ। ਜੇ ਕੋਈ ਸਰੀਰਕ ਵਾਸ਼ਨਾਵਾਂ ਲਈ ਬੋਏਗਾ, ਉਸਨੂੰ ਵਿਨਾਸ਼ ਦੀ ਫਸਲ ਕੱਟਣੀ ਪਵੇਗੀ ਅਤੇ ਜੋ ਆਤਮਾ ਲਈ ਬੋਏਗਾ, ਉਹ ਆਤਮਾ ਦੁਆਰਾ ਅਨੰਤ ਜੀਵਨ ਦੀ ਫਸਲ ਕਟੇਗਾ।

ਇਸ ਲਈ ਸਾਨੂੰ ਸ਼ੁਭ ਕਰਮ ਕਰਨ ਲਈ ਨਾ ਤਾਂ ਆਲਸ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਕਤਾਣਾ ਚਾਹੀਦਾ ਹੈ, ਤਾਂ ਹੀ ਅਸੀਂ ਠੀਕ ਸਮੇਂ ਤੇ ਫਸਲ ਕੱਟ ਸਕਾਂਗੇ।

*(ਗਲਤੀਆਂ ਦੇ ਨਾਮ ਪੌਲੁਸ ਦਾ ਪੱਤਰ-6/7-9)*

ਈਸ਼ਵਰ ਹਰੇਕ ਨੂੰ ਉਸਦੇ ਕਰਮਾਂ ਅਨੁਸਾਰ ਫਲ ਦੇਵੇਗਾ। ਜੋ ਕਰਮ ਵਿਚ ਸਥਿਰ ਰਹਿ ਕੇ ਮਹਿਮਾ, ਆਦਰ ਅਤੇ ਅਮਰਤਾ ਦੀ ਖੋਜ ਵਿਚ ਹਨ, ਉਹਨਾਂ ਨੂੰ ਅਨੰਤ ਜੀਵਨ ਦੇਵੇਗਾ। ਪਰ ਜੋ ਵਿਵਾਦੀ ਹਨ ਅਤੇ ਸੱਚ ਨੂੰ ਨਹੀਂ ਮੰਨਦੇ, ਸਗੋਂ ਅਧਰਮ ਨੂੰ ਮੰਨਦੇ ਹਨ, ਉਹ ਰੱਬ ਦੇ ਕੋਪ ਅਤੇ ਕ੍ਰੋਧ ਦੇ ਪਾਤਰ ਬਣਨਗੇ, ਕਿਉਂਕਿ ਈਸ਼ਵਰ ਪੱਖਪਾਤੀ ਨਹੀਂ ਹੈ।

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-2/6-11)*

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*** *ਪੰਨਾ - 134*
***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
*ਪੰਨਾ - 433*

## ਕਰਮਕਾਂਡੀ-ਦੰਭੀ-ਨਿੰਦਕ

ਕਰਮਕਾਂਡੀ ਸ਼ਾਸਤ੍ਰੀ ਅਤੇ ਫਰੀਸੀ ਮੂਸਾ ਦੀ ਗੱਦੀ ਤੇ ਬੈਠੇ ਹਨ। ਇਸ ਲਈ ਉਹ ਜੋ ਕੁਝ ਕਹਿਣ, ਉਹ ਕਰਨਾ ਅਤੇ ਮੰਨਣਾ ਪਰ ਜੋ ਕੁਝ ਉਹ ਕਰਦੇ ਹਨ, ਉਹ ਨਾ ਕਰਨਾ ਕਿਉਂਕਿ ਉਹ ਜੋ ਕਹਿੰਦੇ ਹਨ, ਉਹ ਕਰਦੇ ਨਹੀਂ। *(ਮਤੀ-23/2-3)*

ਹੇ ਸ਼ਾਸਤ੍ਰੀਉ ਅਤੇ ਫਰੀਸੀਉ, ਹੇ ਢੌਂਗੀਉ, ਤੁਹਾਨੂੰ ਧਿਤਕਾਰ! ਕਿਉਂਕਿ ਤੁਸੀਂ ਵਿਧਵਾਵਾਂ ਦੀਆਂ ਜਾਇਦਾਦਾਂ ਹੜੱਪ ਜਾਂਦੇ ਹੋ ਅਤੇ ਦਿਖਾਵਾ-ਮਾਤਰ ਲੰਮੀਆਂ-ਲੰਮੀਆਂ ਪ੍ਰਾਰਥਨਾਵਾਂ ਕਰਦੇ ਹੋ, ਇਸ ਕਾਰਣ ਤੁਸੀਂ ਮਹਾਨ ਦੰਡ ਦੇ ਭਾਗੀ ਬਣੋਗੇ।

ਹੇ ਸ਼ਾਸਤ੍ਰੀਉ ਅਤੇ ਫਰੀਸੀਉ, ਹੇ ਢੌਂਗੀਉ, ਤੁਹਾਡੇ ਤੇ ਲਾਹਨਤ! ਤੁਸੀਂ ਇਕ ਮਨੁੱਖ ਨੂੰ ਆਪਣੇ ਪੰਥ ਵਿਚ ਲਿਆਉਣ ਲਈ ਸਾਰੇ ਸਾਗਰ ਅਤੇ ਭੂਮੀਆਂ ਪਾਰ ਕਰ ਜਾਂਦੇ ਹੋ ਅਤੇ ਜਦੋਂ ਉਹ ਤੁਹਾਡੇ ਪੰਥ ਵਿਚ ਆ ਜਾਂਦਾ ਹੈ ਤਾਂ ਉਸਨੂੰ ਆਪਣੇ ਤੋਂ ਵੱਧ ਨਰਕੀ ਬਣਾ ਦਿੰਦੇ ਹੋ।

ਹੇ ਸਾਸ਼ਤ੍ਰੀਉ ਅਤੇ ਫਰੀਸੀਉ, ਹੇ ਢੌਂਗੀਉ, ਤੁਹਾਨੂੰ ਧਿਤਕਾਰ ਹੈ! ਤੁਸੀਂ ਪੁਦੀਨੇ, ਸੌਂਫ ਅਤੇ ਜੀਰੇ ਦਾ ਦਸਵਾਂ ਹਿੱਸਾ ਧਰਮਾਰਥ ਦਿੰਦੇ ਹੋ, ਪਰ ਵਿਵਸਥਾ ਸਾਸ਼ਤ੍ਰ ਦੀਆਂ ਗੰਭੀਰ ਗੱਲਾਂ ਅਰਥਾਤ ਨਿਆਂ, ਦਇਆ ਅਤੇ ਸ਼ਰਧਾ ਵਲੋਂ ਅਵੇਸਲੇ ਹੋ। ਚਾਹੀਦਾ ਤਾਂ ਇਹ ਸੀ ਕਿ ਇਹਨਾਂ ਨਿੱਕੀਆਂ-ਨਿੱਕੀਆਂ ਵਸਤੂਆਂ ਨੂੰ ਤਿਆਗੇ ਬਿਨਾਂ ਤੁਸੀਂ ਇਹਨਾਂ ਮਹੱਤਵਪੂਰਣ ਗੱਲਾਂ ਨੂੰ ਵੀ ਆਪਣੇ ਜੀਵਨ ਵਿਚ ਅਪਣਾਉਂਦੇ।

ਹੇ ਅੰਨ੍ਹੇ ਮਾਰਗ-ਦਰਸ਼ਕੋ! ਤੁਸੀਂ ਮੱਛਰ ਨੂੰ ਤਾਂ ਛਾਨਣੀ ਵਿਚ ਛਾਣ ਲੈਂਦੇ ਹੋ, ਪਰ ਊਠ ਨੂੰ ਨਿਗਲ ਜਾਂਦੇ ਹੋ।

ਹੇ ਸਾਸ਼ਤ੍ਰੀਉ ਅਤੇ ਫਰੀਸੀਉ, ਹੇ ਢੌਂਗੀਉ, ਤੁਹਾਨੂੰ ਧਿਤਕਾਰ ਹੈ। ਤੁਸੀਂ ਕਟੋਰੇ ਅਤੇ ਥਾਲੀ ਨੂੰ ਉਪਰੋਂ-ਉਪਰੋਂ ਤਾਂ ਮਾਂਜਦੇ ਹੋ ਪਰ ਉਹ ਅੰਦਰੋਂ ਅਤਿਆਚਾਰ ਅਤੇ ਅਸੰਜਮ ਦੀ ਗੰਦਗੀ ਨਾਲ ਭਰੇ ਹੁੰਦੇ ਹਨ।

ਹੇ ਅੰਨ੍ਹੇ ਫਰੀਸੀ! ਪਹਿਲਾਂ ਕਟੋਰੇ ਅਤੇ ਥਾਲੀ ਨੂੰ ਅੰਦਰੋਂ ਮਾਂਜ ਤਾਂ ਜੋ ਉਹ ਬਾਹਰੋਂ ਵੀ ਸਵੱਛ ਹੋ ਨਿਬੜੇ।

*(ਮੱਤੀ - 23/14-26)*

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥***
*ਪੰਨਾ - 729*

***ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥***
***ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥***
*ਪੰਨਾ - 729*

## ਉਪਵਾਸ

ਜਦੋਂ ਉਪਵਾਸ ਕਰੋ ਤਾਂ ਢੌਂਗੀਆਂ ਵਾਂਗ ਮੂੰਹ ਨਾ ਬਣਾਈ ਰਖੋ ਕਿ ਲੋਕ ਤੁਹਾਨੂੰ ਉਪਵਾਸੀ ਸਮਝਣ। ਢੌਂਗੀਆਂ ਦੀ ਨਿਆਈਂ ਤੁਹਾਡੇ ਚਿਹਰੇ ਤੇ ਉਦਾਸੀ ਨਹੀਂ ਛਾਈ ਹੋਣੀ ਚਾਹੀਦੀ। ਤੁਸੀਂ ਇਸ ਦੇ ਉਲਟ ਸਿਰ ਉਪਰ ਤੇਲ ਮਲ ਕੇ ਅਤੇ ਮੂੰਹ ਧੋ ਕੇ ਆਪਣਾ ਮੂੰਹ-ਮੱਥਾ ਸੰਵਾਰੋ ਤਾਂ ਜੋ ਲੋਕਾਂ ਨੂੰ ਨਹੀਂ, ਅੰਤਰਜਾਮੀ ਪਿਤਾ ਨੂੰ ਪਤਾ ਲਗੇ ਕਿ ਤੁਸਾਂ ਉਪਵਾਸ ਰੱਖਿਆ ਹੈ। ਅਜਿਹੀ ਹਾਲਤ ਵਿਚ ਉਹ ਤੁਹਾਨੂੰ ਜ਼ਰੂਰ ਫਲ ਦੇਵੇਗਾ।

*(ਮੱਤੀ-6/16-18)*

## ਦੂਜਿਆਂ ਉਪਰ ਦੋਸ਼-ਅਰੋਪ

ਕਿਸੇ ਉਪਰ ਦੋਸ਼ ਨਾ ਲਗਾਉ ਤਾਂ ਜੋ ਤੁਹਾਡੇ ਉਪਰ ਵੀ ਦੋਸ਼ ਨਾ ਲਗਾਇਆ ਜਾਏ, ਕਿਉਂਕਿ ਜਿਸ ਕਸੌਟੀ ਨਾਲ ਤੁਸੀਂ ਤੋਲੋਗੇ, ਉਹੀ ਤੁਹਾਡੇ ਉਪਰ ਵੀ ਲਾਗੂ ਹੋਵੇਗੀ ਅਤੇ ਜਿਸ ਨਾਪ ਨਾਲ ਤੁਸੀਂ ਨਾਪਦੇ ਹੋ, ਉਸੇ ਨਾਲ ਤੁਸੀਂ ਵੀ ਨਾਪੇ ਜਾਉਗੇ। ਤੁਸੀਂ ਆਪਣੇ ਭਰਾ-ਸਾਥੀ ਦੀ ਅੱਖ ਦੇ ਤਿਨਕੇ ਨੂੰ ਕਿਉਂ ਦੇਖਦੇ ਹੋ ਅਤੇ ਆਪਣੀ ਅੱਖ ਦਾ ਸ਼ਤੀਰ ਤੁਹਾਨੂੰ ਕਿਉਂ ਨਹੀਂ ਦਿਸਦਾ। ਤੁਸੀਂ ਆਪਣੀ ਅੱਖ ਦੇ ਸ਼ਤੀਰ ਦੇ ਹੁੰਦਿਆਂ ਦੂਜੇ ਦੀ ਅੱਖ ਦਾ ਤਿਨਕਾ ਨਹੀਂ ਕੱਢ ਸਕਦੇ। ਇਸ ਲਈ ਢੌਂਗ ਨਾ ਰਚਾਉ। ਪਹਿਲਾਂ ਆਪਣੀ ਅੱਖ ਦਾ ਸ਼ਤੀਰ ਕੱਢੋ, ਫੇਰ ਹੀ ਤੁਸੀਂ ਕਿਸੇ ਦੀ ਅੱਖ ਦਾ ਤਿਨਕਾ ਕੱਢ ਸਕੋਗੇ। *(ਮੱਤੀ-7/1-5)*

ਹੇ ਦੋਸ਼ ਲਗਾਣ ਵਾਲੇ ਮਨੁੱਖ! ਜਿਸ ਗੱਲ ਲਈ ਤੂੰ ਦੂਜਿਆਂ ਉਪਰ ਦੋਸ਼ ਲਗਾਂਦਾ ਹੈਂ, ਉਸੇ ਗੱਲ ਲਈ ਆਪਣੇ ਆਪ ਨੂੰ ਵੀ ਦੋਸ਼ੀ ਠਹਿਰਾਂਦਾ ਹੈਂ, ਇਸ ਲਈ ਕਿ ਤੂੰ ਜੋ ਦੋਸ਼ ਲਗਾਂਦਾ ਹੈਂ, ਖ਼ੁਦ ਉਹੀ ਕੰਮ ਕਰਦਾ ਹੈਂ।

ਹੇ ਮਨੁੱਖ! ਤੂੰ ਜੋ ਵੀ ਦੋਸ਼ ਲਗਾਂਦਾ ਹੈਂ, ਕੀ ਇਹ ਸਮਝਦਾ ਹੈਂ, ਕਿ ਤੂੰ ਈਸ਼ਵਰ ਦੇ ਦੰਡ ਤੋਂ ਬਚ ਨਿਕਲੇਂਗਾ?

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-2/1-3)*

***ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥***
*ਪੰਨਾ - 473*
***ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥*** *ਪੰਨਾ - 991*
***ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥*** *ਪੰਨਾ - 566*

✡ ✡ ✡ ✡ ✡ ✡ ✡ ✡ ✡ ✡

# ਮੁਢਲੀ ਸਿੱਖਿਆ

*ਡਾ. ਬੀਬੀ ਤੇਜਿੰਦਰ ਮਲਹੋਤਰਾ*

ਅੱਜ ਦੀਆਂ ਬਦਲਦੀਆਂ ਕਦਰਾਂ ਕੀਮਤਾਂ ਨੇ ਇਸ ਕਲਜੁਗੀ ਜੀਵ ਨੂੰ ਇਹੋ ਜਿਹੇ ਮੋੜ ਤੇ ਖੜ੍ਹਾ ਕਰ ਦਿਤਾ ਹੈ ਜਿਥੇ ਹਰ ਚੀਜ਼ ਨੂੰ ਕੇਵਲ ਪੈਸੇ ਨਾਲ ਹੀ ਤੋਲਿਆ ਜਾਣ ਲਗ ਪਿਆ ਹੈ, ਜਿਥੇ ਕਿ ਏਸ ਦਾ ਪ੍ਰਭਾਵ ਰੋਜ਼ਾਨਾ ਜੀਵਨ ਤੇ ਤਾਂ ਪਿਆ ਹੀ ਹੈ, ਸਿੱਖਿਆ ਤੇ ਸਭ ਤੋਂ ਵਧ ਪਿਆ ਹੈ - ਸਿਖਿਆ ਦੇ ਹਰ ਪਹਿਲੂ ਤੇ ਸਮਾਜ ਤੇ। ਪੈਸੇ ਦੀ ਪ੍ਰਾਪਤੀ, ਵਰਤਣ ਵਾਲੀਆਂ ਚੀਜ਼ਾਂ ਨੂੰ ਪ੍ਰਾਪਤ ਕਰਨ ਦੀ ਲਗੀ ਦੌੜ ਨੇ ਕਾਫੀ ਹੱਦ ਤਕ ਮਨੁੱਖ ਨੂੰ ਬੇਚੈਨ ਕਰ ਦਿਤਾ ਹੈ। ਅੱਜ ਦੀ ਸਿਖਿਆ ਦਾ ਇਸ ਵਿਚ ਬਹੁਤ ਹੱਥ ਹੈ।

ਬਦਲਦੀਆਂ ਕੀਮਤਾਂ ਨੇ ਵੱਡੇ ਪ੍ਰਵਾਰਾਂ ਨੂੰ ਤੋੜ ਕੇ ਇਕਹਿਰੇ ਪ੍ਰਵਾਰਾਂ ਵਿਚ ਬਦਲ ਦਿਤਾ ਹੈ, ਜਿਥੇ ਅੱਜ ਦੇ ਸਮੇਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਘਰ ਦੇ ਦੋਵੇਂ ਜੀ ਦੋਨੋਂ ਹੱਥਾਂ ਨਾਲ ਪੈਸੇ ਕਮਾਉਣ ਲਗੇ ਹੋਏ ਹਨ ਤੇ ਫੇਰ ਵੀ ਬਹੁਤ ਸਾਰਿਆਂ ਘਰਾਂ ਵਿਚ ਹਾਲੇ ਵੀ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਅੱਜ ਦੇ ਪ੍ਰਵਾਰ ਦੀ ਸਭ ਤੋਂ ਵੱਡੀ ਸਮੱਸਿਆ ਬੱਚਿਆਂ ਦੀ ਸਿਖਿਆ ਹੈ। ਜਿਸ ਘਰ ਵਿਚ ਵੀ ਛੋਟੇ ਬੱਚੇ ਹਨ, ਉਥੇ ਇਕੋ ਹੀ ਸਵਾਲ ਬਾਰ-ਬਾਰ ਉਠਦਾ ਹੈ- ਇਸ ਬੱਚੇ ਨੂੰ ਕਿਥੇ ਦਾਖਲ ਕਰਾਉਣਾ ਹੈ, ਕਿਵੇਂ ਇਹ ਹੋਵੇਗਾ? ਇਸ ਦਾ ਸਭ ਤੋਂ ਵੱਡਾ ਕਾਰਣ ਹੈ ਸਰਕਾਰੀ ਸਕੂਲਾਂ ਦਾ, ਉਸ ਪੱਧਰ ਦੀ ਸਿਖਿਆ, ਨਾ ਦੇ ਸਕਣਾ ਜੋ ਕਿ ਅੱਜ ਦੇ ਸਮਾਜ ਦੀਆਂ ਦੌੜਾਂ ਅਨੁਸਾਰ ਹੋਵੇ ਜਾਂ ਏਵੇਂ ਕਹਿ ਲਵੋ ਜੋ ਕਿ ਅੱਜ ਦਾ ਸਮਾਜ ਪ੍ਰਵਾਨ ਕਰਦਾ ਹੋਵੇ, ਉਹ ਸਮਾਜ ਜੋ ਕਿ ਆਰਥਿਕ ਪਖੋਂ ਉਚਾ ਵਰਗ ਹੈ। ਫੇਰ ਗਲ ਆਉਂਦੀ ਹੈ ਉਨ੍ਹਾਂ ਦੁਕਾਨਾਂ ਦੀ ਜੋ ਕਿ ਹਰ ਵੱਡੇ ਸ਼ਹਿਰ ਵਿਚ ਹਰ ਦਸਵੇਂ ਘਰ ਵਿਚ ਖੁਲ੍ਹੀਆਂ ਹੋਈਆਂ ਹਨ। ਜਿਥੇ ਬੱਚਿਆਂ ਦੇ ਬੈਠਣ ਦੀ, ਉਨ੍ਹਾਂ ਦੇ ਖੇਡਣ ਦੀ, ਉਨ੍ਹਾਂ ਦੀ ਪੜ੍ਹਾਈ ਲਈ ਲੋੜੀਂਦੇ ਵਾਤਾਵਰਣ ਤੋਂ ਕਿਤੇ ਦੂਰ ਹੈ, ਭਾਵ creche, (ਛੋਟੇ ਬੱਚਿਆਂ ਦੇ ਰੱਖਣ ਦਾ ਸਥਾਨ), play school (ਜਿਥੇ ਖੇਡਾਂ ਨਾਲ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ), ਬਾਲਵਾੜੀਆਂ ਆਦਿ।

ਛੋਟੇ ਪਰਿਵਾਰਾਂ ਵਿਚ ਜਦੋਂ ਬੱਚਾ ਪੈਦਾ ਹੁੰਦਾ ਹੈ, ਜਿਥੇ ਮਾਤਾ ਪਿਤਾ ਦੋਵੇਂ ਹੀ ਕੰਮ ਤੇ ਜਾਂਦੇ ਹਨ, ਪਹਿਲੇ ਕੁਛ ਮਹੀਨੇ ਤਾਂ ਮਾਂ ਛੁੱਟੀ ਤੇ ਰਹਿੰਦੀ ਹੈ, ਜਿੰਨੀ ਵੀ ਉਹ ਲੈ ਸਕੇ। ਛੇ ਮਹੀਨੇ ਤਾਂ ਹਰ ਮਾਂ ਦੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਉਹ ਬੱਚੇ ਨੂੰ ਘਰ ਨਾ ਛੱਡੇ ਤੇ ਕੋਈ ਵੀ creche 6 ਮਹੀਨੇ ਜਾਂ 9 ਮਹੀਨੇ ਤੋਂ ਘੱਟ ਬੱਚਾ ਨਹੀਂ ਲੈਂਦਾ। ਜਦੋਂ ਵੀ ਮਾਂ ਨੇ ਕੰਮ ਤੇ ਜਾਣਾ ਸ਼ੁਰੂ ਕਰਨਾ ਹੁੰਦਾ ਹੈ, ਸਭ ਤੋਂ ਪਹਿਲਾਂ ਇਹ ਚਿੰਤਾ ਸ਼ੁਰੂ ਹੁੰਦੀ ਹੈ ਕਿ ਬੱਚੇ ਨੂੰ ਕਿਥੇ ਛੱਡਣਾ ਹੈ ਤੇ ਢੂੰਡ ਸ਼ੁਰੂ ਹੁੰਦੀ ਹੈ - creche ਦੀ, ਬਾਲਵਾੜੀ ਦੀ ਤੇ ਫੇਰ play school ਤੇ nursery ਦੀ। ਇਨ੍ਹਾਂ ਸਾਰਿਆਂ ਦੇ ਨਾਮ ਤਾਂ ਬਹੁਤ ਸੁੰਦਰ ਹਨ ਪਰ ਅੰਦਰੋਂ ਇਹ ਘੱਟ ਹੀ ਐਨੇ ਸੋਹਣੇ ਹਨ।

ਅਸਲ ਵਿਚ ਅਸੀਂ ਬਹੁਤ ਸਾਰੀਆਂ ਚੀਜ਼ਾਂ ਬਾਹਰ ਦੇ ਮੁਲਕਾਂ ਤੋਂ ਨਕਲ ਕਰਕੇ ਹੀ ਲਈਆਂ ਹਨ ਤੇ ਜਦੋਂ ਵੀ ਅਸੀਂ ਬਾਹਰਲੀਆਂ ਚੀਜ਼ਾਂ ਅਪਣਾਉਂਦੇ ਹਾਂ, ਅਸੀਂ ਆਪਣੇ ਸਭਿਆਚਾਰ, ਜ਼ਰੂਰਤਾਂ ਤੇ ਸਮਾਜਿਕ ਰੂਪ-ਰੇਖਾ ਨੂੰ ਬਿਲਕੁਲ ਭੁੱਲ ਜਾਂਦੇ ਹਾਂ ਤੇ ਕਤੱਈ ਨਹੀਂ ਵਿਚਾਰਦੇ ਕਿ ਇਹ ਕਿਥੋਂ ਤਕ ਸਾਡੇ ਤੇ ਲਾਗੂ ਹੋ ਸਕਦੀਆਂ ਹਨ।

ਬਾਹਰ ਦੇ ਮੁਲਕਾਂ ਵਿਚ ਇਹ creche, play school, nurseries ਬੜੇ ਹੀ ਸੁਚਾਰੂ ਢੰਗ ਨਾਲ ਚਲਾਈਆਂ ਜਾਂਦੀਆਂ ਹਨ, ਬੱਚੇ ਦੀ ਹਰ ਜ਼ਰੂਰਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਥੋਂ ਦੇ ਸਭ ਤੋਂ ਵਧੀਆ ਸਕੂਲ ਵੀ ਓਥੋਂ ਦੇ ਸਭ ਤੋਂ ਘਟੀਆ ਸਕੂਲ ਦੇ ਮੁਕਾਬਲੇ ਤੇ ਕੁਛ ਵੀ ਨਹੀਂ। ਜਿਹੜੀਆਂ ਸੰਸਥਾਵਾਂ creche ਚਲਾਉਂਦੀਆਂ ਹਨ, ਉਹ ਪੜ੍ਹੇ ਲਿਖੇ ਸਟਾਫ ਤੋਂ ਇਲਾਵਾ ਨਰਸ (nurse), ਡਾਕਟਰ ਤੇ ਬੱਚੇ ਦੇ ਖੇਡਣ ਦੀਆਂ ਸਾਰੀਆਂ ਚੀਜ਼ਾਂ ਰਖਦੇ ਹਨ, ਬੜੇ ਰਿਝਾਣ ਵਾਲੇ play room ਹੁੰਦੇ ਹਨ, ਬੱਚੇ ਦੇ ਆਰਾਮ ਲਈ ਸਾਰੀਆਂ ਗੱਲਾਂ ਦਾ ਧਿਆਨ ਰਖਿਆ ਜਾਂਦਾ ਹੈ। ਉਸ ਦੇ ਵਿਤ ਦੀਆਂ ਸਾਰੀਆਂ ਚੀਜ਼ਾਂ ਕੁਰਸੀਆਂ, ਮੇਜ਼, ਬਿਸਤਰੇ, ਨੀਵੇਂ bathroom, wash basin; ਕਹਿਣ ਤੋਂ ਭਾਵ ਹੈ ਕਿ ਬੱਚੇ ਦੀ ਉਮਰ ਮੁਤਾਬਿਕ ਹੀ ਸਭ ਕੁਝ ਰੱਖਿਆ ਜਾਂਦਾ ਹੈ।

ਏਸ ਵਿਸ਼ੇ ਤੇ ਸਭ ਤੋਂ ਪਹਿਲਾਂ ਡਾ. ਮੈਡਮ ਮੌਂਟਸੂਰੀ ਨੇ ਧਿਆਨ ਦਿਤਾ। ਭਾਵੇਂ ਉਹ ਇਕ ਡਾਕਟਰ ਸਨ ਪਰ ਉਨ੍ਹਾਂ ਨੇ ਸਾਰੀ ਉਮਰ ਬੱਚਿਆਂ ਦੇ ਪਾਲਣ-ਪੋਸ਼ਣ ਤੇ ਮੁਢਲੀ ਸਿਖਿਆ ਕਿਵੇਂ ਹੋਵੇ, ਵਿਚ ਲਾ ਦਿਤੀ। ਉਨ੍ਹਾਂ ਦਾ ਇਹ ਵਿਸ਼ਵਾਸ਼ ਸੀ ਕਿ ਜੇ ਬੱਚੇ ਦੀਆਂ motor nerves ਤੇ ਪੱਠਿਆਂ ਦਾ ਠੀਕ ਵਿਕਾਸ ਹੋਵੇ ਤਾਂ ਬੱਚੇ ਆਉਣ ਵਾਲੇ ਜੀਵਨ ਵਿਚ ਬਹੁਤ ਸੁਲਝੇ ਹੁੰਦੇ ਹਨ। ਇਸੇ ਉਦੇਸ਼ ਨੂੰ ਮੁਖ ਰੱਖ ਕੇ ਉਨ੍ਹਾਂ ਨੇ ਬੱਚੇ ਨੂੰ ਜਿਥੇ ਖਿਡੌਣੇ ਨਾਲ ਖੇਡਣ ਵਾਸਤੇ ਜ਼ਰੂਰਤ ਸਮਝੀ, ਉਥੇ ਮਣਕੇ ਪਰੋਣੇ, ਲਕੜੀ ਦੀਆਂ ਵੱਖ-ਵੱਖ ਅਕਾਰਾਂ ਦੀ ਪਛਾਣ ਕਰਨੀ (ਚੌਰਸ, ਤਿਕੋਨੀ, ਲੰਬੀ ਆਦਿ), ਮਿਟੀ ਦੇ ਖਿਡੌਣੇ ਬਣਾਉਣੇ। ਉਨ੍ਹਾਂ ਦੇ ਬੈਠਣ ਲਈ ਉਨ੍ਹਾਂ ਦੇ ਨਾਪ ਦੀਆਂ ਕੁਰਸੀਆਂ, ਮੇਜ਼, ਉਨ੍ਹਾਂ ਦਾ ਸਮਾਨ ਰੱਖਣ ਲਈ ਛੋਟੀ ਉਚਾਈ ਦੀ ਅਲਮਾਰੀ, bathroom ਤੇ wash basins, ਜਿਥੇ ਆਪ ਹੀ ਹੱਥ ਮੂੰਹ ਧੋ ਕੇ ਆਪਣੇ ਤੌਲੀਏ ਨਾਲ ਸਾਫ ਕਰਕੇ ਤੇ ਆਪ ਹੀ ਸੰਭਾਲਣ।

ਇਨ੍ਹਾਂ ਦੇ ਹੀ ਇਕ ਹੋਰ ਸਮਕਾਲੀ ਜਰਮਨੀ ਵਿਚ ਹੋਏ ਹਨ ਜਿਨ੍ਹਾਂ ਦਾ ਨਾਮ ਸੀ - Froebel, ਜਿਨ੍ਹਾਂ ਨੇ Kindergarten ਦਾ, ਯਾਨਿ ਬੱਚਿਆਂ ਨੂੰ ਖੇਡ ਰਾਹੀਂ ਸਿਖਿਆ ਦੇਣ ਅਤੇ ਉਨ੍ਹਾਂ ਨੂੰ ਖੇਡਾਂ ਵਿਚ ਰੁਝਾਣਾ ਦੱਸਿਆ, ਕਿਸੇ ਕਿਸਮ ਦੀ ਰਵਾਇਤੀ ਸਿਖਿਆ ਦੇਣ ਦੀ ਬਜਾਏ, ਉਨ੍ਹਾਂ ਨੂੰ ਖੇਡਾਂ ਵਿਚ ਰੁਝਾ ਕੇ ਹੀ ਰੱਖਿਆ ਜਾਵੇ।

ਇਹ ਸਾਰੇ ਸਿਧਾਂਤ ਅਸੀਂ ਬਾਹਰਲੇ ਦੇਸ਼ਾਂ ਤੋਂ ਹੀ ਲਏ ਹਨ। ਪਰ ਅਸੀਂ ਉਨ੍ਹਾਂ ਨੂੰ ਕਿਤੇ ਵੀ ਉਸ ਮੁਕੰਮਲ ਤਰੀਕੇ ਨਾਲ ਲਾਗੂ ਨਹੀਂ ਕਰ ਸਕੇ, ਜਿਵੇਂ ਕਿ ਉਹ ਲੋਕ ਕਰਦੇ ਹਨ। ਜਿਵੇਂ ਕਿ ਜਦੋਂ ਅਸੀਂ creche ਦੀ ਗੱਲ ਕਰਦੇ ਹਾਂ, ਉਥੇ creche ਹਰ ਸੰਸਥਾ ਨਾਲ ਜੁੜੇ ਹੁੰਦੇ ਹਨ ਤਾਂ ਜੋ ਕਦੀ ਵੀ ਮਾਂ ਜਾ ਕੇ ਦੇਖ ਸਕਦੀ ਹੈ ਤੇ ਉਹ ਬੱਚੇ ਦੀ ਦੇਖ-ਰੇਖ ਕਰ ਸਕਦੀ ਹੈ। ਇਥੇ ਇਸ ਤਰ੍ਹਾਂ ਨਹੀਂ ਹੈ। ਪਰ ਹੋ ਸਕਦਾ ਹੈ ਜੇ ਹਰੇਕ ਸੰਸਥਾ ਨਹੀਂ ਤਾਂ ਨੇੜੇ-ਨੇੜੇ ਦੀਆਂ

ਦੋ ਚਾਰ ਸੰਸਥਾਵਾਂ ਮਿਲਕੇ ਖੋਲ੍ਹ ਸਕਦੀਆਂ ਹਨ ਜਿਥੇ ਕਿ ਮਾਂ ਅੱਧੀ ਛੁੱਟੀ ਵਕਤ ਜਾਂ ਵਿਚੋਂ ਕਦੀ ਵੀ ਜਾ ਕੇ ਬੱਚੇ ਨੂੰ ਦੇਖ ਸਕਦੀ ਹੈ ਤੇ ਸਵੇਰੇ ਆਪ ਜਦੋਂ ਕੰਮ ਤੇ ਜਾਵੇ ਤੇ ਬੱਚੇ ਨੂੰ ਛੱਡ ਦੇਵੇ ਤੇ ਆਉਂਦੇ ਹੋਏ ਲੈਂਦੀ ਆਵੇ। ਸਾਡੇ ਦੇਸ਼ ਦੇ ਬਹੁਤ ਸਾਰੇ creche ਜਾਂ ਤਾਂ Child Welfare Association ਵਾਲੇ ਚਲਾਉਂਦੇ ਹਨ ਜਾਂ ਕੋਈ private agencies ਜਾਂ ਫੇਰ ਹਰ ਦਸਵਾਂ ਘਰ ਸ਼ਹਿਰਾਂ ਵਿਚੋਂ ਤੁਸੀਂ ਦੇਖੋਗੇ ਕਿ ਇਕ creche ਜਾਂ ਨਰਸਰੀ ਬਣੀ ਹੋਈ ਹੈ ਜਿਨ੍ਹਾਂ ਦਾ ਉਦੇਸ਼ ਕੇਵਲ ਪੈਸੇ ਕਮਾਉਣਾ ਹੈ ਤੇ ਜਿਥੇ ਕੋਈ ਵੀ ਸੁਵਿਧਾ ਨਹੀਂ - ਨਾ ਆਇਆ, ਨਾ ਖਿਡੌਣੇ, ਨਾ ਆਰਾਮ ਕਰਨ ਦੀ ਜਗ੍ਹਾ; ਡਾਕਟਰ ਤੇ ਨਰਸ ਦੀ ਗੱਲ ਤਾਂ ਦੂਰ ਰਹੀ। ਸ਼ਹਿਰਾਂ ਦੇ ਨੇੜੇ ਜਿਹੜੇ ਪਿੰਡ ਲਗਦੇ ਹਨ, ਉਥੇ ਬਾਲਵਾੜੀਆਂ ਹਨ ਜੋ Block Development Officer ਦੇ ਥੱਲੇ ਕੰਮ ਕਰਦੀਆਂ ਹਨ, ਜਿਥੇ ਬੱਚਿਆਂ ਦੇ ਖਾਣ ਲਈ, ਖੇਡਣ ਲਈ, ਪੜ੍ਹਨ ਲਈ ਸਭ ਕੁਝ ਦਿਤਾ ਜਾਂਦਾ ਹੈ ਪਰ ਬੱਚਿਆਂ ਨੂੰ ਸਚਮੁਚ ਕਿੰਨਾਂ ਕੁ ਮਿਲਦਾ ਹੈ? ਇਹ ਦੇਖਣ ਤੇ ਪਤਾ ਲਗ ਸਕਦਾ ਹੈ। ਇਹੋ ਹੀ ਹਾਲ ਨਰਸਰੀ ਸਕੂਲਾਂ ਦਾ ਹੈ, ਜੋ ਕਿ ਸ਼ਹਿਰ ਦੇ ਹਰ ਪੰਜਵੇਂ ਸਤਵੇਂ ਘਰ ਵਿਚ ਖੁੱਲ੍ਹਿਆ ਹੋਇਆ ਹੈ, ਜਿਥੇ ਬਜਾਇ ਇਸਦੇ ਕਿ ਬੱਚਿਆਂ ਦੇ ਸਰੀਰਕ, ਮਾਨਸਿਕ, ਸਮਾਜਿਕ, ਸੰਵੇਦਨ ਵਿਕਾਸ ਦਾ ਧਿਆਨ ਰੱਖਿਆ ਜਾਵੇ, ਸਗੋਂ ਉਨ੍ਹਾਂ ਨੂੰ ਕੈਦੇ ਤੇ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਹਨ। ਇਸ ਗੱਲ ਵਿਚ ਫਖਰ ਮਹਿਸੂਸ ਕੀਤਾ ਜਾਂਦਾ ਹੈ ਕਿ ਬੱਚੇ ਨੇ ਏਨਾਂ ਪੜ੍ਹ ਲਿਆ ਹੈ। ਅਫਸੋਸ ਇਸ ਗੱਲ ਦਾ ਹੈ ਕਿ ਮਾਤਾ ਪਿਤਾ ਵੀ ਏਸ ਗੱਲ ਨਾਲ ਸਹਿਮਤ ਹਨ ਕਿ ਬੱਚੇ ਨੂੰ ਪੜ੍ਹਾਇਆ ਜਾਵੇ, ਬੱਚੇ ਨੇ ਕਿੰਨੀ ਅੰਗ੍ਰੇਜ਼ੀ ਸਿੱਖ ਲਈ, ਕਿੰਨੀਆਂ ਕਵਿਤਾਵਾਂ ਅੰਗਰੇਜ਼ੀ ਦੀਆਂ ਸੁਣਾ ਸਕਦਾ ਹੈ, ਕਿੰਨਾ ਹਿਸਾਬ ਦੱਸ ਸਕਦਾ ਹੈ। ਪਰ ਇਸ ਤਰ੍ਹਾਂ ਕਰਨ ਨਾਲ ਉਹ ਆਪ, ਤੇ ਸਕੂਲ ਵਾਲੇ ਕਿੰਨੀ ਭੁੱਲ ਕਰ ਰਹੇ ਹਨ, ਉਹ ਨਹੀਂ ਜਾਣਦੇ। ਉਹ ਬੱਚੇ ਦੀਆਂ ਸਾਰੀਆਂ ਸਿਰਜਨਾਤਮਕ ਬਿਰਤੀਆਂ ਖਤਮ ਕਰ ਰਹੇ ਹਨ। ਮਨੋਵਿਗਿਆਨਕ ਇਹੋ ਹੀ ਕਹਿੰਦੇ ਹਨ ਕਿ ਬੱਚੇ ਤੇ ਕਿਸੇ ਵੀ ਚੀਜ਼ ਲਈ ਜ਼ੋਰ ਨਹੀਂ ਪਾਉਣਾ ਚਾਹੀਦਾ। ਬਾਹਰਲੇ ਦੇਸਾਂ ਵਿਚ ਬੱਚੇ ਨੂੰ ਮੁੱਢਲੇ ਸਾਲਾਂ ਵਿਚ ਕੁਝ ਵੀ ਨਹੀਂ ਪੜ੍ਹਾਇਆ ਜਾਂਦਾ, ਕੇਵਲ ਇਕ ਕਿਸਮ ਦੇ ਸੰਜਮੀ ਵਾਤਾਵਰਣ ਵਿਚ ਰੱਖਿਆ ਜਾਂਦਾ ਹੈ ਜੋ ਕਿ ਬੱਚੇ ਦੀਆਂ ਜ਼ਰੂਰਤਾਂ ਅਨੁਸਾਰ ਪੂਰੀ ਤਰ੍ਹਾਂ ਤਿਆਰ ਕੀਤਾ ਗਿਆ ਹੈ, ਤੇ ਬੱਚੇ ਦੀ ਪੂਰੀ ਦੇਖ-ਰੇਖ ਕੀਤੀ ਜਾਂਦੀ ਹੈ - ਬਿਨਾਂ ਰੋਕ-ਟੋਕ ਦੇ। ਉਸ ਦਾ ਮਾਰਗ ਦਰਸ਼ਨ ਕੀਤਾ ਜਾਂਦਾ ਹੈ।

ਅਸੀਂ ਬਹੁਤ ਕੁਝ ਤੇ ਕੀ, ਅੱਜ ਤਕ ਆਪਣੇ ਸਭਿਆਚਾਰ ਤੇ ਜੁਗਰਾਫੀਏ ਮੁਤਾਬਿਕ ਬੱਚਿਆਂ ਲਈ ਕੈਦੇ ਹੀ ਨਹੀਂ ਤਿਆਰ ਕਰ ਸਕੇ। ਲਾਹੌਲ-ਸਪਿਟੀ ਵਰਗੇ ਇਲਾਕੇ ਵਿਚ ਵੀ ਅਸੀਂ 'ਓ ਤੇ ਊਠ, 'ਤੇ 'ਈ ਸੇ ਈਖ' ਹੀ ਪੜ੍ਹਾਉਂਦੇ ਹਾਂ ਜਿਥੇ ਬੱਚੇ ਨੇ ਨਾ ਊਠ ਵੇਖਣਾ ਹੈ, ਤੇ ਨਾ ਹੀ ਈਖ। ਚਾਹੀਦਾ ਹੈ ਕਿ ਹਰ ਪ੍ਰਾਂਤ ਦੇ ਮੁਤਾਬਿਕ ਘਟੋ-ਘਟ ਬੱਚਿਆਂ ਦੀ ਖੇਡ ਸਮੱਗਰੀ ਵੀ ਉਥੋਂ ਦੇ material ਦੀ ਹੀ ਤਿਆਰ ਕੀਤੀ ਜਾਵੇ ਤਾਂ ਜੋ ਬੱਚਿਆਂ ਨੂੰ ਜਾਨਣ ਵਿਚ ਔਖ ਨਾ ਹੋਵੇ ਤੇ ਉਹ ਆਪਣਾ ਸਭਿਆਚਾਰ ਤੇ ਰਹਿਣ ਸਹਿਣ ਦੇ ਤਰੀਕੇ ਹੀ ਦਰਸਾਉਣ ਤੇ ਆਪਣੀਆਂ ਕਦਰਾਂ ਕੀਮਤਾਂ ਹੀ ਬੱਚਿਆਂ ਨੂੰ ਸਿਖਾਉਣ।

ਏਥੇ ਲੋੜ ਪੈਂਦੀ ਹੈ - ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੀ। ਇਹ ਸੰਸਥਾਵਾਂ ਹੀ ਇਨ੍ਹਾਂ ਸਕੀਮਾਂ ਨੂੰ ਅੱਗੇ ਪਹੁੰਚਾ ਸਕਦੀਆਂ ਹਨ। ਕਾਰਣ - ਉਨ੍ਹਾਂ ਕੋਲ ਇਹੋ ਜਿਹੇ ਸਾਧਨ ਹਨ। ਹਰ ਧਾਰਮਿਕ ਸੰਸਥਾ ਕੋਲ ਆਪਣੀ ਜਗ੍ਹਾ ਹੈ ਤੇ ਬਹੁਤ ਸਾਰੀਆਂ ਸੰਸਥਾਵਾਂ ਵਿਚ ਬੱਚਿਆਂ ਨੂੰ ਨਾ ਕੇਵਲ ਚੰਗੀ ਸਿਖਿਆ ਹੀ ਦਿਤੀ ਜਾ ਸਕਦੀ ਹੈ, ਸਗੋਂ ਬੱਚਿਆਂ ਨੂੰ ਖਾਣ ਪੀਣ ਲਈ ਵੀ ਦਿਤਾ ਜਾ ਸਕਦਾ ਹੈ। ਹਰ ਸੰਸਥਾ ਵਿਚ ਇਹੋ ਜਿਹੇ ਮਨੁੱਖ ਮਿਲ ਜਾਣਗੇ ਜੋ ਬੜੇ ਸ਼ੌਕ ਨਾਲ ਬੱਚਿਆਂ ਨੂੰ ਥੋੜ੍ਹਾ ਬਹੁਤ ਪੜ੍ਹਾਉਣ ਨੂੰ ਤਿਆਰ ਹੋਣ ਤੇ ਦੇਖਣ ਨੂੰ ਵੀ; ਜੇ ਬਹੁਤ ਛੋਟੇ ਬੱਚਿਆਂ ਨੂੰ ਨਹੀਂ, ਤਾਂ ਘਟੋ-ਘਟ ਨਰਸਰੀ ਦੇ ਬੱਚਿਆਂ ਨੂੰ ਤਾਂ ਰੱਖਿਆ ਜਾ ਹੀ ਸਕਦਾ ਹੈ। ਸਰਕਾਰ ਵਲੋਂ ਹਰ ਕੰਮ ਨੂੰ ਨੇਪਰੇ ਚਾੜ੍ਹਨ ਦੀ ਆਸ ਦਾ ਨਤੀਜਾ ਨਿਰਾਸਤਾ ਹੀ ਹੋਇਆ ਕਰਦਾ ਹੈ। ਇਹ ਸੰਸਥਾਵਾਂ ਹੀ ਪੁਰਾਣੀਆਂ ਪ੍ਰੰਪਰਾਵਾਂ ਨੂੰ ਬੱਚਿਆਂ ਵਿਚ ਜਾਗਰਤ ਕਰ ਸਕਦੀਆਂ ਹਨ, ਜੋ ਕਿ ਬੱਚਿਆਂ ਦੇ ਆਉਣ ਵਾਲੇ ਜੀਵਨ ਵਾਸਤੇ ਅਤਿ ਲੋੜੀਂਦਾ ਹੈ।

ਏਸ ਪਾਸੇ ਸਾਡੇ ਦੇਸ਼ ਵਿਚ ਧਿਆਨ ਦਿਤਾ ਸੀ - ਟੈਗੋਰ ਨੇ, ਜਿਨ੍ਹਾਂ ਨੇ ਇਹ ਕਿਹਾ ਸੀ ਕਿ ਸਿਖਿਆ ਆਪਣੀ ਭਾਸ਼ਾ ਵਿਚ ਹੋਣੀ ਚਾਹੀਦੀ ਹੈ ਤੇ ਕੁਦਰਤ ਦੇ ਜਿੰਨਾਂ ਨੇੜੇ ਰਹਿ ਕੇ ਹੋ ਸਕੇ, ਉਨਾਂ ਹੀ ਚੰਗਾ ਹੋਵੇਗਾ। ਉਨ੍ਹਾਂ ਨੇ ਸ਼ਾਂਤੀਨਿਕੇਤਨ ਦੀ ਸਥਾਪਨਾ ਕੀਤੀ ਜਿਥੇ ਮੁਢਲੀ ਸਿਖਿਆ, ਕਲਾ ਰਾਹੀਂ ਦਿਤੀ ਜਾਂਦੀ ਹੈ ਤੇ ਇਹੋ ਹੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜੋ ਵੀ ਕਲਾ ਬੱਚੇ ਵਿਚ ਹੈ, ਉਸ ਨੂੰ ਬਾਹਰ ਪ੍ਰਗਟ ਕੀਤਾ ਜਾਵੇ।

ਮਹਾਤਮਾ ਗਾਂਧੀ ਨੇ ਸਿੱਖਿਆ ਨੂੰ ਆਮ ਆਦਮੀ ਦੇ ਪੱਧਰ ਤੇ ਲਿਆਉਣ ਲਈ ਤੇ ਇਹ ਜਾਣਦਿਆਂ ਹੋਇਆਂ ਕਿ ਖੇਤੀ-ਬਾੜੀ ਹੀ ਭਾਰਤ ਦਾ ਕਿੱਤਾ ਹੈ, ਭਾਰਤ ਦੇ ਸਵਤੰਤਰ ਹੋਣ ਤੋਂ ਬਾਦ ਸਿਖਿਆ ਕਿਰਸਾਣੀ ਰਾਹੀਂ ਦੇਣ ਦੀ ਵਿਉਂਤ ਤਿਆਰ ਕੀਤੀ ਜਿਸਨੂੰ basic education ਕਿਹਾ ਜਾਂਦਾ ਸੀ। ਇਸ ਵਿਚ ਬੱਚੇ ਨੂੰ ਕਿਰਸਾਣੀ ਰਾਹੀਂ, ਕਤਾਈ ਰਾਹੀਂ ਤੇ ਹੋਰ ਇਹੋ ਜਿਹੇ ਸਾਧਨਾਂ ਨਾਲ ਸਿਖਿਆ ਦੇਣ ਦਾ ਭਾਵ ਸੀ ਜੋ ਕਿ ਉਸਦੇ ਮਾਨਸਿਕ, ਸਮਾਜਿਕ, ਸੰਵੇਦਕ ਵਿਕਾਸ ਲਈ ਅਤਿ ਲੋੜੀਂਦਾ ਹੈ। ਇਸ ਸਕੀਮ ਨੂੰ ਪੂਰੀ ਤਰ੍ਹਾਂ ਚਾਲੂ ਕਰਨ ਤੋਂ ਪਹਿਲਾਂ ਹੀ ਖਤਮ ਕਰ ਦਿਤਾ ਗਿਆ।

ਅੱਜ ਸਾਰੇ ਵਿਸ਼ਵ ਵਿਚ ਇਹ ਲੋੜ ਮਹਿਸੂਸ ਕੀਤੀ ਜਾਂਦੀ ਹੈ ਤੇ ਏਸ ਲਈ ਉਪਰਾਲੇ ਹੋ ਰਹੇ ਹਨ ਕਿ ਬੱਚੇ ਦੀ ਮੁੱਢਲੀ ਸਿਖਿਆ ਅਨੁਭਵ (Practically, Experimentation) ਰਾਹੀਂ ਦਿਤੀ ਜਾਵੇ। ਜੇ ਅਸੀਂ ਅੱਜ ਦੀ ਲੋੜ ਨੂੰ ਅੱਗੇ ਰਖਦੇ ਹੋਏ ਬੱਚਿਆਂ ਦੀ ਮੁੱਢਲੀ ਸਿਖਿਆ ਇਨ੍ਹਾਂ ਬਦਲਦੀਆਂ ਲੋੜਾਂ ਅਨੁਸਾਰ ਕਰ ਸਕਾਂਗੇ, ਤਾਂ ਹੀ ਸਾਡੇ ਬੱਚੇ ਵਿਸ਼ਵ ਵਿਚ ਸਥਾਨ ਪ੍ਰਾਪਤ ਕਰ ਸਕਣਗੇ ਤੇ ਨਾਲ ਹੀ ਆਪਣੇ ਆਪ ਵਿਚ ਪੂਰੇ ਅਨੁਸ਼ਾਸ਼ਕ ਬਣ ਸਕਣਗੇ। ਤੇ ਨਾਲ ਹੀ ਏਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਬੱਚਾ ਮਾਂ ਤੋਂ ਬਹੁਤ ਦੇਰ ਦੂਰ ਨਾ ਹੋਵੇ, ਕਿਉਂ ਜੋ ਮਾਂ ਦੇ ਪਿਆਰ, ਨਿੱਘ ਤੇ ਪ੍ਰਵਾਰ ਦਾ ਖੁਸ਼ਹਾਲ ਵਾਤਾਵਰਣ ਹੀ ਬੱਚੇ ਨੂੰ ਨਿਰਭੈਤਾ ਤੇ ਆਤਮ ਵਿਸ਼ਵਾਸ਼ ਦੇ ਸਕਦਾ ਹੈ ਜੋ ਕਿ ਆਉਣ ਵਾਲੇ ਜੀਵਨ ਦੀ ਨੀਂਹ ਹੈ।

✡ ✡ ✡ ✡ ✡ ✡ ✡ ✡ ✡ ✡

# ਅੱਜ ਦਾ ਸਮਾਜ ਤੇ ਬੱਚੇ

**ਡਾ. ਹਰਿੰਦਰ ਸੰਧੂ**

ਅੱਜ ਦੇ ਮੁਕਾਬਲੇ ਭਰੇ ਅਤੇ ਅਤਿਅੰਤ ਵਿਅਕਤੀਗਤ ਸਮਾਜ ਵਿਚ ਕਈ ਅਜਿਹੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ ਜਿਨ੍ਹਾਂ ਬਾਰੇ ਪਹਿਲਾਂ ਕਦੇ ਕਿਸੇ ਨੇ ਸੋਚਿਆ ਹੀ ਨਹੀਂ ਸੀ। ਇਨ੍ਹਾਂ ਵਿਚੋਂ ਕੁਝ ਵਧੇਰੇ ਪ੍ਰਬਲ ਸਮੱਸਿਆਵਾਂ ਉਹ ਹਨ, ਜਿਹੜੀਆਂ ਬੱਚੇ ਦੇ ਵਿਕਾਸ ਦੌਰਾਨ ਪੈਦਾ ਹੁੰਦੀਆਂ ਹਨ।

ਅਸੀਂ 'ਆਤਮ ਮਾਰਗ' ਵਿਚ ਇਕ ਲੜੀ ਸ਼ੁਰੂ ਕਰ ਰਹੇ ਹਾਂ ਜਿਸ ਵਿਚ ਪਰਿਵਾਰਾਂ ਵਿਚਲੀਆਂ ਵਿਹਾਰ ਦੀਆਂ ਵੱਖੋ-ਵੱਖ ਸਮੱਸਿਆਵਾਂ ਬਾਰੇ ਚਰਚਾ ਕੀਤੀ ਜਾਵੇਗੀ। ਇਸ ਸਬੰਧ ਵਿਚ ਬੱਚਿਆਂ ਨਾਲ ਸਬੰਧਿਤ ਸਮੱਸਿਆਵਾਂ ਤੇ ਵਿਸ਼ੇਸ਼ ਜ਼ੋਰ ਦਿਤਾ ਜਾਵੇਗਾ।

ਸਕੂਲੀ ਬੱਚਿਆਂ ਦੇ ਮਾਪਿਆਂ ਤੋਂ ਅਕਸਰ ਹੀ ਇਹ ਸ਼ਕਾਇਤ ਸੁਣਨ ਨੂੰ ਮਿਲਦੀ ਹੈ ਕਿ ਬੱਚੇ ਪੜ੍ਹਾਈ ਵਿਚ ਮਨ ਨਹੀਂ ਲਾਉਂਦੇ। ਇਸ ਗੱਲ ਦੇ ਵੱਖ-ਵੱਖ ਕਾਰਨ ਹੋ ਸਕਦੇ ਹਨ। ਕੁਝ ਅਜਿਹੀਆਂ ਆਮ ਸਮਸਿਆਵਾਂ ਹੋ ਸਕਦੀਆਂ ਹਨ ਜਿਹੜੀਆਂ ਬਹੁਤੇ ਬੱਚਿਆਂ ਦੀਆਂ ਸਾਂਝੀਆਂ ਹਨ। ਕੁਝ ਅਜਿਹੀਆਂ ਸਮਸਿਆਵਾਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਦਾ ਸਾਹਮਣਾ ਕੁਝ ਵਿਸ਼ੇਸ਼ ਬੱਚਿਆਂ ਨੂੰ ਹੀ ਹੋਵੇ।

ਬੱਚਿਆਂ ਦਾ ਵਿਹਾਰ ਆਮ ਤੌਰ ਉਤੇ ਮਾਪਿਆਂ ਦੇ ਤੌਰ-ਤਰੀਕਿਆਂ ਦਾ ਸ਼ੀਸ਼ਾ ਹੁੰਦਾ ਹੈ। ਇਸ ਲਈ ਮਾਪਿਆਂ ਦੇ ਜੀਵਨ ਢੰਗ ਤੇ ਚਰਚਾ ਕੀਤੇ ਜਾਣ ਦੀ ਲੋੜ ਹੈ। ਜਿਨ੍ਹਾਂ ਇਕਹਿਰੇ ਪਰਿਵਾਰਾਂ ਵਿਚ ਮਾਪੇ ਨੌਕਰੀਆਂ ਕਰਦੇ ਹਨ, ਉਨ੍ਹਾਂ ਵਿਚ ਬੱਚਿਆਂ ਨੂੰ ਕੁਝ ਸਮੇਂ ਲਈ ਘਰ ਵਿਚ ਇਕੱਲਿਆਂ ਰਹਿਣਾ ਪੈਂਦਾ ਹੈ ਅਤੇ ਆਪਣੀ ਦੇਖ-ਭਾਲ ਆਪ ਕਰਨੀ ਪੈਂਦੀ ਹੈ। ਇਸ ਗੱਲ ਨੂੰ ਲੈ ਕੇ ਅਕਸਰ ਹੀ ਕਈ ਮਾਪੇ ਆਪਣੇ ਅੰਦਰ ਦੋਸ਼-ਭਾਵਨਾ ਪਾ ਲੈਂਦੇ ਹਨ। ਮਾਵਾਂ ਦੇ ਸਬੰਧ ਵਿਚ ਇਹ ਗੱਲ ਵਿਸ਼ੇਸ਼ ਤੌਰ ਉਤੇ ਸੱਚ ਹੈ। ਇਹ ਦੋਸ਼-ਭਾਵਨਾ ਦੂਰ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਹਦਾ ਕੋਈ ਤਅਲਕ ਨਹੀਂ ਹੈ। ਇਸਤਰੀਆਂ ਨੂੰ ਆਪਣੇ-ਆਪ ਨੂੰ ਦੋਸ਼ੀ ਠਹਿਰਾਉਣ ਦੀ ਰਵਾਇਤੀ ਤੌਰ ਉਤੇ ਆਦਤ ਹੈ। ਇਹ ਦੋਸ਼-ਭਾਵਨਾ ਵੀ ਇਸੇ ਵਿਹਾਰ ਦਾ ਨਤੀਜਾ ਹੈ। ਭਾਰਤੀ ਸਮਾਜ ਤਬਦੀਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਕਾਰਨ ਵੀ ਭੰਬਲ ਭੂਸਾ ਪੈਦਾ ਹੁੰਦਾ ਹੈ। ਮਾਪਿਆਂ ਦੀ ਰਵਾਇਤੀ ਭੂਮਿਕਾ ਦਾ ਸੰਕਲਪ ਟੁੱਟ ਗਿਆ ਹੈ ਅਤੇ ਕੋਈ ਭੂਮਿਕਾ ਅਜੇ ਪਰਿਭਾਸ਼ਤ ਨਹੀਂ ਕੀਤੀ ਗਈ। ਮਾਪੇ ਕੰਮ ਤੇ ਚਲੇ ਜਾਂਦੇ ਹਨ ਅਤੇ ਸਮੁੱਚਾ ਪਰਿਵਾਰ ਵਿਸ਼ੇਸ਼ ਕਰਕੇ ਬੱਚੇ ਇਸ ਸਮੇਂ ਦਾ ਪੂਰਾ ਲਾਹਾ ਲੈਂਦੇ ਹਨ।

ਵਿਚਾਰ-ਅਧੀਨ ਮਾਮਲਾ ਇਹ ਹੈ ਕਿ ਘਰ ਪਰਤ ਕੇ ਮਾਪੇ ਬੱਚਿਆਂ ਨਾਲ ਕਿਸ ਕਿਸਮ ਦਾ ਵਰਤਾਅ ਕਰਨ?

ਜੇ ਬੱਚੇ ਅਜੇ ਸਕੂਲ ਨਹੀਂ ਜਾਂਦੇ ਤਾਂ ਮਾਪਿਆਂ ਨੂੰ ਘਰ ਆ ਕੇ ਬੱਚਿਆਂ ਨਾਲ ਸੱਚੀ ਜਾਂ ਝੂਠੀ-ਮੂਠੀ ਦੀ ਕੋਈ ਖੇਡ ਖੇਡਣੀ ਚਾਹੀਦੀ ਹੈ। ਜੇ ਬੱਚੇ ਸਕੂਲ ਜਾਂਦੇ ਹਨ ਤਾਂ ਮਾਪਿਆਂ ਲਈ ਇਹ ਜ਼ਰੂਰੀ ਹੈ ਕਿ ਉਹ ਸਕੂਲ ਦੇ ਕੰਮ ਵਿਚ ਬੱਚਿਆਂ ਦੀ ਮਦਦ ਕਰਨ ਅਤੇ ਬੱਚਿਆਂ ਦੇ ਅਧਿਆਪਕਾਂ, ਅਧਿਆਪਕਾਵਾਂ ਪ੍ਰਤੀ ਸਤਿਕਾਰ ਦਿਖਾਉਣ।

ਬੱਚਿਆਂ ਦੀ ਪੜ੍ਹਾਈ ਵਿਚ ਦਿਲਚਸਪੀ ਆਪੇ ਹੀ ਪੈਦਾ ਨਹੀਂ ਹੋ ਸਕਦੀ ਅਤੇ ਨਾ ਹੀ ਉਹ ਆਪੇ ਇਹਦੀ ਅਹਿਮੀਅਤ ਨੂੰ ਸਮਝ ਸਕਦੇ ਹਨ। ਇਹ ਗੱਲ ਮਾਪਿਆਂ ਤੇ ਨਿਰਭਰ ਕਰਦੀ ਹੈ। ਮਾਪੇ ਪੜ੍ਹਾਈ ਨੂੰ ਜਿੰਨੀ ਕੁ ਅਹਿਮੀਅਤ ਦੇਣਗੇ, ਉਸੇ ਹਿਸਾਬ ਨਾਲ ਬੱਚੇ ਪੜ੍ਹਾਈ ਨੂੰ ਤਰਜੀਹ ਦੇਣਗੇ।

ਜੇ ਮਾਪੇ ਬੱਚਿਆਂ ਦੀਆਂ ਸਕੂਲਾਂ ਦੀਆਂ ਨਿੱਕੀਆਂ-ਨਿੱਕੀਆਂ ਮਾਮੂਲੀ ਦਿਸਦੀਆਂ ਗੱਲਾਂ ਧਿਆਨ ਨਾਲ ਸੁਣਦੇ ਹਨ ਤੇ ਫੇਰ ਉਸ ਦਿਨ ਸਕੂਲ 'ਚ ਹੋਏ ਕੰਮ ਬਾਰੇ ਪੁੱਛਦੇ-ਦਸਦੇ ਹਨ ਤਾਂ ਪੜ੍ਹਨਾ ਉਨ੍ਹਾਂ ਨੂੰ ਦਿਲਚਸਪ ਲੱਗਣ ਲਗ ਪੈਂਦਾ ਹੈ। ਇਸ ਸਮੇਂ ਦੌਰਾਨ ਮਾਪਿਆਂ ਨੂੰ ਸਕੂਲ 'ਚ ਕਰਾਇਆ ਗਿਆ ਕੰਮ ਵੇਖਣਾ ਚਾਹੀਦਾ ਹੈ, ਸਕੂਲ ਡਾਇਰੀ ਵੇਖਣੀ ਚਾਹੀਦੀ ਹੈ ਤੇ ਫੇਰ ਘਰ ਲਈ ਮਿਲੇ ਕੰਮ ਵਿਚ ਮਦਦ ਕਰਨੀ ਚਾਹੀਦੀ ਹੈ।

ਕੰਮ-ਕਾਜ਼ੀ ਹੋਣ ਦੇ ਨਾਤੇ ਮੈਂ ਸਮਝਦੀ ਹਾਂ ਕਿ ਕਈ ਵਾਰ ਬੱਚਿਆਂ ਨੂੰ ਸਮਾਂ ਦੇਣਾ ਅਸੰਭਵ ਲਗਦਾ ਹੈ। ਕਈ ਵਾਰ ਥਕਾਵਟ ਹੀ ਐਨੀ ਹੋ ਜਾਂਦੀ ਹੈ ਕਿ ਪੜ੍ਹਾਉਣਾ ਇਕ ਜ਼ਹਿਮਤ ਲਗਦਾ ਹੈ ਪਰ ਇਕ ਕੰਮ-ਕਾਜ਼ੀ ਇਸਤਰੀ ਦੀ ਔਲਾਦ ਹੋਣ ਦੇ ਨਾਤੇ ਮੈਂ ਇਹ ਵੀ ਜਾਣਦੀ ਹਾਂ ਕਿ ਇਸ ਥੋੜ੍ਹੇ ਜਿਹੇ ਯਤਨ ਦੀ ਅਹਿਮੀਅਤ ਬਹੁਤ ਵੱਡੀ ਹੈ।

'ਚਲਦਾ'

✡ ✡ ✡ ✡ ✡ ✡ ✡ ✡ ✡

ਗਰੀਬ ਤੇ ਦਇਆ ਕਰਨੀ ਠੰਢੇ ਅਤੇ ਸ਼ਾਂਤ ਹਿਰਦੇ ਦਾ ਅੰਗ ਹੈ।
ਸ਼ਾਂਤੀ ਵੈਰਾਗ ਤੋਂ ਉਤਪੰਨ ਹੁੰਦੀ ਹੈ।
ਵੈਰਾਗ ਵਿਵੇਕ ਤੋਂ ਪੈਦਾ ਹੁੰਦਾ ਹੈ।
ਵਿਵੇਕ ਸਤਿਸੰਗਤ ਕੀਤਿਆਂ ਪ੍ਰਾਪਤ ਹੁੰਦਾ ਹੈ।
ਸਤਿਸੰਗ ਕਰਮਾਂ ਕਰਕੇ ਮਿਲਦਾ ਹੈ।
ਕਰਮ ਵਾਹਿਗੁਰੂ ਦੀ ਪ੍ਰੇਰਨਾ ਅੰਦਰ ਹਨ ਅਤੇ ਉਸਦੀ ਕ੍ਰਿਪਾ ਤੋਂ ਉਤਪੰਨ ਹੁੰਦੇ ਹਨ।

ਸੰਤ ਬਾਬਾ ਵਰਿਆਮ ਸਿੰਘ ਜੀ
ਦੀ ਬਚਪਨ ਦੀ ਡਾਇਰੀ ਵਿਚੋਂ ਕੁਝ ਅੰਸ਼।

# ਸਨੇਹੀਆਂ ਦਾ ਪੰਨਾ

ਸਮਾਂ ਆਪਣੀ ਚਾਲ ਚਲ ਰਿਹਾ ਹੈ, ਇਸ ਵਿਚ ਕਦੇ ਵੀ ਸਿਧਾ ਰਾਹ ਨਹੀਂ ਹੁੰਦਾ ਅਤੇ ਕੋਈ ਵਿਅਕਤੀ ਵੀ ਨਿਸ਼ਚੇਪੂਰਵਕ ਇਹ ਨਹੀਂ ਕਹਿ ਸਕਦਾ ਕਿ ਆਉਣ ਵਾਲੀ ਕੱਲ੍ਹ ਵਿਚ ਮੇਰਾ ਕਦਮ ਕਿਥੇ ਟਿਕੇਗਾ। ਕੋਈ ਸਮਾਂ ਸੀ ਜਦੋਂ ਇਹ earth planet ਬਾਰੇ ਬਹੁਤ ਹੀ ਸੀਮਤ ਗਿਆਨ ਸੀ। ਇਕ ਥਾਂ ਤੇ ਰਹਿਣ ਵਾਲੇ ਵਸਨੀਕ ਥੋੜੀ ਦੂਰ ਵਸਣ ਵਾਲੇ ਵਸਨੀਕਾਂ ਬਾਰੇ ਕੁਝ ਵੀ ਨਹੀਂ ਜਾਣਿਆ ਕਰਦੇ ਸਨ। ਜਿਸ ਥਾਂ ਤੇ ਦਰਿਆ ਦਾ ਵਗਦਾ ਤੇਜ਼ ਵਹਿਣ ਦੋਨੋਂ ਕਿਨਾਰੇ ਤੇ ਵਸਿਆਂ ਹੋਇਆਂ ਬੰਦਿਆਂ ਨੂੰ ਵਖੋ-ਵਖਰਾ ਕਰਿਆ ਕਰਦਾ ਸੀ, ਉਥੇ ਬੋਲੀ ਬਦਲੀ ਹੋਈ ਅਤੇ ਸੁਭਾਅ ਬਦਲੇ ਹੋਏ ਪ੍ਰਤੀਤ ਦਿਆ ਕਰਦੇ ਸਨ। ਮਨੁੱਖ ਇਕ ਦੂਜੇ ਦੀ ਹੋਂਦ ਤੋਂ ਸਹਿਮਿਆ ਹੋਇਆ ਜੰਗਜੂ ਬਿਰਤੀ ਧਾਰ ਕੇ ਦਿਨ ਕੱਟੀ ਕਰਿਆ ਕਰਦਾ ਸੀ। ਨਾ ਹੀ ਕਿਸੇ ਨੂੰ ਇਹ ਪਤਾ ਸੀ ਕਿ ਦੁਨੀਆਂ ਕਿੱਡੀ ਕੁ ਹੈ, ਨਾ ਹੀ ਇਹ ਪਤਾ ਸੀ ਕਿ ਏਥੋਂ ਦੇ ਵਸਣ ਵਾਲੇ ਲੋਕਾਂ ਦੇ ਕੀ ਵੱਖੋ-ਵੱਖਰੇ ਸੁਭਾਅ ਹਨ। ਕਿਤੇ-ਕਿਤੇ ਘੁੰਮਣ ਫਿਰਨ ਵਾਲੇ ਸੈਲਾਨੀਆਂ ਦਾ ਵਾਹ ਅਜਿਹੇ ਲੋਕਾਂ ਨਾਲ ਵੀ ਪੈ ਜਾਇਆ ਕਰਦਾ ਸੀ ਜੋ ਬੰਦੇ ਨੂੰ ਫੜ ਕੇ ਖਾ ਜਾਇਆ ਕਰਦੇ ਸਨ। ਰਾਜਿਆਂ ਦੇ ਰਾਜ ਦਾ ਮੁਖ ਨਿਸ਼ਾਨਾ ਮਜ਼ਬੂਤ ਫੌਜਾਂ ਰੱਖਣੀਆਂ ਅਤੇ ਦੂਜੇ ਦੇਸ਼ਾਂ ਨੂੰ ਲਿਤਾੜਦੇ ਫਿਰਨਾ, ਬੰਦਿਆਂ ਨੂੰ ਫੜ ਕੇ ਗੁਲਾਮ ਬਣਾ ਕੇ ਸਦਾ ਵਾਸਤੇ ਹੀ ਉਨ੍ਹਾਂ ਨੂੰ ਪਰਿਵਾਰਕ ਵਿਛੋੜਿਆਂ ਦੀਆਂ ਪੀੜਾਂ ਝੱਲਣ ਲਈ ਸੁੱਟ ਛਡਣਾ। ਹੌਲੀ-ਹੌਲੀ ਸੰਸਾਰ ਉਨਤੀ ਦੇ ਰਾਹ ਤੇ ਵਧਿਆ, ਵੱਡੇ ਰਾਸ਼ਟਰ ਬਣਨੇ ਆਰੰਭ ਹੋਏ, ਜਾਣ-ਪਛਾਣ ਵਧੀ ਅਤੇ ਮਨੁੱਖ ਦੇ ਗਿਆਨ ਵਿਚ ਬਹੁਤ ਵਾਧਾ ਹੋਇਆ, ਰੂਹਾਨੀ ਤੌਰ ਤੇ ਮਨੁੱਖ ਨੇ ਬਹੁਤ ਉਨਤੀ ਕੀਤੀ ਅਤੇ ਉਹ ਇਸ ਪੰਜ ਭੂਤਕ ਸਰੀਰ ਵਿਚੋਂ ਖੋਜ ਕਰਦਾ ਐਨੀ ਉਚਾਈ ਤੇ ਪਹੁੰਚ ਗਿਆ ਕਿ ਉਸਨੇ ਸਾਰੀਆਂ ਸ੍ਰਿਸ਼ਟੀਆਂ, ਸਾਰੇ ਦ੍ਰਿਸ਼ਟਮਾਨ ਨੂੰ ਇਕੋ ਸ਼ਕਤੀ ਤੋਂ ਉਤਪੰਨ ਹੋਇਆ ਵੇਖਿਆ ਅਤੇ ਇਸ ਨਤੀਜੇ ਉਪਰ ਪਹੁੰਚ ਗਿਆ ਕਿ ਇਹ ਸਾਰਾ ਜੀਵਨ, ਸਾਰਾ ਦ੍ਰਿਸ਼ਟਮਾਨ ਇਕੋ ਇਕ ਹੈ। ਇਕ ਤੋਂ ਹੀ ਪਸਰਿਆ ਹੋਇਆ ਦ੍ਰਿਸ਼ਟਮਾਨ ਪਸਾਰਾ ਹੈ। ਬੇਅੰਤ ਅਦ੍ਰਿਸ਼ਟ ਸ਼ਕਤੀਆਂ, ਪ੍ਰਾਕ੍ਰਿਤਕ ਤਾਕਤਾਂ ਇਕ ਵਿਚੋਂ ਹੀ ਪਸਰ ਕੇ ਬਾਹਰ ਆਪੋ ਆਪਣੇ ਸੁਭਾਅ ਦੇ ਮੁਤਾਬਿਕ ਕੰਮ ਕਰ ਰਹੀਆਂ ਹਨ ਪਰ ਮੂਲ ਸਭ ਦਾ ਇਕੋ ਹੈ। ਇਸਦੇ ਨਾਲ ਮਨੁੱਖੀ ਸੂਝ ਦੀ ਬਹੁਤ ਉਨਤੀ ਹੋ ਗਈ ਅਤੇ ਉਸਨੇ ਸਮੁੱਚਤਾ ਦੀ ਪਛਾਣ ਇਕ ਵਿਚ ਕਰਕੇ ਧਰਮ ਦੇ ਬਹੁਤ ਹੀ ਕੋਮਲ ਸਿਧਾਂਤ ਉਤਪੰਨ ਕੀਤੇ ਅਤੇ ਸਾਰੇ ਸੰਸਾਰ ਨੂੰ ਇਸ ਰੂਹਾਨੀ ਅਨੁਭਵ ਰਾਹੀਂ ਆਪਣੇ ਕਲਾਵੇ ਵਿਚ ਲੈਣ ਦਾ ਸੱਚਾ ਜਤਨ ਕੀਤਾ। ਬੇਅੰਤ ਉਚੀਆਂ ਰੂਹਾਂ, ਉਚੇ ਅਨੁਭਵਾਂ ਵਾਲੀਆਂ ਸੰਸਾਰ ਤੇ ਆਈਆਂ ਅਤੇ ਉਨ੍ਹਾਂ ਨੇ ਸਾਰੇ ਸੰਸਾਰ ਲਈ ਸਤਿ ਤੇ ਅਧਾਰਿਤ ਅਟੱਲ ਨਿਯਮ ਪ੍ਰਗਟ ਕੀਤੇ। ਦੂਜੇ ਪਾਸੇ ਪ੍ਰਾਕ੍ਰਿਤਕ ਉਨਤੀ ਭੀ ਆਪਣੇ ਮੂਲ ਵਲ ਮੋੜਾ ਖਾ ਗਈ ਅਤੇ ਪ੍ਰਮਾਣੂਆਂ - ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ 'ਚੋਂ ਹੁੰਦੀ ਹੋਈ, ਪ੍ਰਕ੍ਰਿਤੀ ਦੇ ਮੂਲ ਰੂਪ ਵਿਚ ਐਨਰਜੀ ਦੀ ਸੂਝ ਪਾਉਂਦੀ ਹੋਈ ਅਤਿ ਸੂਖਸ਼ਮਤਾ ਵਿਚ ਪਹੁੰਚ ਰਹੀ ਹੈ ਅਤੇ infinity ਦੇ ਸਿਧਾਂਤ ਨੂੰ ਅਪਨਾਅ ਕੇ ਸੰਤੁਸ਼ਟ ਹੋ ਰਹੀ ਹੈ। ਚੇਤਨ ਐਨਰਜੀ ਅਤੇ ਜੜ੍ਹ ਐਨਰਜੀ ਇਕੋ ਮੁਖ ਧਾਰਾ ਵਿਚੋਂ ਉਤਪੰਨ ਹੋਈਆਂ ਪ੍ਰਤੀਤ ਦੇ ਰਹੀਆਂ ਹਨ। ਐਉਂ ਲਗਦਾ ਹੈ ਕਿ ਜਿਸ ਦਿਨ ਮਨੁੱਖੀ ਮਨ ਨੇ ਆਦਿ ਨਿਰਾਕਾਰ ਸ਼ਕਤੀ ਜਿਸਨੂੰ ਕੋਈ ਰੱਬ ਕਹਿੰਦਾ ਹੈ, ਕੋਈ ਵਾਹਿਗੁਰੂ ਕਹਿੰਦਾ ਹੈ, ਕੋਈ ਅੱਲਾ ਕਹਿੰਦਾ ਹੈ, ਕੋਈ ਰਾਮ ਕਹਿੰਦਾ ਹੈ, ਕੋਈ ਗੋਬਿੰਦ, ਨਰਾਇਣ; ਅਨੇਕਾਂ ਨਾਮਾਂ ਨਾਲ ਉਸਨੂੰ ਹੋਂਦਤ ਕਰ ਰਹੇ ਹਨ। ਜਦੋਂ ਆਪਣਾ ਨਿੱਜ ਸਮੂਹ ਵਿਚ ਅਲੋਪ ਹੋ ਗਿਆ, ਆਪਣਾ ਨਿੱਕਾ ਆਪਾ ਮਹਾਨ ਆਪੇ ਵਿਚ ਲੀਨ ਹੋ ਗਿਆ, ਉਸ ਦਿਨ ਇਸ ਸੰਸਾਰ ਵਿਚ ਇਕ ਅਲੌਕਿਕ ਅਨੰਦ ਪ੍ਰਵਿਰਤਤ ਹੋਵੇਗਾ।

ਲੱਖਾਂ ਵਰ੍ਹਿਆਂ ਦੇ ਜਾਣੇ ਹੋਏ ਸੰਸਾਰ ਨਾਲ ਜਦੋਂ ਅਸੀਂ ਅੱਜ ਦੀ ਤੁਲਨਾ ਕਰਦੇ ਹਾਂ ਤਾਂ ਇਹ ਸੰਸਾਰ ਇਕ ਨਿੱਕਾ ਜਿਹਾ ਮਹੱਲਾ ਜਾਂ ਕਸਬਾ ਪ੍ਰਤੀਤ ਦਿੰਦਾ ਹੈ। ਪ੍ਰਾਕ੍ਰਿਤਕ ਖੋਜ ਵਿਚ ਪਏ ਮਨੁੱਖ ਵਰਗ ਦੀ ਭਾਲ ਖਤਮ ਨਹੀਂ ਹੋ ਰਹੀ ਅਤੇ ਉਸਦੇ ਮਨ ਦੀ ਸ਼ਾਂਤੀ ਕਿਸੇ ਬਿੰਦੂ ਤੇ ਕੇਂਦਰਿਤ ਨਹੀਂ ਹੋ ਰਹੀ। ਜਿੰਨੀ ਰਫਤਾਰ ਨਾਲ ਉਸਨੇ ਪ੍ਰਾਕ੍ਰਿਤੀ ਦੇ ਭੇਤ ਨੂੰ ਜਾਣਿਆ ਹੈ, ਉਨੀ ਹੀ ਤੇਜ਼ੀ ਨਾਲ ਉਸ ਦਾ ਅੰਦਰ ਘੁੰਮ ਰਿਹਾ ਹੈ ਅਤੇ ਕਿਸੇ ਕੇਂਦਰ ਤੇ ਟਿਕ ਨਹੀਂ ਰਿਹਾ ਜਿਸ ਕਾਰਨ ਪ੍ਰਾਕ੍ਰਿਤੀ ਦੀਆਂ ਉਤਮ ਤੋਂ ਉਤਮ ਪ੍ਰਾਪਤੀਆਂ ਦੇ ਹੁੰਦਿਆਂ ਹੋਇਆਂ ਭੀ ਮਨੁੱਖ ਅੰਦਰੋਂ ਬੇਚੈਨ, ਨਿਸ਼ਾਨੇ ਹੀਣਾ ਅਤੇ ਭਟਕਿਆ ਹੋਇਆ ਦੁਖੀ ਹੋ ਰਿਹਾ ਹੈ। ਕੋਈ ਪੌੜੀ ਦਾ ਡੰਡਾ ਉਸਦੇ ਹੱਥ ਵਿਚ ਨਹੀਂ ਆ ਰਿਹਾ ਜਿਸਨੂੰ ਫੜ ਕੇ ਪੌੜੀ ਰਾਹੀਂ ਆਪਣੀ ਚੜ੍ਹਾਈ ਕਰਕੇ ਉਹ ਕਿਸੇ ਸ਼ਾਂਤ ਮੰਜ਼ਿਲ ਤੇ ਪਹੁੰਚ ਸਕੇ।

ਅਜਿਹੇ ਮੌਕੇ 'ਆਤਮ ਮਾਰਗ' ਦਾ ਸੰਸਾਰ ਵਿਚ ਪ੍ਰਗਟ ਹੋ ਜਾਣਾ ਇਕ ਬਹੁਤ ਵੱਡੀ ਕਰਾਮਾਤ ਹੈ। ਜਿਸ ਦਾ ਜਤਨ ਭੜਕੇ ਹੋਏ ਮਨੁੱਖ ਨੂੰ ਸਤਿ, ਚਿਤ, ਅਨੰਦ ਤੇ ਪਿਆਰ ਨਾਲ ਪਿਓਂਦ ਕਰਨਾ ਹੈ। ਜਦੋਂ ਸਤਿ, ਚਿਤ, ਅਨੰਦ ਅਤੇ ਪ੍ਰੇਮ ਦਾ ਵਜੂਦ ਅੰਦਰ ਪ੍ਰਗਟ ਹੋ ਗਿਆ ਤਾਂ ਮਨੁਖੀ ਮਨ ਵਿਚ ਸ਼ਾਂਤੀ ਦੀਆਂ ਤਰੰਗਾਂ ਉਠ ਕੇ ਬੇਚੈਨ ਹੋਏ-ਹੋਏ ਮਨੁੱਖ ਦੇ ਅੰਦਰ ਸ਼ਾਂਤੀ ਦੇ ਰਸ ਦਾ ਮੀਂਹ ਵਰਸਾ ਦੇਣਗੀਆਂ। ਅਜਿਹੇ ਮਨੁੱਖ ਦਾ ਹਰ ਸਾਹ ਪ੍ਰਮ ਸ਼ਾਂਤੀ ਵਲ ਨੂੰ ਵਧਦਾ ਜਾਵੇਗਾ। ਦੁਨੀਆਂ ਦੀ ਝੁੰਝਲਾਹਟ ਖਤਮ ਹੋ ਕੇ ਇਕ ਸ਼ਾਂਤ ਜੀਵਨ ਦ੍ਰਿਸ਼ਟੀਗੋਚਰ ਹੋਵੇਗਾ। ਇਹ 'ਆਤਮ ਮਾਰਗ' ਦੇ ਅੱਖਰਾਂ ਵਿਚ ਵਿਸ਼ੇ ਰੂਪ ਬਣ ਕੇ ਪ੍ਰਾਣੀ ਦੇ ਅੰਦਰ ਪ੍ਰਵੇਸ਼ ਕਰਦਾ ਜਾਵੇਗਾ। 'ਆਤਮ ਮਾਰਗ' ਮੈਗਜ਼ੀਨ ਜਾਰੀ ਕਰਨ ਦਾ ਇਕੋ ਉਦੇਸ਼ ਹੈ ਕਿ ਸਮੁੱਚੇ ਸੰਸਾਰ ਵਿਚ ਇਕ ਸ਼ਾਂਤ ਜੀਵਨ, ਪਿਆਰ ਤਰੰਗਾਂ ਦੇ ਹੁਲਾਰੇ ਮਾਰਦਾ, ਸੁਗੰਧੀਆਂ ਵੰਡਦਾ ਵਜੂਦ ਵਿਚ ਆ ਜਾਵੇ। ਇਸ ਵਿਚ ਬਾਹਰਲੀ ਜਾਣਕਾਰੀ ਨਾਲੋਂ ਅੰਦਰਲੀ ਖੋਜ ਦਾ ਵਧੇਰੇ ਵਰਨਣ ਹੈ। ਅੰਦਰਲੀਆਂ ਅਵਸਥਾਵਾਂ ਜੋ ਮਹਾਂਪੁਰਸ਼ਾਂ ਦੀ ਖੋਜ ਵਿਚੋਂ ਪ੍ਰਗਟ ਹੋਈਆਂ ਹਨ, ਉਨ੍ਹਾਂ ਦੀ ਸੋਝੀ ਹੋ ਕੇ ਸੁਖਾਲੇ ਮਾਰਗ ਉਪਰ ਚਲਾਉਣਾ ਹੈ। ਅਪ੍ਰੈਲ ਤੋਂ ਅਕਤੂਬਰ ਤਕ ਦੇ ਅੰਕਾਂ ਵਿਚ ਅੰਦਰਲੀ ਖੋਜ ਦੀ ਭਰਪੂਰ ਵਿਆਖਿਆ ਕੀਤੀ ਜਾ ਚੁਕੀ ਹੈ ਅਤੇ ਪਰਮ ਆਪੇ ਨਾਲ ਜੁੜੇ ਹੋਏ ਜੀਵਨ ਜਿਨ੍ਹਾਂ ਸਰੀਰਧਾਰੀਆਂ ਨੇ ਮਾਣੇ ਹਨ, ਉਨ੍ਹਾਂ ਦੇ ਜੀਵਨ ਚਿੱਤਰ ਅਖਰਾਂ ਵਿਚ ਪ੍ਰਗਟ ਕੀਤੇ ਜਾ ਚੁਕੇ ਹਨ। ਗੁਰੂ ਦੀ ਬਾਣੀ ਨੂੰ ਅਧਾਰ ਬਣਾਇਆ ਹੈ ਅਤੇ ਹੋਰਨਾਂ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੂੰ ਇਸ ਗੁਰਬਾਣੀ ਚਾਨਣ ਵਿਚ ਪ੍ਰਕਾਸ਼ਿਤ ਕਰਨ ਦਾ ਜਤਨ ਵੀ ਕੀਤਾ ਜਾ ਰਿਹਾ ਹੈ ਜਿਸ ਨਾਲ ਮਨੁੱਖ ਦੇ ਮਨ ਵਿਚ ਪਈਆਂ ਦੂਰੀਆਂ ਘਟ ਰਹੀਆਂ ਹਨ, ਤ੍ਰੇੜਾਂ ਬੰਦ ਹੋ ਰਹੀਆਂ ਹਨ ਅਤੇ ਸਮੁੱਚੀ ਮਨੁੱਖਤਾ ਦੀ ਸੂਝ ਵਧ ਰਹੀ ਹੈ। ਵਿਚਾਰਵਾਨ ਪਾਠਕਾਂ ਦੀਆਂ ਪਤਰਕਾਵਾਂ ਆਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚੋਂ ਯੂ.ਪੀ. ਵਿਚ ਅਬਾਦੀਆਂ ਤੋਂ ਦੂਰ ਰਹਿੰਦੇ ਇਕ ਪ੍ਰੇਮੀ ਦੇ ਭਾਵ ਆਪ ਨਾਲ ਸਾਂਝੇ ਕਰਨੇ ਚਾਹੁੰਦੇ ਹਾਂ। ਡਾ. ਨਿਰਮਲ ਸਿੰਘ, ਜ਼ਿਲਾ ਲਖੀਮਪੁਰ ਖੀਰੀ, ਯੂ.ਪੀ. 'ਆਤਮ ਮਾਰਗ' ਬਾਰੇ ਲਿਖਦੇ ਹਨ -

"ਆਪ ਜੀ ਦੀ ਸਰਪ੍ਰਸਤੀ ਹੇਠ ਛਪ ਰਿਹਾ ਮੈਗਜ਼ੀਨ ਰੁੜ੍ਹ ਰਹੇ ਦਿਲਾਂ ਦਾ ਆਸਰਾ, ਪ੍ਰੇਮ ਵਿਚ ਬੱਧੇ ਦਿਲਾਂ ਦੀ ਤਾਂਘ ਅਤੇ ਪ੍ਰੇਮਾ ਭਗਤੀ ਵਾਲੇ ਦਿਲਾਂ ਦੀ ਉਮੰਗ ਹੈ। 'ਆਤਮ ਮਾਰਗ' ਨੂੰ ਪੜ੍ਹ ਕੇ ਇਉਂ ਲਗਦਾ ਹੈ ਕਿ ਆਪ ਜੀ ਸ਼ਾਇਦ ਸਾਰੇ ਸੰਸਾਰ ਨੂੰ ਹੀ ਸੰਤਾਂ, ਮਹਾਂਪੁਰਸ਼ਾਂ ਦੀ ਲਾਈਨ ਵਿਚ ਖੜ੍ਹੇ ਕਰਕੇ ਹੀ ਸਾਹ ਲਵੋਂਗੇ। ਮੈਂ ਅੱਜ ਤਕ ਆਪ ਜੀ ਦੇ ਨਾਲ ਸਨਮੁਖ ਤਾਂ ਨਹੀਂ ਹੋਇਆ ਪਰ ਮਹਾਨ ਅਨੁਭਵੀ ਬਚਨਾਂ ਨੇ ਮਨ ਵਿਚ ਇਕ ਸਾਂਝ ਪੈਦਾ ਕਰਕੇ ਦੂਰੀਆਂ ਦੂਰ ਕਰ ਦਿਤੀਆਂ ਹਨ। ਕਿੰਨਾ ਸੁਭਾਗਾ ਦਿਨ ਹੋਵੇਗਾ ਜਦੋਂ ਪਰਸਪਰ ਮਿਲਣੀ ਰਾਹੀਂ ਆਪਣੇ ਦਿਲ ਦੇ ਭਾਵ ਪ੍ਰਗਟ ਕਰਨ ਦਾ ਸੁਭਾਗ ਪ੍ਰਾਪਤ ਕਰ ਸਕਾਂਗਾ। ਮਹਾਨ ਹਸਤੀਆਂ ਡਾ. ਸਵਾਮੀ ਰਾਮ ਜੀ, ਡਾ. ਵੇਦ ਭਾਰਤੀ ਜੀ, ਸੰਤ ਬਾਬਾ ਧਨਵੰਤ ਸਿੰਘ ਜੀ ਅਤੇ ਆਪ ਜੀ ਦੇ ਬਚਨਾਂ ਨੂੰ ਪੜ੍ਹ ਕੇ ਇਉਂ ਪ੍ਰਤੀਤ ਹੁੰਦਾ ਹੈ ਕਿ ਸਾਰੇ ਮਹਾਂਪੁਰਸ਼ ਰੂਹਾਨੀਅਤ ਦੀ ਸਿਖਰ ਨੂੰ ਛੋਹ ਰਹੇ ਹਨ ਕਿਉਂਕਿ ਸਭਨਾਂ ਦੇ ਅਨੁਭਵੀ ਬਚਨਾਂ ਦਾ ਸਾਰ ਅੰਸ਼ ਇਕੋ ਹੀ ਹੁੰਦਾ ਹੈ।

ਸੰਤ ਰਾੜੇ ਵਾਲਿਆਂ ਦੇ ਬਚਨਾਂ ਨੂੰ ਪੜ੍ਹ ਕੇ ਭਾਵਾਂ ਦੀ ਉਡਾਰੀ ਇਤਨੀ ਵਿਸ਼ਾਲਤਾ ਵਿਚ ਆਈ, ਇਉਂ ਪ੍ਰਤੀਤ ਦਿਤਾ ਕਿ ਅਕਾਲ ਪੁਰਖ ਸੰਤਾਂ ਦੇ ਰੂਪ ਵਿਚ ਆ ਕੇ ਸੱਚ ਦੀ ਸੇਧ ਦੇ ਰਿਹਾ ਹੈ। ਤੁਸੀਂ ਉਨ੍ਹਾਂ ਅਗੰਮੀ ਬਚਨਾਂ ਨੂੰ ਪ੍ਰਗਟ ਰੂਪ ਵਿਚ ਪ੍ਰਕਾਸ਼ਿਤ ਕਰ ਰਹੇ ਹੋ ਜਿਹੜੇ ਕਿ ਸੁਣਨੇ ਅਸੰਭਵ ਹਨ।

'ਕਿਵ ਕੂੜੈ ਤੁਟੈ ਪਾਲਿ' ਪੁਸਤਕ ਮੈਨੂੰ ਪੜ੍ਹਨ ਨੂੰ ਪ੍ਰਾਪਤ ਤਾਂ ਨਹੀਂ ਹੋਈ ਪ੍ਰੰਤੂ ਉਸਦੀ ਇਤਨੀ ਉਸਤਤੀ ਸੁਣੀ ਜਾਂਦੀ ਹੈ ਤੇ ਮੈਂ ਸੋਚੀ ਜਾਂਦਾ ਹਾਂ ਕਿ ਕਦੋਂ ਅਸਾਨੂੰ ਵੀ ਐਸੀ ਮਹਾਨ ਪੁਸਤਕ ਪ੍ਰਾਪਤ ਹੋਵੇਗੀ।

ਮੇਰੇ ਕੋਲ ਤਾਂ ਉਹ ਸ਼ਬਦ ਹੀ ਨਹੀਂ ਜਿਨ੍ਹਾਂ ਨਾਲ ਮੈਂ ਕੋਈ ਪ੍ਰਸੰਸਾ ਕਰ ਸਕਾਂ। ਥੋੜ੍ਹੇ ਬਚਨਾਂ ਨੂੰ ਬਹੁਤੇ ਸ਼ਬਦ ਸਮਝ ਕੇ ਮੰਨਣਾ। ਆਪ ਜੀ ਦੇ ਅਨੁਭਵੀ ਲਿਟਰੇਚਰ ਨੂੰ ਪੜ੍ਹ ਕੇ ਮਨ ਨੂੰ ਸ਼ਾਂਤੀ ਹੋ ਗਈ। ਜਿਹੜੀ ਸੇਧ Practically ਪ੍ਰਾਪਤ ਹੋ ਸਕਦੀ ਹੈ, ਉਹ Theory ਨਾਲ ਨਹੀਂ ਹੁੰਦੀ। ਹਨੇਰ੍ਹੇ ਵਿਚ ਚਲਦਿਆਂ ਸੱਚ ਦਾ ਪ੍ਰਕਾਸ਼ ਕਰਕੇ ਪੱਥ ਪ੍ਰਦਰਸ਼ਨ ਕਰ ਰਹੇ ਹੋ। ਅੰਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਵੀ ਆਪਣੀ ਹਾਜ਼ਰੀ ਦੀ ਛੋਹ ਦੇ ਕੇ ਸੱਚ ਦੀ ਸੇਧ ਦਾ ਮਾਰਗ ਪ੍ਰਦਰਸ਼ਨ ਕਰੋ; ਅਤਿ ਰਿਣੀ ਹਾਂ।"

ਇਸ ਤਰ੍ਹਾਂ ਦੀਆਂ ਬਹੁਤ ਭਾਵ ਭਰੀਆਂ ਪਤਰਕਾਵਾਂ, ਟੈਲੀਫੂਨ, ਸੰਦੇਸ਼ੇ ਪੁਜ ਰਹੇ ਹਨ ਜਿਸ ਤੋਂ ਇਹ ਪ੍ਰਤੀਤ ਹੋਣ ਲਗ ਗਿਆ ਹੈ ਕਿ 'ਆਤਮ ਮਾਰਗ' ਛੇਤੀ ਹੀ ਰੂਹਾਨੀ ਪਾਂਧੀਆਂ ਲਈ ਇਕ ਲਾਈਟ ਹਾਊਸ ਦੇ ਰੂਪ ਵਿਚ ਉਭਰ ਕੇ ਸਾਮ੍ਹਣੇ ਆ ਜਾਵੇਗਾ ਕਿਉਂਕਿ ਇਸ ਰਾਹੀਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਿਧਾਂਤਾਂ ਨੂੰ ਬਹੁਤ ਹੀ ਸਾਦੇ ਢੰਗ ਨਾਲ ਪ੍ਰਸਾਰਿਆ ਜਾ ਰਿਹਾ ਹੈ। ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਸ ਦਾ ਕੋਈ ਲੇਖ ਰਾਗ ਤੇ ਦ੍ਵੈਸ਼ ਭਰਿਆ ਨਾ ਹੋਵੇ। ਇਸ ਦੇ ਵਿਪਰੀਤ ਹਰ ਲੇਖ ਵਾਹਿਗੁਰੂ ਜੀ ਦੇ ਪਿਆਰ ਵਿਚ ਭਿਜਿਆ ਹੋਇਆ ਪੜ੍ਹਨ ਵਾਲਿਆਂ ਦੇ ਅੰਦਰ ਸੂਝ ਭਰੀ ਸ਼ਾਂਤੀ ਪ੍ਰਦਾਨ ਕਰੇ ਅਤੇ 'ਆਤਮ ਮਾਰਗ' ਤੇ ਚਲਣ ਲਈ ਉਤਸ਼ਾਹ, ਦ੍ਰਿੜ੍ਹਤਾ ਭਰੀ ਲਗਨ ਦੀ ਪ੍ਰੇਰਨਾ ਦੇਵੇ।

ਬਹੁਤ ਸਾਰੇ ਪ੍ਰੇਮੀਆਂ ਦੇ ਹੁਕਮ ਆਏ ਕਿ ਦਾਸ (ਸੰਚਾਲਕ 'ਆਤਮ ਮਾਰਗ') ਅਮਰੀਕਾ, ਕਨੇਡਾ, ਆਸਟਰੇਲੀਆ, ਇੰਗਲੈਂਡ, ਜਰਮਨੀ, ਇਟਲੀ, ਗ੍ਰੀਸ ਅਤੇ ਅਰਬ ਕੰਟਰੀਆ ਵਿਚ ਪੁਜੇ। ਵੱਖ-ਵੱਖ ਥਾਵਾਂ ਤੇ ਕੀਰਤਨ ਪ੍ਰੋਗਰਾਮ ਉਲੀਕੇ ਜਾਣ ਅਤੇ ਨੇੜੇ ਹੋ ਕੇ ਪਿਆਰ ਦੀ ਪ੍ਰਸਪਰ ਪਛਾਣ ਦੀ ਅਤੇ ਅਪਣੱਤ ਦੀ ਇਕ ਭਾਵਨਾ ਪੈਦਾ ਹੋ ਕੇ ਖੁਸ਼ੀਆਂ ਨੂੰ ਮਾਣਿਆ ਜਾਵੇ। ਇਸ ਥਾਂ ਬਹੁਤ ਹੀ ਰੁਝੇਵੇਂ ਹਨ ਜਿਨ੍ਹਾਂ ਵਿਚੋਂ ਨਿਕਲਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ ਪਰ ਸਾਰੇ ਕਾਰਜਾਂ ਨੂੰ ਪਿੱਠ ਦੇ ਕੇ ਪ੍ਰਦੇਸੀ ਵੀਰਾਂ ਦੇ ਸਨਮੁਖ ਜਾਣ ਦਾ ਇਰਾਦਾ ਬਣਾ ਲਿਆ। 10 ਅਕਤੂਬਰ ਤੋਂ ਅਮਰੀਕਾ ਤੋਂ ਪ੍ਰੋਗ੍ਰਾਮ ਸ਼ੁਰੂ ਹੋਣੇ ਸੀ ਅਤੇ ਹੌਲੀ-ਹੌਲੀ ਸਾਰੇ ਦੇਸ਼ਾਂ ਵਿਚ ਪੁੱਜਣ ਦਾ ਪ੍ਰੋਗਰਾਮ ਸੀ ਪਰ ਅਕਾਲਪੁਰਖ ਵਲੋਂ ਐਸੀ ਖੇਡ ਵਰਤੀ ਕਿ ਇਕ ਤਾਂ ਅੱਜ ਦੀ ਤਰੀਕ ਤਕ ਮੇਰਾ ਪਾਸਪੋਰਟ ਹੀ ਨਹੀਂ ਮਿਲਿਆ ਜੋ ਦਸ ਸਾਲ ਲੰਘਣ ਉਪਰੰਤ ਦੁਬਾਰਾ ਬਣਾਉਣ ਲਈ ਦਿਤਾ ਸੀ। ਕਈ ਮਹੀਨੇ ਪਿੱਛਾ ਕਰਨ ਉਪਰੰਤ ਵੀ ਅਜੇ ਤਕ ਨਹੀਂ ਮਿਲਿਆ। ਦੂਜਾ ਬੀਬੀ ਜੀ (ਦਾਸ ਦੀ ਪਤਨੀ) ਅਚਾਨਕ ਬਿਮਾਰ ਹੋ ਗਏ। ਉਨ੍ਹਾਂ ਨੇ ਮੇਰੇ ਨਾਲ ਜਾਣਾ ਸੀ ਪਿਛੇ ਸੰਭਾਲਣ ਵਾਲਾ ਕੋਈ ਨਹੀਂ ਸੀ, ਇਸ ਕਰਕੇ ਸਾਰੇ ਪ੍ਰੋਗਰਾਮ ਕੈਂਸਲ ਕਰਨੇ ਪਏ। ਹੁਣ ਵਾਹਿਗੁਰੂ ਜੀ ਪਾਸ ਅਰਦਾਸ ਹੀ ਹੈ ਕਿ ਉਹ ਆਪਣਾ ਬਲ ਬਖਸ਼ਣ ਤਾਂ ਇਹ ਪ੍ਰੋਗਰਾਮ 1 ਮਾਰਚ, 1996 ਤੋਂ ਆਰੰਭ ਕਰਨ ਦਾ ਸੰਕਲਪ ਹੈ।

ਦੇਸ ਅਤੇ ਪ੍ਰਦੇਸੀਂ ਵਸਦੇ ਮੈਂਬਰਾਂ ਦੇ ਸਹਿਯੋਗ ਲਈ 'ਆਤਮ ਮਾਰਗ' ਅਦਾਰੇ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਇਕ ਮਹੀਨੇ ਵਿਚ ਘੱਟ-ਘੱਟ ਇਕ ਮੈਂਬਰ ਜ਼ਰੂਰ ਬਣਾਓ। ਇਹ ਇਕ ਬੜੀ ਭਾਰੀ ਸੇਵਾ ਹੋਵੇਗੀ ਜਿਸਨੂੰ ਰਲ ਮਿਲ ਕੇ ਆਪਾਂ ਨਿਭਾਈਏ।

ਇਕ ਬੇਨਤੀ ਕਰਨੀ ਮੈਂ ਬਹੁਤ ਜ਼ਰੂਰੀ ਸਮਝਦਾ ਹਾਂ। ਉਹ ਇਹ ਹੈ ਕਿ ਇਕ ਪ੍ਰੇਮੀ ਨੇ ਬਹੁਤ ਹੀ ਖਿਝ ਕੇ ਚਿੱਠੀ ਪਾਈ ਹੈ ਅਤੇ ਨਾਲ ਲਿਖਦਾ ਹੈ ਕਿ ਮੈਗਜ਼ੀਨ ਬਹੁਤ ਮਹਿੰਗੇ ਭਾਅ ਤੇ ਵੇਚਿਆ ਜਾ ਰਿਹਾ ਹੈ। ਉਹ ਪ੍ਰੇਮੀ ਅਮਰੀਕਾ ਦੇ ਰਹਿਣ ਵਾਲਾ ਹੈ। ਉਸਨੇ ਕਿਹਾ ਹੈ ਕਿ ਤੁਸੀਂ ਛੇ ਡਾਲਰ ਇਕ ਮੈਗਜ਼ੀਨ ਦੀ ਕੀਮਤ ਰੱਖੀ ਹੈ, ਤੁਸੀਂ ਮੁਨਾਫਾ ਕਮਾ ਰਹੇ ਹੋਂ। ਹੋਰ ਬਹੁਤ ਫਿੱਕੀ ਬੋਲੀ ਵਿਚ ਮੈਨੂੰ ਸੰਬੋਧਤ ਕਰਕੇ ਆਪਣੇ ਦਿਲ ਦੀ ਭੜਾਸ ਕੱਢੀ ਹੈ। ਹੋ ਸਕਦਾ ਹੈ ਕਿ ਇਹ ਕਿਸੇ ਹੋਰ ਦੇ ਮਨ ਵਿਚ ਵੀ ਸਵਾਲ ਹੋਵੇ। ਉਸ ਬਾਰੇ ਬੇਨਤੀ ਹੈ ਕਿ ਮੈਗਜ਼ੀਨ ਦੀ ਛਪਵਾਈ, ਵਰਤਿਆ ਹੋਇਆ ਪੇਪਰ ਬਹੁਤ ਵਧੀਆ ਹੈ। ਅਸੀਂ ਕਿਸੇ ਵੀ ਚੀਜ਼ ਵਿਚੋਂ ਕੋਈ profit ਨਹੀਂ ਕੱਢ ਰਹੇ ਕਿਉਂਕਿ ਇਹ ਸਾਰਾ ਕੰਮ 'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ' ਵਲੋਂ ਕੀਤਾ ਜਾ ਰਿਹਾ ਹੈ, ਇਸ ਵਿਚ ਕਿਸੇ ਦੇ ਨਿੱਜ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਬਹੁਤ ਸਾਰੇ ਪ੍ਰੇਮੀ ਬਿਨਾਂ ਉਜਰਤ ਲਿਆਂ ਸੇਵਾ ਕਰ ਰਹੇ ਹਨ। 'ਆਤਮ ਮਾਰਗ' ਦੀਆਂ 700 ਕਾਪੀਆਂ ਹਰ ਮਹੀਨੇ ਪੰਜਾਬ ਅਤੇ ਬਾਹਰ ਵਸਦੇ ਸੰਤਾਂ ਨੂੰ ਪ੍ਰਚਾਰ ਹਿਤ ਫਰੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਜਿੰਨੇ ਵੀ ਐਡਰੈਸ ਸਾਡੇ ਕੋਲ ਬਾਹਰਲੇ ਦੇਸ਼ਾਂ ਦੇ ਹਨ, ਸਭਨਾਂ ਨੂੰ, ਜੋ ਅਜੇ ਤਕ ਮੈਂਬਰ ਨਹੀਂ ਬਣੇ, ਸੱਤ ਮਹੀਨਿਆਂ ਤੋਂ ਫਰੀ ਭੇਜਦੇ ਹਾਂ। ਦਿੱਲੀ ਦੇ 300 ਗੁਰਦਵਾਰਿਆਂ ਦੀ ਲਿਸਟ ਸਾਡੇ ਪਾਸ ਹੈ, ਉਨ੍ਹਾਂ ਸਾਰਿਆਂ ਨੂੰ ਬਿਨਾਂ ਮੋਖ ਭੇਜਿਆ ਜਾਂਦਾ ਹੈ। ਇਸ ਦੇ ਨਾਲ ਤਕਰੀਬਨ 10,000 ਰੁਪਏ ਦੇ ਮੈਗਜ਼ੀਨ ਬਿਨਾਂ ਮੋਖ ਭੇਜਦੇ ਹਾਂ। ਪ੍ਰਦੇਸ਼ਾਂ ਵਿਚ ਸਵਾ ਤਿੰਨ ਡਾਲਰ ਦੀ ਮੋਖ ਲਈ ਜਾਂਦੀ ਹੈ। ਹਰ ਮਹੀਨੇ ਜਦੋਂ ਲੇਖਾ ਜੋਖਾ ਕੀਤਾ ਜਾਂਦਾ ਹੈ ਤਾਂ ਘਾਟੇ ਦੇ ਅੰਕ ਹੀ ਹਿਸਾਬ-ਕਿਤਾਬ ਦੇ ਅੰਤ ਵਿਚ ਪ੍ਰਾਪਤ

ਹੁੰਦੇ ਹਨ। ਇਸੇ ਤਰ੍ਹਾਂ ਨਾਲ ਵੀਡੀਓ ਫਿਲਮਾਂ ਸਪਲਾਈ ਕਰਨ ਵੇਲੇ ਬਹੁਤ ਹੀ ਥੋੜੀ ਮੋਖ ਪ੍ਰਾਪਤ ਕੀਤੀ ਜਾਂਦੀ ਹੈ ਜਿਸਨੂੰ Nominal ਹੀ ਆਖਿਆ ਜਾ ਸਕਦਾ ਹੈ। ਕਿਉਂਕਿ ਸਿਰਫ 200 ਰੁਪਏ ਕਿਸੇ-ਕਿਸੇ ਪ੍ਰੇਮੀ ਤੋਂ ਲਏ ਜਾਂਦੇ ਹਨ। ਬਹੁਤਿਆਂ ਨੂੰ ਤਾਂ ਅਸੀਂ 20 ਜਾਂ 30 ਫਿਲਮਾਂ ਇਕੱਠੀਆਂ ਹੀ ਬਿਨਾਂ ਮੋਖ ਦੇ ਦਿਆ ਕਰਦੇ ਹਾਂ ਸਿਰਫ ਇਹ ਬਚਨ ਲੈ ਕੇ ਕਿ ਉਹ ਇਨ੍ਹਾਂ ਫਿਲਮਾਂ ਦਾ ਬਿਨਾਂ ਮੋਖ ਲਏ ਅੱਗ ਪ੍ਰਸਾਰ ਕਰਨ। ਇਕ ਫਿਲਮ ਬਣਾਉਣ ਉਤੇ ਅਸਾਡੇ 2,000 ਰੁਪਏ ਖਰਚ ਹੁੰਦੇ ਹਨ ਜਿਨ੍ਹਾਂ ਵਿਚੋਂ 1200 ਰੁਪਿਆ ਇਕ ਫਿਲਮ ਦੀ Dubing ਦਾ ਹੀ ਹੋਇਆ ਕਰਦਾ ਹੈ। ਫਿਲਮ ਦੀ ਕੀਮਤ, ਫਿਲਮ ਖਿੱਚਣ ਵਾਲੇ ਦੀ ਮਿਹਨਤ ਤੁਸੀਂ ਆਪ ਹੀ ਨਾਲ ਜੋੜ ਸਕਦੇ ਹੋਂ।

'ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ' ਕੋਈ ਮੁਨਾਫਾ ਪ੍ਰਾਪਤ ਕਰਨ ਵਾਸਤੇ ਹੋਂਦ ਵਿਚ ਨਹੀਂ ਆਇਆ। ਇਹ ਤਾਂ ਸਮੁੱਚੇ Earth Planet ਉਤੇ ਸਭਨਾਂ ਨੂੰ ਗੁਰੂ ਨਾਨਕ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਬਖਸ਼ੀ ਆਤਮ ਸੋਝੀ ਦੇਣ ਦਾ ਇਕ ਵਸੀਲਾ ਹੋ ਕੇ ਵਰਤ ਰਿਹਾ ਹੈ। ਇਸ ਸਬੰਧ ਵਿਚ ਅਸੀਂ ਬੇਨਤੀ ਕਰਦੇ ਹਾਂ ਕਿ ਅਸਲੀਅਤ ਨੂੰ ਸਮਝਣ ਦਾ ਜਤਨ ਕਰੋ। ਅੱਜ ਤਕ ਕਦੇ ਕਿਸੇ ਨੂੰ ਮਾਇਕ ਅਪੀਲ ਨਹੀਂ ਕੀਤੀ ਅਤੇ ਨਾ ਹੀ ਕੀਰਤਨ ਕਰਦਿਆਂ ਬਾਜਿਆਂ ਤੇ ਮਾਇਆ ਰੱਖਵਾ ਕੇ ਪੈਸੇ ਹਾਸਲ ਕਰਨ ਦਾ ਜਤਨ ਕੀਤਾ ਹੈ। ਬਸ ਇਕੋ ਭਾਵਨਾ ਕੰਮ ਕਰ ਰਹੀ ਹੈ ਕਿ ਗੁਰੂ ਕਾ ਲੰਗਰ ਚਲਾਉਣ ਵਿਚ ਅਸੀਂ ਕੇਵਲ ਸੇਵਾਦਾਰ ਹਾਂ, ਲੰਗਰ ਦੇ ਮਾਲਕ ਨਹੀਂ। ਲੰਗਰ ਦਾ ਮਾਲਕ ਸਤਿਗੁਰੂ ਨਾਨਕ ਪਾਤਸ਼ਾਹ ਹੈ। ਦਿਨ ਰਾਤ ਲੰਗਰ ਚਲ ਰਹੇ ਹਨ। ਉਹ ਰਸਦ ਭੇਜਦੇ ਹਨ, ਅਸੀਂ ਪਕਾਉਣ ਤੇ ਵਰਤਾਉਣ ਦੀ ਸੇਵਾ ਕਰਦੇ ਹਾਂ। ਇਸੇ ਤਰ੍ਹਾਂ ਨਾਲ 'ਗੁਰ ਸ਼ਬਦ' ਦਾ ਲੰਗਰ ਗੁਰੂ ਦਾ ਹੋਣ ਕਰਕੇ ਅਸੀਂ ਕੇਵਲ ਸੇਵਾ ਕਰਦੇ ਹਾਂ। ਅੱਜ ਤਕ ਹਜ਼ਾਰਾਂ ਮੈਂਬਰਾਂ ਵਿਚੋਂ ਅਸਾਡੇ ਕਿਸੇ ਮੈਂਬਰ ਨੇ ਆਈ ਹੋਈ ਮਾਇਆ ਆਪਣੇ ਨਿੱਜ ਵਾਸਤੇ ਨਹੀਂ ਖਰਚੀ। ਕੇਵਲ ਸੇਵਾ ਭਾਵ ਨਾਲ ਪੜ੍ਹੇ-ਲਿਖੇ ਗਰੈਜੂਏਟ ਲੜਕੇ ਕੀਰਤਨ ਦੀ ਸੇਵਾ ਕਰ ਰਹੇ ਹਨ ਜੋ ਪਹਿਨਣ ਲਈ ਇਕ ਚੋਲਾ, ਜੋੜਾ ਤੇ ਦਸਤਾਰ ਅਤੇ ਛਕਣ ਲਈ ਲੰਗਰ ਦਾ ਪ੍ਰਸ਼ਾਦਾ, ਰਹਿਣ ਲਈ ਕਮਰੇ ਵਿਚ ਥੋੜਾ ਜਿਹਾ ਥਾਂ ਪ੍ਰਾਪਤ ਕਰਕੇ ਹੀ ਨਾਮ ਦੀ ਕਮਾਈ ਕਰਦਿਆਂ ਹੀ ਸਤੁੰਸ਼ਟ ਹਨ। ਇਸ ਲਈ ਐਸੇ ਨਿਰਮੂਲ ਵਿਚਾਰ ਉਨ੍ਹਾਂ ਲਿਖਣ ਵਾਲੇ ਵੀਰਾਂ ਨੂੰ ਨਹੀਂ ਸੋਭਦੇ। ਸਾਡੀ ਤਾਂ ਅਰਦਾਸ ਹੈ ਕਿ ਵਾਹਿਗੁਰੂ ਜੀ ਅਜਿਹੇ ਵੀਰਾਂ ਨੂੰ ਸੁਮੱਤ ਬਖਸ਼ ਕੇ ਆਪਣੀ ਸੋਝੀ ਬਖਸ਼ਣ ਤਾਂਕਿ ਇਸ ਨਿਸ਼ਕਾਮ ਹੋ ਰਹੇ ਗੁਰ ਸ਼ਬਦ ਪ੍ਰਚਾਰ ਵਿਚ ਕੋਈ ਵਿਘਨ ਨਾ ਪਵੇ।

ਪ੍ਰਾਰਥਕ
ਸੰਚਾਲਕ
'ਆਤਮ ਮਾਰਗ'

---

## 'ਆਤਮ ਮਾਰਗ' ਮੈਗਜ਼ੀਨ ਦੇ ਵਿਕਰੀ ਕੇਂਦਰ

1. ਬੀਬੀ ਦਵਿੰਦਰ ਕੌਰ ਸੈਕਟਰੀ
   ਕੋਠੀ ਨੰ: 1704, ਸੈਕਟਰ 33-ਡੀ, ਚੰਡੀਗੜ੍ਹ।
2. ਬੀਬੀ ਚਰਨਜੀਤ ਕੌਰ
   ਮਕਾਨ ਨੰ: 2921, ਸੈਕਟਰ 20-ਸੀ, ਚੰਡੀਗੜ੍ਹ।
3. ਭਾਈ ਕੁਲਬੀਰ ਸਿੰਘ
   781, 3 ਬੀ 1, ਸੈਕਟਰ 60, ਮੋਹਾਲੀ
4. ਭਾਈ ਦਵਿੰਦਰ ਸਿੰਘ
   ਸੀਤਲ ਡੀਪਾਰਟਮੈਂਟਲ ਸਟੋਰ,
   ਐਸ. ਸੀ. ਐਫ. 36, 3ਬੀ2 , ਮੋਹਾਲੀ
5. ਭਾਈ ਗੁਰਦੀਪ ਸਿੰਘ (ਰਤਵਾੜਾ ਸਾਹਿਬ)
6. ਭਾਈ ਬਰਜਿੰਦਰ ਸਿੰਘ ਮੋਟੇ ਮਾਜਰੇ ਵਾਲੇ
   ਲਾਇਲਪੁਰੀਆਂ ਦੀ ਮਠਿਆਈ ਦੀ ਪ੍ਰਸਿੱਧ ਦੁਕਾਨ
   ਜੀ. ਟੀ. ਰੋਡ ਬਨੂੜ।
7. ਮਾਸਟਰ ਲਾਭ ਸਿੰਘ
   ਪਿੰਡ : ਧਮੋਲੀਆਂ, ਰਾਜਪੁਰਾ
8. ਭਾਈ ਜਰਨੈਲ ਸਿੰਘ
   ਕੋਠੀ ਨੰ : 642, ਫੇਸ 7, ਮੋਹਾਲੀ
9. ਭਾਈ ਇੰਦਰਜੀਤ ਸਿੰਘ ਪਿੰਡ ਸੈਫਲਪੁਰ, ਰੋਪੜ
10. ਮਾਸਟਰ ਸੁਰਿੰਦਰ ਸਿੰਘ, ਪਿੰਡ ਝੱਲੀਆਂ, ਰੋਪੜ
11. ਇੰਜ: ਜਸਵੰਤ ਸਿੰਘ ਸਿਆਣ
    67 Type 4, ਦਸ਼ਮੇਸ਼ ਥਰਮਲ ਪਲਾਂਟ ਕਲੋਨੀ, ਰੋਪੜ
12. ਭਾਈ ਅਮਰਜੀਤ ਸਿੰਘ
    ਸੈਣੀ ਮਾਜਰਾ ਜਿਲ੍ਹਾ ਰੋਪੜ
13. ਸ. ਜਗਜੀਤ ਸਿੰਘ,
    ਬਲਾਕ ਨੰ: 10, ਕੁਆਟਰ ਨੰ: 6, ਨਹਿਰੂ ਨਗਰ,
    ਨਵੀਂ ਦਿੱਲੀ। (ਫੋਨ : 6849869)
14. ਸ. ਜਗਜੀਤ ਸਿੰਘ, ਬਲਾਕ ਨੰ: 7, ਕੁਆਟਰ ਨੰ: 8,
    ਨਹਿਰੂ ਨਗਰ, ਨਵੀਂ ਦਿੱਲੀ। (ਫੋਨ : 6837550)
15. ਭਾਈ ਮਹਿੰਦਰ ਸਿੰਘ
    621, ਸੈਕਟਰ 4, ਪੰਚਕੁਲਾ।
16. ਮਾਸਟਰ ਸੁਰਜੀਤ ਸਿੰਘ
    2949, ਸੈਕਟਰ 47-ਸੀ, ਚੰਡੀਗੜ੍ਹ।
17. ਸ. ਜਗਦੇਵ ਸਿੰਘ ਗਿੱਲ
    ਪਿੰਡ ਧਮੋਟ, ਜ਼ਿਲਾ ਲੁਧਿਆਣਾ।
18. ਭਾਈ ਸੇਵਾ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼, ਟੀਚਰ ਕਲੋਨੀ, ਫਰੀਦਕੋਟ।
19. ਸ. ਅਜਾਇਬ ਸਿੰਘ ਰਿਟਾਇਰਡ ਐਸ.ਡੀ.ਓ.
    ਪਿੰਡ ਤੇ ਡਾਕਖਾਨਾ : ਬਹਿਰਾਮ ਜਿਲ੍ਹਾ : ਜਲੰਧਰ
20. ਭਾਈ ਗੁਰਪਾਲ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼, ਸੁਾਲਾ ਪੁਰ, ਜਿਲ੍ਹਾ ਰਾਮਪੁਰ ਯੂ.ਪੀ.
21. ਭਾਈ ਗੁਰਦੀਪ ਸਿੰਘ
    ਗੁਰਦੁਆਰਾ ਈਸ਼ਰ ਪ੍ਰਕਾਸ਼ ਖੁਬੀਆ ਨੰਗਲ, ਜਿਲਾ ਰਾਮਪੁਰ ਯੂ.ਪੀ.
22. Mohinder Singh Gill Telephone : 209-667-5536
    837 E, GLENWOOD AVE, 209-632-0592
    TURLOCK, CA-25380, USA
23. Satnam Singh Atwal Telephone : 408-263-1844
    2755, GUILD HALL DRIVE
    SANJOSE, CA-95132, USA
24. **Satinder Pal Singh Ahuja**
    Sea Croft, 104, Wodehouse Road
    Colaba, Bombay - 400 005
    Tel : 218-7501/ 218-3394/218-0313

# ਖੇਡਾਂ ਦੀ ਦੁਨੀਆਂ ਵਿਚ ਭਾਰਤ ਦੀ ਸ਼ਾਨ

## ਮਹਿੰਦਰ ਸਿੰਘ ਗਿੱਲ (ਅਮਰੀਕਾ)

ਪ੍ਰੋ. ਗੁਰਦੇਵ ਸਿੰਘ

ਮਹਿੰਦਰ ਸਿੰਘ ਗਿੱਲ ਪੰਜਾਬ ਦੇ ਜ਼ਿਲਾ ਜਲੰਧਰ ਦੇ ਪਿੰਡ ਫੁਲੜੀਵਾਲ ਦਾ ਜੰਮਪਲ ਤੇ ਇਕ ਸਾਧਾਰਨ ਕਿਸਾਨ ਪਰਿਵਾਰ ਵਿਚ ਬਚਪਨ ਤੋਂ ਜੁਆਨੀ ਦੀਆਂ ਉਲਾਂਘਾਂ ਭਰਨ ਵਾਲਾ ਇਕ ਹੋਣਹਾਰ ਉਦਮੀ ਐਥਲੀਟ ਹੈ ਜੋ ਟਰਿਪਲ ਜੰਪਰ (Triple Jumper) ਦੇ ਨਾਂ ਨਾਲ ਮਸ਼ਹੂਰ ਹੈ, ਜਿਸਨੇ ਭਾਰਤ ਹੀ ਨਹੀਂ ਬਲਕਿ ਸੰਸਾਰ ਦੀ ਖੇਡ ਦੁਨੀਆਂ ਵਿਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ। ਉਸਨੂੰ ਭਾਰਤੀ, ਪੰਜਾਬੀ ਤੇ ਉਚੇਚੇ ਤੌਰ ਤੇ ਸਿੱਖ ਹੋਣ ਤੇ ਮਾਣ ਹੈ। ਅੱਜਕਲ ਉਹ ਟਰਲੌਕ (Turlock, USA) ਅਮਰੀਕਾ ਦੇ ਸ਼ਹਿਰ ਦਾ ਵਾਸੀ ਹੈ ਅਤੇ ਮਹਿੰਦਰ ਸਪੋਰਟਸ ਇਨਕਾਰਪੋਰੇਟਡ ਜੋ ਉਸਦਾ ਆਪਣਾ ਅਦਾਰਾ ਹੈ, ਉਸ ਦਾ ਉਹ ਪ੍ਰਧਾਨ ਹੈ।

ਉਸਦੇ ਦਿਲ ਵਿਚ ਬਚਪਨ ਤੋਂ ਹੀ ਦ੍ਰਿੜ੍ਹ ਲਗਨ ਸੀ ਕਿ ਉਹ ਸੰਸਾਰ ਵਿਚ ਇਕ ਚੰਗਾ ਐਥਲੀਟ (sportsman) ਦੇ ਰੂਪ ਵਿਚ ਹੋ ਕੇ ਉਭਰੇ ਅਤੇ ਦੇਸ਼ ਤੇ ਕੌਮ ਲਈ ਨਾਮਣਾ ਖੱਟੇ। ਇਸ ਸੁਪਨੇ ਨੂੰ ਸਾਕਾਰ ਕਰਨ ਲਈ, ਜਦੋਂ ਅਜੇ ਉਹ ਅੱਠਵੀਂ ਜਮਾਤ ਵਿਚ ਹੀ ਸੀ, ਉਸਨੇ Junior High Track Meets ਵਿਚ ਹੀ ਆਪਣੀ ਧਾਂਕ ਜਮਾ ਦਿਤੀ ਸੀ ਅਤੇ ਹਾਈ ਸਕੂਲ ਵਿਚ ਉਸਨੇ ਇਸ ਇਰਾਦੇ ਨੂੰ ਹੋਰ ਪਕੇਰਾ ਕਰ ਵਿਖਾਇਆ ਜਦੋਂ ਉਹ ਕੇਵਲ 14 ਸਾਲ ਦਾ ਸੀ ਤੇ ਉਸਨੇ 18 ਸਾਲ ਦੇ ਵਿਦਿਆਰਥੀਆਂ ਨੂੰ ਮਾਤ ਪਾ ਕੇ 43 ਫੁੱਟ ਲੰਮੀ ਛਲਾਂਗ ਲਗਾ ਕੇ Indian National Prepration (ਭਾਰਤੀ ਕੌਮੀ ਪਰੈਪਰੇਸ਼ਨ) ਖਿਤਾਬ ਜਿਤਿਆ ਅਤੇ ਦੂਜੇ ਸਾਲ ਇਕ ਹੋਰ ਕੌਮੀ ਖਿਤਾਬ ਜਿਤ ਕੇ ਨਵਾਂ ਰਿਕਾਰਡ ਕਾਇਮ ਕੀਤਾ ਜੋ ਅਜੇ ਤਕ ਕੋਈ ਭਾਰਤੀ ਖਿਡਾਰੀ ਤੋੜ ਨਹੀਂ ਸਕਿਆ। ਉਹ ਖੇਡਾਂ ਸਬੰਧੀ ਨਵੀਂ ਤੋਂ ਨਵੀਂ ਤਕਨੀਕ ਤੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਨਵੀਆਂ ਤੋਂ ਨਵੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਸੀ।

ਸੰਨ 1967 ਵਿਚ World students Games ਟੋਕੀਓ (ਜਾਪਾਨ) ਵਿਚ ਹੋਈਆਂ ਅਤੇ ਉਸਨੇ ਆਪਣੇ ਦੇਸ਼ ਲਈ ਸੁਨਹਿਰੀ ਤਗਮੇ (Gold medal) ਦੇ ਸੁਪਨੇ ਨੂੰ ਸਾਕਾਰ ਕਰ ਵਿਖਾਇਆ ਅਤੇ ਅਮਰੀਕਾ ਦਾ ਤੇਜ਼ ਦੌੜਾਕ ਟੋਮੀ ਸਮਿਥ ਜੋ ਕਿ ਜਲਦੀ ਹੀ ਓਲੰਪਿਕ ਚੈਂਪੀਅਨ ਬਣਨ ਵਾਲਾ ਸੀ, ਉਸ ਨਾਲ ਦੋਸਤੀ ਪੈ ਗਈ ਅਤੇ ਉਸਨੇ ਗਿੱਲ ਨੂੰ ਅਮਰੀਕਾ ਆਉਣ ਦਾ ਸੱਦਾ ਦਿਤਾ ਕਿ ਉਹ ਕੈਲੇਫੋਰਨੀਆ ਵਿਖੇ ਸਭ ਤੋਂ ਵਧੀਆ ਟਰੇਨਿੰਗ ਲਵੇ ਅਤੇ ਆਪਣੀ ਪੜ੍ਹਾਈ ਵੀ ਇਥੇ ਹੀ ਕਰੇ।

ਗਿੱਲ ਨੇ ਤੁਰੰਤ ਫੈਸਲਾ ਕੀਤਾ ਕਿਉਂਕਿ 'ਛਲਾਂਗ ਲਾਉਣਾ' ਉਸ ਦਾ ਜੀਵਨ ਸੀ ਅਤੇ ਉਸਨੇ ਆਪਣੇ ਮਨ ਦੀ ਗਹਿਰਾਈਆਂ ਵਿਚ ਉਕਰੇ ਸੁਪਨੇ ਸਾਕਾਰ ਕਰਨ ਲਈ ਅਮਰੀਕਾ ਨੂੰ ਪਹਿਲ ਦਿਤੀ। ਵੈਸੇ ਵੀ ਉਹ ਐਸੇ ਮਾਹੌਲ ਅਤੇ ਪੱਖ-ਵਾਦੀ ਵਤੀਰੇ ਤੋਂ ਉਦਾਸ ਹੋ ਚੁੱਕਾ ਸੀ ਤੇ ਇਥੇ ਇਨਸਾਫ ਤੇ ਹੱਲਾਸ਼ੇਰੀ ਮਿਲਣ ਦੀ ਕੋਈ ਆਸ ਨਹੀਂ ਸੀ।

ਅਮਰੀਕਾ ਵਿਚ ਉਸਨੂੰ ਚਾਰ ਸਾਲਾ ਸਕਾਲਰਸ਼ਿਪ ਮਿਲ ਗਿਆ ਤੇ ਵਧੀਆ ਕੋਚਿੰਗ, ਖੁਰਾਕ ਤੇ ਅਨੁਕੂਲ ਵਾਤਾਵਰਣ ਦੇ ਸਦਕੇ ਉਸਨੇ ਆਪਣੀ ਛਲਾਂਗ ਨੂੰ 4 ਫੁਟ ਹੋਰ ਵਧਾ ਲਿਆ। ਗਿੱਲ ਦਾ ਭਾਰ 160 ਪੌਂਡ, ਤੇ ਕੱਦ 6 ਫੁੱਟ ਹੈ। N.F.L. ਦੇ ਖਿਡਾਰੀਆਂ ਦੇ ਮੁਕਾਬਲੇ ਜੋ ਕਿ 450 ਪੌਂਡ ਭਾਰ ਚੁਕਦੇ ਸਨ, ਇਹ ਬਿਨਾਂ ਝੂਟੇ ਤੋਂ 500 ਪੌਂਡ ਚੁੱਕ ਦਿੰਦਾ ਸੀ। 1972 ਦੀਆਂ ਮਿਊਨਿਖ (Munich) ਖੇਡਾਂ ਤੋਂ ਪਹਿਲਾਂ ਉਸਨੇ 75 ਸੁਨਹਿਰੀ ਤਗਮੇ ਜਿਤ ਲਏ ਸਨ ਜਿਨ੍ਹਾਂ ਵਿਚ NCAA ਡਵੀਜ਼ਨ 1 ਅਤੇ 2 ਤੋਂ ਕਾਮਨਵੈਲਥ ਤੇ ਕੇਨੈਡੀ ਖੇਡਾਂ ਵਿਚ ਸੁਨਹਿਰੀ ਤਗਮੇ ਜਿੱਤ ਕੇ ਰਿਕਾਰਡ ਸਥਾਪਿਤ ਕੀਤਾ। 1972 ਵਿਚ ਹੀ ਉਸਨੇ ਟੈਕਸਾਸ ਤੇ ਐਲਪਾਸੋ ਵਿਚ 56 ਫੁੱਟ 4-1/2 ਇੰਚ ਦੀ ਰਿਕਾਰਡ ਛਾਲ ਲਾ ਕੇ ਆਪਣੇ ਆਪ ਨੂੰ ਸੰਸਾਰ ਦਾ ਸਭ ਤੋਂ ਵਧੀਆ Triple Jumper ਬਣਾ ਲਿਆ। ਉਸਨੇ ਅਮਰੀਕਾ ਨੂੰ represent ਕਰਨ ਦੀ ਥਾਂ ਭਾਰਤ ਨੂੰ ਪਹਿਲ ਦਿਤੀ ਪ੍ਰੰਤੂ ਵਾਤਾਵਰਣ ਦੇ ਅਨੁਕੂਲ ਨਾ ਸਾਬਤ ਹੋਣ ਤੇ ਪੱਠੇ ਖਿੱਚੇ ਜਾਣ ਕਰਕੇ ਉਹ ਮਿਊਨਿਖ ਵਿਚ ਆਪਣੀ ਖੇਡ ਦਾ ਪ੍ਰਦਰਸ਼ਨ ਨਾ ਕਰ ਸਕਿਆ। ਹੁਣ ਵੀ ਉਹ ਇਕ ਖੁਲ੍ਹੇ ਐਥਲੀਟ ਦੀ ਹੈਸੀਅਤ ਵਿਚ ਅੰਤਰਰਾਸ਼ਟਰੀ ਖੇਡਾਂ ਵਿਚ ਹਿਸਾ ਲੈਣ ਲਈ ਉਤਸੁਕ ਹੈ ਅਤੇ ਉਹ ਆਪਣੀ ਟਰੇਨਿੰਗ ਨਿਰੰਤਰ ਕਰਦਾ ਰਹਿੰਦਾ ਹੈ। ਹੁਣ ਉਹ ਟਰਲੌਕ ਵਿਚ ਰਹਿੰਦਾ ਹੈ ਤੇ ਮਹਿੰਦਰ ਸਪੋਰਟਸ ਕੰਪਨੀ ਦੇ ਨਾਂ ਤੇ ਵਿਦੇਸ਼ਾਂ ਤੇ ਭਾਰਤ ਵਿਚੋਂ ਖੇਡਾਂ ਦਾ ਸਮਾਨ ਖਰੀਦਦਾ ਹੈ ਤੇ ਦੁਨੀਆਂ ਵਿਚ ਉਸ ਦੀ ਕੰਪਨੀ ਦਾ ਬਣਿਆ ਖੇਡਾਂ ਦਾ ਸਮਾਨ ਮਾਨਤਾ ਪ੍ਰਾਪਤ ਕਰ ਚੁਕਿਆ ਹੈ ਅਤੇ ਹੁਣ ਉਹ ਅੰਤਰਰਾਸ਼ਟਰੀ ਸੁਪਲਾਇਰ ਬਣ ਗਿਆ ਹੈ।



ਲੇਖਕ, ਮਹਿੰਦਰ ਸਿੰਘ ਗਿੱਲ (ਵਿਚਕਾਰ) ਅਤੇ ਮਹਾਂਪੁਰਖ

ਆਪਣੀ ਮਿਹਨਤ, ਖੇਡ ਕੁਸ਼ਲਤਾ ਤੋਂ ਇਲਾਵਾ ਉਸਨੂੰ ਆਪਣੀ ਸਭਿਅਤਾ ਅਤੇ ਕਲਚਰ ਨੂੰ ਅਪਨਾਉਣ ਤੇ ਪ੍ਰਸਾਰ ਕਰਨ ਦਾ ਵੀ ਸ਼ੌਕ ਹੈ। ਉਹ ਚਾਹੁੰਦਾ ਹੈ ਕਿ ਗੁਰਸਿੱਖੀ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਹੋਵੇ, ਸੰਸਾਰ ਨੂੰ ਗੁਰਸਿੱਖੀ ਦੇ ਸੁਨਿਹਰੀ ਅਸੂਲਾਂ ਤੋਂ ਵਾਕਫੀ ਹੋਵੇ ਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਇਸਨੂੰ ਅਪਨਾਉਣ ਤੇ ਨਸ਼ਿਆਂ ਤੇ ਭੈੜੀਆਂ ਵਾਦੀਆਂ ਤੋਂ ਉਪਰ ਉਠ ਕੇ ਗੁਰੂ ਦੇ ਸੱਚੇ ਸਿੱਖ ਬਣਨ ਤਾਂ ਕਿ ਸਿੱਖ ਵਕਾਰ ਮੁੜ ਕਾਇਮ ਹੋ ਸਕੇ। ਇਸੇ ਮੰਤਵ ਲਈ ਉਹ ਬਾਰ-ਬਾਰ ਮਹਾਂਪੁਰਸ਼ਾਂ (ਸੰਤ ਬਾਬਾ ਵਰਿਆਮ ਸਿੰਘ ਜੀ, ਚੇਅਰਮੈਨ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਟਰੱਸਟ, ਚੰਡੀਗੜ੍ਹ, ਰਤਵਾੜਾ ਸਾਹਿਬ) ਨੂੰ ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਲੈ ਜਾਣ ਲਈ ਸਹਿਮਤ ਕਰ ਗਿਆ ਹੈ ਤੇ ਵਾਹਿਗੁਰੂ ਜੀ ਨੂੰ ਭਾਇਆ ਤਾਂ ਮਹਾਂਪੁਰਸ਼ ਮਾਰਚ 1996 ਵਿਚ ਸੰਗਤਾਂ ਦੇ ਉਧਾਰ ਲਈ ਅਮਰੀਕਾ ਪਹੁੰਚਣਗੇ ਜਿਸਦਾ ਉਥੋਂ ਦੀਆਂ ਸੰਗਤਾਂ ਦੇ ਦਿਲ ਵਿਚ ਬਹੁਤ ਚਾਅ ਤੇ ਉਮਾਹ ਹੈ।

ਮਹਿੰਦਰ ਸਿੰਘ ਗਿੱਲ ਨੇ ਜਦ ਤੋਂ ਇਸ ਟਰੱਸਟ ਵਲੋਂ ਬਣੀਆਂ ਫਿਲਮਾਂ ਵੇਖੀਆਂ ਹਨ ਅਤੇ ਸਮਝੀਆਂ ਹਨ, ਉਹ ਬਹੁਤ ਪ੍ਰਭਾਵਿਤ ਹੋ ਕੇ ਗੁਰਮਤਿ ਸਿਧਾਂਤਾਂ ਨੂੰ ਸੰਸਾਰ ਵਿਚ ਪ੍ਰਸਾਰਨ ਦਾ ਬਹੁਤ ਹੀ ਉਤਸੁਕ ਹੈ। ਸ. ਸਤਨਾਮ ਸਿੰਘ ਅਟਵਾਲ, ਸਨਜੋਜ਼, ਕੈਲੇਫੋਰਨੀਆਂ ਵਾਲੇ ਬੇਅੰਤ ਸਾਥੀਆਂ ਸਮੇਤ ਉਸਦੇ ਸਹਿਯੋਗੀ ਹਨ। ਇਨ੍ਹਾਂ ਦੀ ਦ੍ਰਿੜ੍ਹ ਲਗਨ ਵੇਖ ਕੇ ਬਾਬਾ ਜੀ ਨੇ ਪ੍ਰਵਾਨਗੀ ਦੇ ਦਿਤੀ ਹੈ।

✡ ✡ ✡ ✡ ✡ ✡ ✡ ✡ ✡ ✡ ✡ ✡

# ਸਿੱਖ ਸਾਹਿਤ ਵਿਚ ਆਏ ਨਾਵਾਂ, ਥਾਵਾਂ ਦਾ ਸੰਖੇਪ ਵੇਰਵਾ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 58)*

**ਅਸ਼੍ਵਥਾਮਾ** - 1. ਘੋੜੇ ਜੇਹੀ ਆਵਾਜ਼ ਕਰਨ ਵਾਲਾ। 2. ਕ੍ਰਿਪੀ ਦੇ ਉਦਰ ਤੋਂ ਦ੍ਰੋਣ ਦਾ ਪੁੱਤਰ, ਜਿਸ ਨੇ ਜੰਮਣ ਵੇਲੇ ਘੋੜੇ ਜੇਹੀ ਆਵਾਜ਼ ਕੀਤੀ, ਜਿਸ ਤੋਂ ਉਸ ਦਾ ਇਹ ਨਾਉਂ ਹੋਇਆ! ਇਹ ਕੌਰਵਾਂ ਦਾ ਸੈਨਾਪਤੀ ਸੀ। ਕੁਰੂਖੇਤਰ ਦੀ ਸਭ ਤੋਂ ਪਿਛਲੀ ਲੜਾਈ ਦੇ ਅੰਤ ਵਿਚ ਜਦੋਂ ਦੁਰਯੋਧਨ ਸਖਤ ਜ਼ਖਮੀ ਹੋਇਆ ਤਾਂ ਸਾਰੀ ਕੌਰਵਾਂ ਦੀ ਸੈਨਾ ਵਿਚੋਂ ਕੇਵਲ ਅਸ਼੍ਵਥਾਮਾ, ਕ੍ਰਿਪ ਅਤੇ ਕ੍ਰਿਤਵਰਮਾ ਹੀ ਬਾਕੀ ਰਹਿ ਗਏ ਸਨ। ਅਸ਼੍ਵਥਾਮਾ ਧ੍ਰਿਸਟਦਯੁਮਨ ਕੋਲੋਂ, ਜਿਸਨੇ ਇਸਦੇ ਪਿਤਾ ਦ੍ਰੋਣ ਨੂੰ ਮਾਰਿਆ ਸੀ, ਬਦਲਾ ਲੈਣਾ ਚਾਹੁੰਦਾ ਸੀ, ਏਸ ਲਈ ਇਹ ਰਾਤ ਵੇਲੇ ਪਾਂਡਵਾਂ ਦੇ ਤੰਬੂ ਵਿਚ ਪਹੁੰਚਿਆ ਅਤੇ ਧ੍ਰਿਸ਼ਟਦਯੁਮਨ ਨੂੰ ਸੁੱਤੇ ਪਏ ਹੀ ਮਾਰ ਦਿਤਾ। ਫੇਰ ਇਸ ਨੇ ਦ੍ਰੁਪਦ ਦੇ ਪੁੱਤਰ ਸ਼ਿਖੰਡੀ ਨੂੰ ਮੁਕਾਇਆ ਅਤੇ ਫੇਰ ਪਾਂਡਵਾਂ ਦੇ ਪੰਜਾਂ ਪੁੱਤਰਾਂ ਨੂੰ ਮਾਰ ਕੇ ਉਨ੍ਹਾਂ ਦੇ ਸਿਰ ਦੁਰਯੋਧਨ ਦੇ ਪਾਸ ਲੈ ਗਿਆ।

ਇਸਨੇ ਆਪਣੇ ਬ੍ਰਹਮਅਸਤ੍ਰ ਦੇ ਪ੍ਰਭਾਵ ਨਾਲ ਪਰੀਛਤ ਨੂੰ ਭੀ, ਜੋ ਅਜੇ ਆਪਣੀ ਮਾਂ ਦੇ ਗਰਭ ਵਿਚ ਹੀ ਸੀ, ਮਾਰ ਦਿਤਾ, ਜਿਸ ਤੋਂ ਕ੍ਰਿਸ਼ਨ ਜੀ ਨੇ ਇਸ ਨੂੰ ਸ੍ਰਾਪ ਦਿਤਾ ਅਤੇ ਪਰੀਛਤ ਨੂੰ ਫੇਰ ਜੀਵਨਦਾਨ ਕੀਤਾ। ਦੂਜੇ ਦਿਨ ਅਸ਼੍ਵਥਾਮਾ ਅਤੇ ਇਸਦੇ ਸਾਥੀ ਡਰ ਕੇ ਨੱਸ ਗਏ, ਪਰ ਦ੍ਰੋਪਦੀ ਨੇ ਰੋ ਕੇ ਆਖਿਆ ਕਿ ਮੇਰੇ ਪੁੱਤਰਾਂ ਦਾ ਬਦਲਾ ਲੀਤਾ ਜਾਵੇ। ਯੁਧਿਸ਼ਠਰ ਨੇ ਕਿਹਾ ਕਿ ਅਸ਼੍ਵਥਾਮਾ ਬ੍ਰਾਹਮਣ ਹੈ, ਇਸ ਲਈ ਉਸਨੂੰ ਮਾਰਨਾ ਪਾਪ ਹੈ। ਦ੍ਰੋਪਦੀ ਇਹ ਗੱਲ ਤਾਂ ਮੰਨ ਗਈ, ਪਰ ਕਹਿਣ ਲੱਗੀ ਕਿ ਉਸਦੇ ਮਸਤਕ ਵਿਚ ਜੋ ਮਣੀ ਹੈ, ਉਹ ਮੈਨੂੰ ਲਿਆ ਦਿਤੀ ਜਾਵੇ। ਇਸ ਲਈ ਭੀਮ, ਅਰਜੁਨ ਅਤੇ ਕ੍ਰਿਸ਼ਨ ਜੀ ਉਸਦੇ ਪਿੱਛੇ ਗਏ ਅਤੇ ਰਤਨ ਲੈ ਆਏ। ਦ੍ਰੋਪਦੀ ਨੇ ਇਹ ਮਣੀ ਯੁਧਿਸ਼ਠਰ ਨੂੰ ਦੇ ਦਿਤੀ, ਜਿਸਨੇ ਇਸਨੂੰ ਆਪਣੇ ਮੁਕਟ ਪਰ ਸਜਾਇਆ।

**ਅਹਮਦ** - ਹਮਦ (ਸ਼ਲਾਘਾ) ਕੀਤਾ ਹੋਇਆ ਪ੍ਰਸ਼ੰਸਿਤ ਸਲਾਹਿਆ ਹੋਇਆ। 2. ਹਜ਼ਰਤ ਮੁਹੰਮਦ ਸਾਹਿਬ ਦਾ ਨਾਉਂ 3. ਬਿਕਰਮੀ ਸਤਾਰਵੀਂ ਸਦੀ ਵਿਚ ਹੋਇਆ ਇਕ ਫਾਰਸੀ ਅਤੇ ਹਿੰਦੀ ਦਾ ਕਵਿ ਜਿਸਦੇ ਦੋਹਰੇ ਅਤੇ ਸੋਰਠੇ ਮਨੋਹਰ ਹਨ।

*"ਅਹਮਦ, ਯਾ ਮਨ ਸਦਨ ਮੇ ਹਰਿ ਆਵਹਿਂ ਕਿਂਹ ਬਾਟ?*
*ਬਿਕਟ ਜੁਰੇ ਜੌ ਲੌ ਨਿਪਟ ਖੁਲੈਂ ਨ ਕਪਟ ਕਪਾਟ।*
*ਅਹਮਦ ਹਮ ਨ ਸੁਹਾਯ, ਅਮੀ ਪਿਲਾਵੈ ਮਾਨ ਬਿਨ,*
*ਜੌ ਬਿਖ ਦੇਤ ਬੁਲਾਯ, ਮਾਨ ਸਹਿਤ ਮਰਬੋ ਭਲੋ।"*

**ਅਹਮਦ ਸ਼ਾਹ ਅਬਦਾਲੀ** - ਅਥਵਾ ਦੁਰਾਨੀ। ਅਬਦਾਲੀ ਪਠਾਣਾਂ ਦੀ ਸ਼ਾਖ, ਸੱਦੋਜ਼ਈ ਵਿਚ ਜ਼ਮਾਨ ਖ਼ਾਨ ਦਾ ਪੁੱਤ। ਇਹ ਇਕ ਗਰੀਬ ਪਠਾਣ ਸੀ, ਪਰ ਬੁੱਧੀ ਬਲ ਨਾਲ ਵਧਦਾ-ਵਧਦਾ ਨਾਦਰਸ਼ਾਹ ਦਾ ਸੈਨਾਪਤਿ ਹੋ ਗਿਆ ਅਤੇ ਸੰਨ 1747 ਵਿਚ ਨਾਦਰਸ਼ਾਹ ਦੇ ਮਰਨ ਪਿਛੋਂ ਕੰਧਾਰ ਤੇ ਕਬਜ਼ਾ ਕਰਕੇ ਬਲਖ, ਸਿੰਧ, ਪੰਜਾਬ ਅਤੇ ਕਸ਼ਮੀਰ ਨੂੰ ਭੀ ਆਪਣੇ ਅਧੀਨ ਕਰ ਲਿਆ। ਇਸ ਨੇ ਸੰਨ 1747 ਤੋਂ ਲੈ ਕੇ ਸੰਨ 1767 ਤੀਕ ਪੰਜਾਬ ਉਤੇ ਅੱਠ ਹਮਲੇ ਕੀਤੇ ਅਤੇ ਸੰਮਤ 1818 ਵਿਚ ਆਪਣੇ ਅਹਿਲਕਾਰ ਕਲੰਦਰ ਖ਼ਾਂ ਦੀ ਮਾਰਫਤ ਅੰਮ੍ਰਿਤਸਰ ਜੀ ਦੀ ਬੇਅਦਬੀ ਕਰਕੇ ਹਰਿਮੰਦਿਰ ਢਾਹਿਆ, ਜੋ ਖਾਲਸੇ ਨੇ ਫੇਰ ਉਸੇ ਨੀਂਹ ਉਪਰ ਉਸਾਰਿਆ। ਅਹਮਦਸ਼ਾਹ ਦਾ ਦੇਹਾਂਤ 7 ਹਾੜ ਸੰਮਤ 1830 ਵਿਚ ਮੁਰਗਾਬ ਨਾਮੇ ਨਗਰ ਹੋਇਆ।

**ਅਹਮਦ ਸੱਯਦ** - (ਸੱਯਦ ਅਹਮਦ ਸ਼ਾਹ ਗਾਜ਼ੀ) ਬਰੇਲੀ ਦਾ ਰਹਿਣ ਵਾਲਾ ਇਕ ਮੁੱਲਾਂ, ਜਿਸ ਨੇ ਸੰਨ 1827 ਵਿਚ ਸਰਹੱਦੀ ਮੁਸਲਮਾਨਾਂ ਨੂੰ ਭੜਕਾ ਕੇ ਸਿੱਖਾਂ ਦੇ ਵਿਰੁੱਧ ਮਜ਼ਹਬੀ ਜੰਗ ਛੇੜਿਆ ਅਤੇ ਜਹਾਦ ਲਈ ਹਜ਼ਾਰਾਂ ਮੁਸਲਮਾਨ ਇਸਦੇ ਝੰਡੇ ਹੇਠ ਇਕੱਠੇ ਹੋ ਗਏ। ਅਟਕ ਪਾਸ ਅਕੋਰਾ ਦੇ ਮੁਕਾਮ ਪੁਰ ਸਰਦਾਰ ਬੁੱਧ ਸਿੰਘ ਸੰਧਾਂਵਾਲੀਏ ਤੋਂ ਇਸ ਨੇ ਭਾਰੀ ਹਾਰ ਖਾਧੀ। ਮਈ ਸੰਨ 1831 ਵਿਚ ਕਸ਼ਮੀਰ ਦੇ ਗਵਰਨਰ ਸ਼ੇਰ ਸਿੰਘ ਦੀ ਫੌਜ ਨਾਲ ਜੰਗ ਕਰਦਾ ਹੋਇਆ ਇਹ ਬਾਲਾਕੋਟ (ਜ਼ਿਲਾ ਹਜ਼ਾਰਾ) ਵਿਚ ਮਰ ਗਿਆ। ਮੁਸਲਮਾਨਾਂ ਦਾ ਖਿਆਲ ਹੈ ਕਿ ਉਹ ਕਿਤੇ ਗੁਪਤ ਹੋ ਗਿਆ, ਪਰ ਮੋਇਆ ਨਹੀਂ।

**ਅਹੱਲਿਆ** - ਵ੍ਰਿਧਾਸ਼ਵ ਦੀ ਪੁੱਤਰੀ ਅਤੇ ਗੌਤਮ (ਸ਼ਰਦਵਤ) ਦੀ ਇਸਤਰੀ ਜੋ ਰਾਮਾਇਣ ਅਨੁਸਾਰ ਬ੍ਰਹਮਾ ਨੇ ਸਭ ਇਸਤਰੀਆਂ ਤੋਂ ਪਹਿਲਾਂ ਬਹੁਤ ਸੁੰਦਰ ਬਣਾਈ, ਇਹ ਪਤੀ ਦੇ ਸ੍ਰਾਪ ਨਾਲ ਸਿਲਾ ਰੂਪ ਹੋ ਗਈ ਅਤੇ ਰਾਮਚੰਦਰ ਜੀ ਤੋਂ ਮੁਕਤ ਹੋਈ। "ਗੋਤਮ ਨਾਰਿ ਅਹਲਿਆ ਤਾਰੀ" (ਮਾਲੀ ਨਾਮਦੇਵ)

**ਅਹੋਈ** - ਸਾਂਝੀ ਦੇਵੀ। ਅਹਿਵੰਸ਼ ਵਿਚ ਹੋਣ ਵਾਲੀ ਇਕ ਦੇਵੀ। ਇਹ ਕੁਆਰੀ ਕੰਨਿਆ ਦੀ ਪੂਜਯ ਦੇਵੀ ਹੈ। ਅੱਸੂ ਦੇ ਨੌਰਾਤਿਆਂ ਵਿਚ ਕੁਆਰੀ ਲੜਕੀਆਂ ਇਸ ਦੇਵੀ ਦੀ ਮਿੱਟੀ ਦੀ ਮੂਰਤਿ ਬਣਾ ਕੇ ਕੰਧ ਉਪਰ ਲਾਉਂਦੀਆਂ ਹਨ, ਅਸ਼ਟਮੀ ਦਾ ਵਰਤ ਰੱਖ ਕੇ ਧੂਪ ਦੀਪ ਨਾਲ ਮੂਰਤੀ ਦਾ ਪੂਜਨ ਕਰਦੀਆਂ ਹਨ। ਕੱਤਕ ਦੀ ਚਾਨਣੀ ਏਕਮ ਨੂੰ ਮੂਰਤੀ ਜਲਪ੍ਰਵਾਹ ਕਰ ਦਿੰਦੀਆਂ ਹਨ। ਮਥੁਰਾ ਦੇ ਜ਼ਿਲੇ ਰਾਧਾਕੁੰਡ ਪੁਰ, ਕੱਤਕ ਬਦੀ 8 ਨੂੰ ਅਹੋਈ ਦਾ ਵੱਡਾ ਭਾਰੀ ਮੇਲਾ ਲਗਦਾ ਹੈ। "ਹਰਿ ਕਾ ਸਿਮਰਨ ਛਾਡਿਕੈ ਅਹੋਈ ਰਾਖੈ ਨਾਰਿ।।" (ਸ. ਕਬੀਰ) ਜੋ ਇਸਤ੍ਰੀ ਅਹੋਈ ਦਾ ਵਰਤ ਰੱਖਦੀ ਹੈ।

'ਚਲਦਾ'

*(ਮਹਾਨ ਕੋਸ਼ ਵਿਚੋਂ ਧੰਨਵਾਦ ਸਹਿਤ)*

# ਚਾਲੇ ਊਠਿ ਨਿਰਾਸ

ਡਾ. ਕੁਲਦੀਪ ਸਿੰਘ



ਸਾਧੂ-ਸੰਤ ਤੋਂ ਧਰਮ ਦੀ ਅਨੁਭਵੀ ਸੇਧ ਅਤੇ ਦੇਖ ਰੇਖ ਮਨੁਖੀ ਅਥਾਹ ਸ਼ਕਤੀ ਕੇਂਦਰਾਂ (ਉਤਲੇ ਕੁੰਡਲਨੀ ਚੱਕਰ) ਨੂੰ ਉਜਾਗਰ ਕਰਨ ਵਿੱਚ ਮਦਦਗਾਰ ਹੁੰਦੀ ਹੈ। ਜੇ ਧਰਮ ਅਗਿਆਨਤਾ ਵਸ, ਕਰਮ ਕਾਂਡ ਬਣਾ ਦਿਤਾ ਜਾਵੇ ਤਾਂ ਪੰਦਰਾਂ ਲੱਖ ਨਰ ਨਾਰੀ ਬੇਝਿਜਕ, ਸੂਰਜ ਗ੍ਰਹਿਣ ਦੇ ਅੱਧੇ ਘੰਟੇ ਸਮੇਂ ਵਿੱਚ, ਇਕ ਸਰੋਵਰ ਵਿੱਚ ਡੁਬਕੀ ਲਾ ਅਪਣੇ ਆਪ ਨੂੰ ਪਾਪਾਂ ਦੇ ਬੋਝ ਤੋਂ ਹਲਕਾ ਮਹਿਸੂਸ ਹੋਣ ਦਾ ਦਾਅਵਾ ਕਰਦੇ ਹਨ। ਜੇ ਧਰਮ ਸਿਆਸਤੀ ਖੇਡ ਬਣ ਜਾਵੇ ਤਾਂ ਹਜ਼ਾਰਾਂ ਜਾਨਾਂ ਅਤੇ ਕ੍ਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਇਹੀ ਧਰਮ, ਬੁਧੀਜੀਵੀ ਦੀ ਸੋਚ ਬਣ, ਅਕਲ ਤੋਂ ਕਲਮਬੰਦ ਹੋ, ਕਿਤਾਬ ਵਿੱਚ ਉਤਰ ਆਵੇ ਤਾਂ ਲਖਾਂ ਲੋਕ ਤਰਕ-ਵਿਤਰਕ ਦੀ ਬੁਧੀ ਧਾਰ ਪ੍ਰਭੂ-ਪ੍ਰੇਮ ਤੋਂ ਵਾਂਝੇ ਹੋ ਭਟਕਣ ਵਿੱਚ ਰਹਿ ਜਾਂਦੇ ਹਨ।

ਅਜ ਸਮਾਜ, ਬੁਧੀਜੀਵੀ, ਸਿਆਸਤਦਾਨ ਅਤੇ ਪ੍ਰਚਾਰਕ ਇਕ ਦੂਜੇ ਦੇ ਪੂਰਕ ਹਨ। ਅਪਣੇ ਅਹੰ ਅਤੇ ਵਾਸ਼ਨਾਵਾਂ ਦੀਆਂ ਲੋਚਾ ਨੂੰ ਪੂਰਾ ਕਰਨ ਅਤੇ ਜਾਇਜ਼ ਕਰਾਰਣ ਲਈ, ਆਪੋ ਵਿੱਚ ਗਲਵਕੜੀ ਪਾਈ ਰਖਦੇ ਹਨ। ਪ੍ਰਬੰਧਕੀ ਸਿਆਸਤਦਾਨ ਦੀ ਚਾਲ ਨਾਲ ਇਕ ਨਾ-ਬੂਝ ਅਤੇ ਬੇਰੋਜ਼ਗਾਰ, ਉਸਦੀ ਸੋਚ ਅਤੇ ਧਰਮ ਦਾ ਪ੍ਰਚਾਰਕ ਬਣ ਜਾਂਦਾ ਹੈ। ਪ੍ਰਚਾਰਕ ਅਕਲ ਅਤੇ ਪੇਟ ਦਾ ਗਰੀਬ ਹੋਣ ਕਰਕੇ ਬੁਧੀਜੀਵੀ ਦੀ ਮਨਮਤਿ ਧਰਮ ਖੋਜ ਪੜ-ਸੁਣ ਕੇ ਅਪਣੀ ਅਕਲ ਧਾਰਦਾ ਹੈ ਅਤੇ ਲੋਕ ਰੁਚੀ ਵਿਚ ਸਮਾਜ ਨੂੰ ਪੜ੍ਹਾ-ਸੁਣਾ ਕੇ ਪੇਟ ਪਾਲਦਾ ਹੈ।

ਭਾਸ਼ਾਮਾਹਿਰ ਬੁਧੀਜੀਵੀ ਦੀ ਸੂਝ, ਵਿਦਿਅਕ ਬਲ ਰਾਹੀਂ ਸ਼ਬਦ ਦੇ ਅਰਥ ਦਾ ਤੋੜ ਮਰੋੜ ਕਰਦੀ ਹੈ। ਇਤਿਹਾਸਕਾਰ ਬੁਧੀਜੀਵੀ ਦੀ ਸਮਝ, ਅਪਣੀ ਨਿਜ ਹੈਸੀਅਤ ਨੂੰ ਮਦੇਨਜ਼ਰ ਰੱਖ ਗੁਰੂ ਸਹਿਬਾਨਾਂ ਦੇ ਬੀਤਰਾਗ ਕਰਮਾਂ ਨੂੰ ਰਾਗ ਦ੍ਵੈਸ਼ ਦਾ ਰੰਗ ਚਾੜ੍ਹ ਕਥਾ ਘੜਦੀ ਹੈ। ਇਸ ਤਰ੍ਹਾਂ ਦਾ ਅਹੰਕਾਰ ਤੋਂ ਕਲਮਬੰਦ ਅਤੇ ਮੂੜਤਾਵਸ ਉਚਰੀ ਖੋਜ ਗਾਥਾ ਜਦੋਂ ਦਵੰਦ ਵਿੱਚ ਫਸੇ ਭਾਵੁਕ, ਨਿਰਾਸ਼, ਪਰੇਸ਼ਾਨ ਲੋਕਾਂ ਤਕ ਪਹੁੰਚਦੀ ਹੈ ਤਾਂ ਧਰਮ ਦਾ ਰੁਪਾਂਤਰ ਅਧਰਮ ਵਿੱਚ ਹੋ ਗਿਆ ਹੁੰਦਾ ਹੈ। ਇਸ ਪ੍ਰਚਾਰ ਨਾਲ ਵਾਸ਼ਨਾਵਾਂ ਪ੍ਰਬਲ ਰਹਿੰਦੀਆਂ ਹਨ ਅਤੇ ਵਿਕਾਰਾਂ ਨੂੰ ਪ੍ਰੇਰਦੀਆਂ ਹਨ। ਇਨ੍ਹਾਂ ਵਿਕਾਰਾਂ ਦੇ ਪ੍ਰਭਾਵ ਹੇਠ ਪ੍ਰਤੀਤਦੇ ਧਰਮ ਦੇ ਨਾਂ ਮਨੁੱਖੀ ਕੁਕਰਮਾਂ ਤੋਂ ਹੋਈ ਅਪਰਾਧ-ਬੋਧ ਭਾਵਨਾ ਦੀ ਮੁਕਤੀ ਵੀ ਇਸੇ ਧਰਮ ਅਧੀਨ ਹੁੰਦੀ ਹੈ। 'ਓਥੈ ਸਚੇ ਹੀ ਸਚਿ ਨਿਬੜੈ' ਨੂੰ ਭੁੱਲ ਕੇ ਇਨਸਾਨ ਅਸੀਮਤ ਪ੍ਰਮੇਸ਼ਰ ਪਿਆਰ ਦੀ ਸਾਂਝੀਵਾਲਤਾ (synchronism) ਨੂੰ ਦੇਸ਼ਾਂ ਦੀ ਸੀਮਾਬੰਦੀ ਤੋਂ ਖੁਦਗਰਜ਼ੀ ਦੀ ਹੋਂਦ ਤਕ ਸਮੇਟ ਕੇ ਛੋਟਾ ਕਰ ਰਿਹਾ ਹੈ। ਇਸ ਧਰਮ ਭਰਮ ਨਾਂ ਤੇ ਹੋਏ ਦੰਗੇ ਫਸਾਦ, ਲੁਟ ਖੋਹ ਅਤੇ ਮਾਰ-ਕੁਟ ਕਮਲੀ ਮਨੁਖਤਾ ਦੀ ਨਿਸ਼ਾਨੀ ਹੈ ਜਿਸ ਲਈ ਅਜ ਦੇ ਧਰਮ ਪ੍ਰਚਾਰਕ ਜ਼ਿਮੇਵਾਰ ਹਨ। ਸਹੀ ਸੇਧ ਨਾ ਹੋਣ ਜਾਂ ਨਾ ਸਮਝਣ ਕਰਕੇ ਮਨੁੱਖ ਝਖਣਾ-ਝਾਖ ਵਿਚ ਥੱਕ ਹਾਰ ਨਿਰਾਸ਼ਮਈ ਜੀਵਨ ਬਤੀਤ ਕਰ ਤੁਰ ਜਾਂਦਾ ਹੈ।

*ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ॥*
*ਮਨੋਰਥੁ ਕੋਇ ਨਾ ਪੂਰਿਓ ਚਾਲੇ ਊਠਿ ਨਿਰਾਸ॥*

*ਪੰਨਾ - 1375*

ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਸ਼ਬਦ '੧ਓ' ਨੂੰ ਪਰਪੱਕ ਕਰਾਉਣ ਲਈ ਗੁਰੂ ਸਾਹਿਬਾਂ ਅਤੇ ਸਮਕਾਲੀ ਪ੍ਰਵਾਨ ਰੂਹਾਂ ਦੀ 'ਧੁਰ ਅਨੁਭਵੀ ਬਾਣੀ' 1430 ਪੰਨਿਆਂ ਵਿਚ ਸੇਧ ਦੇ ਰਹੀ ਹੈ। ਅੱਜ ਯੂਨੀਵਰਸਿਟੀਆਂ ਵਿਚ ਬੁਧੀਜੀਵੀ ਅਤੇ ਇਤਿਹਾਸਕਾਰਾਂ ਦੀ ਮਨਮਤਿ ਹਵਾਈ ਖੋਜ ਦੀ ਉਡਾਰੀ ਨਾਲ 'ਸੇਧ ਪ੍ਰਤੀਕਾਂ' ਨੂੰ ਉਲਟਾ ਘੁਮਾ ਕੇ ਮਨੁੱਖੀ ਸੋਚ ਨੂੰ ਫਿਰ ਉਥੇ ਲੈ ਆਏ ਹਨ ਜਿਥੋਂ ਗੁਰੂ ਨਾਨਕ ਜੀ ਨੇ ਕੱਢਣ ਦਾ ਉਪਰਾਲਾ ਕੀਤਾ ਹੈ। ਅੱਜ *'ਸਚਿ ਕਾਲੁ ਕੂੜੁ ਵਰਤਿਆ'* ਦੇ ਮਾਹੌਲ ਵਿਚ ਮਨੁੱਖ ਆਪਣੀ ਅਹੰ ਅਤੇ ਵਾਸ਼ਨਾਵਾਂ ਦੀ ਪ੍ਰਬਲਤਾ ਕਾਰਨ ਬੇਚੈਨ, ਦੁਖੀ ਅਤੇ ਭੈ-ਭੀਤ ਹੋਇਆ ਧਰਮ ਨੂੰ ਖਤਰੇ ਵਿਚ ਦੱਸ ਮਨਮਤਿ ਦਿਮਾਗਾਂ ਦੇ ਇਕੱਠ ਦੀ ਸਲਾਹ ਲੈ ਕੇ ਹੋਰ ਹੇਠਾਂ ਡਿਗਣ ਦੀ ਕੋਸ਼ਿਸ਼ ਕਰ ਰਿਹਾ ਹੈ।

ਅੱਜ ਦੇ ਅਨੁਭਵ ਵਿਹੂਣੇ ਪ੍ਰਚਾਰਕ ਸਿੱਖੀ ਨੂੰ ਅੰਮ੍ਰਿਤ ਛਕਾਉਣ ਤਕ ਦੀ ਕ੍ਰਿਆ ਤਕ ਹੀ ਸੀਮਤ ਰੱਖਣ ਵਿਚ ਖੁਸ਼ੀ ਮਹਿਸੂਸ ਕਰ ਰਹੇ ਹਨ। ਉਲਝੇ ਪ੍ਰਚਾਰਕਾਂ ਤੇ ਸੁਲਝੇ ਸਮਾਜ ਤਕ ਤੋਂ ਕੋਈ ਸਹੀ ਰਹਿਨੁਮਾਈ ਨਾ ਹੋਣ ਕਰਕੇ ਸਿੱਖੀ ਇਕ ਮੋੜ ਤੇ ਖੜ੍ਹ ਗਈ ਹੈ ਜਿਸਨੇ ਸਿੱਖਾਂ ਦੀ ਸੋਚ ਅਤੇ ਬਾਕੀ ਧਰਮਾਂ ਦੀ ਸਿੱਖਾਂ ਬਾਰੇ ਸੋਚ ਬਦਲ ਦਿਤੀ ਹੈ। ਪਹਿਲਾਂ ਕਿਸੇ ਦੇ ਪੁਤਰ ਨਾ ਬਚਦਾ ਹੋਵੇ ਤਾਂ ਸਿੱਖੀ ਵਿਚ ਸ਼ਰਨ ਅਤੇ ਪਹਿਚਾਣ ਦਿੰਦੇ ਸਨ ਪਰ ਅੱਜ ਸਿੱਖ ਖੁਦ ਆਪਣੇ ਪੁਤਰਾਂ ਨੂੰ ਬਚਾਉਣ ਲਈ ਬਾਹਰਲੇ ਮੁਲਕਾਂ ਵਿਚ ਸ਼ਰਨ ਭਾਲ ਰਿਹਾ ਹੈ ਅਤੇ ਪਹਿਚਾਣ ਨੂੰ ਵੀ ਬਦਲਣ ਲਈ ਤਿਆਰ ਬੈਠਾ ਹੈ। ਅੰਮ੍ਰਿਤ ਵਰਗੀ ਅਮੁੱਲੀ ਦਾਤ ਤੋਂ ਬਾਦ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਤਾ ਨਾਲ ਸਬੰਧ ਜੁੜਨਾ ਸੀ ਉਹ ਸਹੀ ਸੇਧ ਨਾ ਹੋਣ ਕਰਕੇ ਰੁਕ ਗਿਆ ਹੈ ਅਤੇ ਮਨੁੱਖ ਦੁਵੰਦ ਵਿਚ ਪੈ ਗਿਆ। ਗੁਰਾਂ ਨਾਲ ਜੁੜਨ ਲਈ ਅਮਲੀ ਰੂਪ ਵੀ ਦੇਣਾ ਜ਼ਰੂਰੀ ਹੈ ਤਾਂ ਹੀ 'ਖ਼ਾਲਸਾ ਮੇਰੋ ਰੂਪ ਹੈ ਖਾਸ' ਬਣ ਸਕਦਾ ਹੈ।

*ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥*
*ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ॥*

*ਪੰਨਾ - 1374*

**'ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ'** ਵਾਲੇ ਪ੍ਰਚਾਰਕਾਂ ਤੋਂ ਅਤੇ **'ਅਵਰ ਉਪਦੇਸੈ ਆਪਿ ਨਾ ਕਰੈ॥'** ਵਾਲੇ, ਸੁਲਝੇ ਸਮਾਜ ਤੋਂ ਕੋਈ ਸਹੀ ਸੇਧ ਨਾ ਮਿਲਣ ਕਰਕੇ ਅੱਜ ਅਮਲੀ ਜਾਮਾ ਪਾਉਣ ਲਈ ਅਨੁਭਵੀ ਮਹਾਂਪੁਰਖਾਂ ਦੀ ਲੋੜ ਹੈ ਜੋ ਬੀਜ ਮੰਤ੍ਰ ਅਤੇ ਮੂਲਮੰਤ੍ਰ ਤੇ ਵਾਦ-ਵਿਵਾਦ ਤੋਂ ਉਤੇ ਉਠ ਮਾਰਗ ਦਰਸ਼ਨ ਕਰ ਸਕਣ।

*ਜਿਸ ਕੈ ਅੰਤਰਿ ਬਸੈ ਨਿਰੰਕਾਰੁ॥*
*ਤਿਸ ਕੀ ਸੀਖ ਤਰੈ ਸੰਸਾਰੁ॥*

*ਪੰਨਾ - 269*

ਪਰ ਅੱਜ ਅਸੀਂ ਅਨੁਭਵੀ ਮਹਾਂਪੁਰਖਾਂ ਦੀ ਸੇਧ ਲੈਣ ਤੋਂ ਕਿਉਂ ਡਰ ਰਹੇ ਹਾਂ? ਸ਼ਾਇਦ ਡਰ ਨਹੀਂ ਰਹੇ, ਸਾਡੀ ਸਮਝ ਜ਼ਰੂਰਤ ਤਕ ਪਹੁੰਚੀ ਹੀ ਨਹੀਂ। ਧਰਮ ਦੇ ਨਾਂ ਹੋ ਰਹੇ ਅਧਰਮ ਪ੍ਰਚਾਰ ਵਿਚ ਆਮ ਮਨੁੱਖ ਜਾਣੇ-ਅਣਜਾਣੇ ਵਿਚ ਮੂਕ ਦਰਸ਼ਕ ਬਣ ਕੇ ਕਿਉਂ ਪ੍ਰਵਾਨਗੀ ਦੇ ਰਿਹਾ ਹੈ? ਆਮ ਮਨੁੱਖ ਨੂੰ ਜ਼ਰੂਰਤ ਇਸ ਲਈ ਨਹੀਂ ਪੈ ਰਹੀ ਕਿ ਉਸਨੂੰ ਪ੍ਰਮੇਸ਼ਰ ਪ੍ਰਾਪਤੀ ਦੀਆਂ ਚਾਰ ਪਉੜੀਆਂ ਕਰਮ, ਉਪਾਸ਼ਨਾ, ਗਿਆਨ ਅਤੇ ਵਿਗਿਆਨ ਦੀ ਸਮਝ ਨਾ ਹੋਣ ਕਰਕੇ ਹਾਲੇ ਬੇਖਿਆਲਿਆ ਪਿਆ ਹੈ। ਪੱਛਮੀ ਦੇਸ਼ਾਂ ਵਿਚ ਈਸਾ ਮਸੀਹ ਜੀ ਦਾ ਕਰਮ ਉਤੇ ਜ਼ੋਰ ਹੋਣ ਕਾਰਨ ਉਨ੍ਹਾਂ ਦੇ ਪੁੰਨ ਕਰਮ ਇਤਨੇ ਵਧ ਗਏ ਹਨ ਕਿ ਉਹ ਅਗਲੇ ਕਦਮ ਉਪਾਸ਼ਨਾ ਵਿਚ ਛਲਾਂਗ ਲਗਾਉਣ ਲਈ ਸਾਧੂ ਅਤੇ ਜੋਗੀਆਂ ਤੋਂ ਸੇਧ ਲੈਣ ਲਈ ਬੇਚੈਨ ਹਨ। ਉਹ ਲੋਕ ਜੋ ਸਿੱਖ ਵੀ ਬਣਦੇ ਹਨ ਤਾਂ ਸਾਡਾ ਭੇਖ ਦੇਖ ਕੇ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਧ ਤੋਂ ਬਲਿਹਾਰ ਜਾ ਕੇ। ਇਹੀ ਨਿੱਜ ਖੋਜ ਦੀ ਸੇਧ ਦੀ ਭਣਕ ਸ਼ਬਦ ਗਾਇਨ ਅਤੇ ਕਥਾ ਵਿਚੋਂ ਉਨ੍ਹਾਂ ਨੂੰ ਮਿਲਦੀ ਹੈ ਤਾਂ ਉਹ ਰਾਗੀਆਂ ਅਤੇ ਪ੍ਰਚਾਰਕਾਂ ਨੂੰ ਡਾਲਰਾਂ ਅਤੇ ਪੌਡਾਂ ਨਾਲ ਭਰ ਦਿੰਦੇ ਹਨ। ਉਹ ਸਿੱਖੀ ਨੂੰ ਕਿਸੇ ਵੀ ਮੁੱਲ ਤੇ ਗ੍ਰਹਿਣ ਕਰਨ ਨੂੰ ਤਿਆਰ ਹਨ। ਸਾਨੂੰ ਸਿੱਖੀ ਵਿਰਾਸਤ ਵਿਚ ਮਿਲਣ ਕਰਕੇ ਅਸੀਂ ਨਿੱਜ ਜੀਵਨ ਦੀ ਖੋਜ ਵਿਚ ਪੈਣਾ ਨਹੀਂ ਚਾਹੁੰਦੇ। ਜ਼ਿੰਦਗੀ ਵਿਚ ਸਤੋ ਗੁਣੀ ਤਾਂ ਇਕ ਪਾਸੇ, ਰਜੋ ਅਤੇ ਤਮੋ ਗੁਣ ਵਿਚ ਵੀ ਕੋਈ ਐਸਾ ਕਰਮ ਨਹੀਂ ਕਰਨਾ ਚਾਹੁੰਦੇ ਜਿਸ ਨਾਲ ਮਨੁੱਖਤਾ ਖੁਸ਼ ਹੋਵੇ। ਇਸ ਲਈ ਉਪਾਸ਼ਨਾ ਜਾਂ ਨਾਮ ਸਿਮਰਨ ਦੀ ਸਮਝ ਤੱਕ ਨਾ ਪਹੁੰਚਣ ਕਰਕੇ ਮਹਾਂਪੁਰਖਾਂ ਦੀ ਸੇਧ ਦੀ ਲੋੜ ਮਹਿਸੂਸ ਨਹੀਂ ਹੁੰਦੀ। ਅਸਲ ਵਿਚ ਪ੍ਰਮੇਸ਼ਰੀ ਨਿਯਮ ਮੁਤਾਬਿਕ ਜਿਸ ਤਰ੍ਹਾਂ ਦੇ ਪੂਰਬ ਕਰਮ ਅੰਕੁਰ ਪ੍ਰਗਟਦੇ ਹਨ, ਉਸ ਤਰ੍ਹਾਂ ਦੀ ਸੇਧ ਲਈ ਸਮਝ ਅਤੇ ਮਿਲਾਪ ਹੋ ਜਾਂਦਾ ਹੈ। ਸ਼ੁਭ ਕਰਮ ਵਸ ਮਿਲਦੀ ਸੇਧ ਵੀ ਦੁਵੰਦ ਕਾਰਨ ਮੰਜ਼ਿਲ ਵਲ ਤੁਰਨ ਨਹੀਂ ਦਿੰਦੀ। ਮਨੁੱਖੀ ਜਨਮ ਪਸ਼ੂ ਬਿਰਤੀ ਅਤੇ ਦੇਵ ਬਿਰਤੀ ਦੇ ਵਿਚ ਦਾ ਦੁਵੰਦ ਹੋਣ ਕਰਕੇ ਪੁਰਾਣੀਆਂ ਸਿਮਰਤੀਆਂ ਦੀ ਖਿਚ ਪਸ਼ੂ ਬਿਰਤੀ ਵਲ ਦੀ ਹੁੰਦੀ ਹੈ। ਇਸ ਲਈ ਕਰਮ ਤੋਂ ਉਪਾਸ਼ਨਾ ਵਿਚ ਕੁਝ ਕਾਰਨ ਜੋ ਅੜਚਣ ਬਣਦੇ ਹਨ, ਮਨੋਵਿਗਿਆਨਕ ਪੱਧਰ ਤੇ ਸਮਝੇ ਅਤੇ ਸਾਂਝੇ ਕੀਤੇ ਜਾ ਸਕਦੇ ਹਨ।

ਜ਼ਿੰਦਗੀ ਵਿਚ ਕਿਸੇ ਵੀ ਮਨੋਰਥ ਪ੍ਰਾਪਤੀ ਲਈ ਮਨੁੱਖੀ ਸੋਚ ਵਿਚ ਚਾਰ ਮੁੱਖ ਕਾਰਨ ਅਹਿਮੀਅਤ ਰਖਦੇ ਹਨ -

1. ਮੰਜ਼ਲ ਮਿਲੇਗੀ ਕਿ ਨਹੀਂ?
2. ਜ਼ਿੰਦਗੀ ਵਿਚ ਬਦਲਾਵ
3. ਅਸੁਰੱਖਿਆ
4. ਹਮਦਰਦੀ

ਅਗਿਆਨਤਾ ਕਾਰਨ ਹਰ ਮਨੁੱਖ ਇਸ ਦੁਵੰਦ ਵਿਚੋਂ ਲੰਘ ਰਿਹਾ ਹੈ ਕਿ ਜਿਸ ਰਾਹ ਤੇ ਕਦਮ ਪੁੱਟ ਰਿਹਾ ਹੈ ਜਾਂ ਪੁੱਟਣ ਦਾ ਇਛੁਕ ਹੈ, ਇਸ ਵਿਚ ਪ੍ਰਾਪਤੀ ਵੀ ਹੈ ਕਿ ਨਹੀਂ? ਇਹ ਦੁਵੰਦ ਹੋਰ ਵੀ ਭਾਰੂ ਬਣ ਜਾਂਦਾ ਹੈ ਜਦੋਂ ਪ੍ਰਾਪਤੀ ਨਾ ਦਿਖਣ-ਦਿਖਾਣ ਵਾਲੀ ਆਤਮਕ ਮੰਡਲ ਦੀ ਹੋਵੇ। ਇਨਸਾਨ, ਇਨਸਾਨ ਦੀ ਨਜ਼ਰ ਵਿਚ ਐਨਾ ਗਿਰ ਗਿਆ ਹੈ ਕਿ ਉਹ ਸੋਚ ਨਹੀਂ ਸਕਦਾ ਕਿ ਇਨਸਾਨ ਰੱਬੀ ਰੂਪ ਭੀ ਹੋ ਸਕਦਾ ਹੈ। ਬੇਸ਼ਕ ਅਸੀਂ ਬਾਰ-ਬਾਰ ਪੜ੍ਹ ਲੈਂਦੇ ਹਾਂ *'ਘਟਿ ਘਟਿ ਬਿਆਪਿ ਰਹਿਆ ਭਗਵੰਤ॥'* ਜਾਂ *'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥'* ਪਰ ਫਿਰ ਵੀ 'ਮਨ ਤੂੰ ਜੋਤਿ ਸਰੂਪੁ ਹੈ' ਦੀ ਨਿੱਜ ਖੋਜ ਵਿਚ ਨਾ ਪੈ, ਕਰਮ-ਕਾਂਡ ਵਿਚੋਂ ਨਿਕਲਣਾ ਨਹੀਂ ਚਾਹੁੰਦੇ। ਕਰਮ-ਕਾਂਡ ਵਿਚੋਂ ਨਿਕਲਣ ਲਈ ਬਦਲਾਵ ਦੀ ਲੋੜ ਹੈ। ਲੱਖਾਂ ਰੁਪਏ ਖਰਚ ਕੇ ਡਿਗਰੀਆਂ ਦੀ ਪੜ੍ਹਾਈ ਕਰਨ ਤੋਂ ਬਾਦ ਮਿੰਨਤਾਂ ਕਰਕੇ ਅਹੁਦੇਦਾਰ ਬਣਿਆ ਮਨੁੱਖ ਅਤੇ ਰਿਸ਼ਵਤ ਲੈ ਕੇ ਬਣਿਆ ਦੁਨੀਆਂਦਾਰ ਮਨੁੱਖ ਆਪਣੀ ਪ੍ਰਾਪਤੀਆਂ ਦੇ ਅਹੰਕਾਰ ਅਤੇ ਲੋਭ, ਮੋਹ ਦੀ ਪਕੜ ਨੂੰ ਛੱਡ ਅਨੰਦ ਮਾਨਣ ਲਈ ਬਦਲਾਵ ਨਹੀਂ ਲਿਆਉਣਾ ਚਾਹੁੰਦਾ। ਕਿਸੇ ਵੀ ਬਦਲਾਵ ਲਈ ਪਕੜ ਵਿਚ ਦੁਖ ਅਤੇ ਉਸਨੂੰ ਛੱਡਣ ਵਿਚ ਸੁਖ ਚਾਹੀਦਾ ਹੈ, ਨਹੀਂ ਤਾਂ ਇਹ ਬਦਲਾਵ ਉਸਨੂੰ ਅਸੁਰੱਖਿਅਤ ਪ੍ਰਤੀਤਦਾ ਹੈ। ਪ੍ਰਭੂ ਪ੍ਰੇਮ ਦੇ ਰਸ ਨੂੰ ਗੂੰਗੇ ਦੇ ਗੁੜ ਦੇ ਸਵਾਦ ਵਾਂਗ ਦੱਸਣ ਦੀ ਅਸਮਰਥਾ ਹੋਣ ਕਰਕੇ ਅਨੰਦ, ਝੂਠ ਜਿਹਾ ਜਾਪਦਾ ਹੈ। ਮਾਂ-ਬਾਪ ਵਲੋਂ ਜ਼ਮੀਰ ਵਿਚ ਧਾਰਮਿਕ ਖਿਆਲਾਂ ਦੀ ਕੱਚੀ ਕੰਧ, ਇਸ ਝੂਠ ਨੂੰ ਜ਼ਾਹਿਰ ਨਾ ਹੋਣ ਦੇਣ ਲਈ ਧਾਰਮਿਕ ਭੇਖ ਦਾ ਆਸਰਾ ਲੈਣ ਲਈ ਮਜ਼ਬੂਰ ਕਰਦੀ ਹੈ। ਇਹ ਭੇਖ ਭੋਗੀ ਦੁਨੀਆਂਦਾਰ ਲਈ ਕਰਮ-ਕਾਂਡ ਦਾ ਰੂਪ ਧਾਰ ਲੈਂਦਾ ਹੈ। ਰਿਸ਼ਵਤ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਿਸ਼ਵਤ ਦੇ, ਪਿਕਨਿਕ ਦੇ ਮਾਹੌਲ ਵਿਚ ਤੀਰਥ ਧਾਮਾਂ ਦੀ ਯਾਤਰਾ ਕਰ, ਧਰਮ ਅਸਥਾਨਾਂ ਦੀਆਂ ਪੌੜੀਆਂ ਤੇ ਨਾਂ ਖੁਦਵਾ ਚਰਨ ਦਾਸ ਬਣ ਅਤੇ ਪਾਠ ਸੁਣਨ, ਸਮਝਣ ਲਈ ਸਮੇਂ ਦੀ ਕਮੀ ਹੋਣ ਕਰਕੇ ਕਰੇ-ਕਰਾਏ ਅਖੰਡ ਪਾਠ ਦੀ ਭੇਟਾ ਦੇ, ਪ੍ਰਮੇਸ਼ਰ ਨੂੰ ਸਿਆਸਤੀ ਨੇਤਾ ਸਮਝ ਖੁਸ਼ ਕਰ ਅਨੰਦ ਮਾਨਣਾ ਚਾਹੁੰਦਾ ਹੈ। ਇਸੇ ਤਰ੍ਹਾਂ ਭੋਗੀ ਬਿਰਤੀ ਤੋਂ ਉਤੇ ਉਠਿਆ ਜਗਿਆਸੂ ਵੀ ਸਤਿਗੁਰੂ ਦੀ ਔਖੀ ਚਾਕਰੀ ਅਤੇ ਆਪਣੀ ਹੋਂਦ ਨੂੰ ਅਸੁਰੱਖਿਅਤ ਸਮਝ ਪ੍ਰਚਾਰਕ ਦਾ ਭੇਖ ਧਾਰ ਲੈਂਦਾ ਹੈ। ਰਾਮਲੀਲਾ ਦੇ ਸਟੇਜੀ ਕਲਾਕਾਰ ਰਾਮ ਵਾਂਗ 'ਰਾਮ ਚੰਦਰ ਕੀ ਜੈ' ਸੁਣ-ਸੁਣ ਕੇ ਆਪਣੇ ਆਪ ਨੂੰ ਦਰਵੇਸ਼ ਸਮਝਣ ਲਗ ਪੈਂਦਾ ਹੈ। 'ਕਾਲੇ ਮੈਡੇ ਕਪੜੇ' ਹੋਣ ਕਾਰਨ ਜੈ-ਜੈਕਾਰ ਤੋਂ ਝੂਠੀ ਕੰਧ ਨੂੰ ਹੋਰ ਮਜ਼ਬੂਤੀ ਮਿਲਦੀ ਹੈ। ਉਤਮ ਜਗਿਆਸੂ ਵੀ ਬੁੱਧੂ ਸ਼ਾਹ ਵਰਗੀ ਹਿੰਮਤ ਨਾ ਹੋਣ ਕਰਕੇ 'ਪਾਰਦਰਸ਼ੀ ਨਾ ਬਣ' ਹਮਦਰਦੀ ਦਾ ਪਾਤਰ ਬਣ ਜਾਂਦਾ ਹੈ। ਪੁੱਠੇ ਸਿੱਧੇ ਕਰਮ-ਕਾਂਡ ਵਿਚ ਜ਼ਿੰਦਗੀ ਨੂੰ ਲਟਕਾ ਕੇ ਲੋਕਾਂ ਦਾ, ਅਖੀਰ ਆਪਣੀ ਹੀ ਹਮਦਰਦੀ ਦਾ ਪਾਤਰ ਬਣ ਆਪਣੇ ਮੰਦੇ ਭਾਗਾਂ ਨੂੰ ਕੋਸਦਾ ਰਹਿੰਦਾ ਹੈ ਕਿ ਰੱਬ ਬਹੁੜ ਨਹੀਂ ਰਿਹਾ।

ਆਓ, ਅੱਜ ਇਸ 'ਚਾਲੇ ਊਠਿ ਨਿਰਾਸ' ਦੀ ਹਾਲਤ ਤੋਂ ਬਚਣ ਲਈ ਅਤੇ ਅਮਰ ਜੀਵਨ ਜੀਉਣ ਲਈ ਕਿਸੇ ਅਨੁਭਵੀ ਸੁਹਾਗਣ ਮਹਾਂਪੁਰਖ ਤੋਂ ਸੇਧ ਅਤੇ ਅਸੀਸੜੀਆਂ ਲਈਏ ਤਾਂ ਜੋ 'ਸਾਹਿਬ' ਨਾਲ ਮੇਲ ਹੋ ਜਾਵੇ। ਕਿਤੇ 'ਗੁਰਮੰਤ੍ਰ ਹੀਣਸ' ਨਾ ਰਹਿ ਕੇ *'ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥'* ਬਣੇ ਰੱਦੀ ਵਿਚ ਲਪੇਟੇ ਗੰਦ ਦੇ ਢੇਰ ਨੂੰ ਮੂੰਹ ਮਾਰਨ ਲੱਗਿਆਂ ਅਖਬਾਰ ਵਿਚ ਆਪਣੀ ਮਨੁੱਖ ਜਾਮੇ ਦੀ ਹੀ ਛਪੀ 'ਕਾਲੇ ਹਾਸ਼ੀਏ' ਵਿਚ ਫੋਟੋ ਉਤੇ ਲਿਖੀਆਂ ਬਾਣੀ ਦੀਆਂ ਇਹ ਤੁਕਾਂ ਪੜ੍ਹ ਕੇ ਪਹਿਲਾਂ ਹੱਸ ਅਤੇ ਬਾਦ ਵਿਚ ਰੋ ਨਾ ਪਈਏ -

*ਗੁਰਮੁਖ ਜਨਮੁ ਸਵਾਰ ਦਰਗਹ ਚੱਲਿਆ।*
*ਸੱਚੀ ਦਰਗਹ ਜਾਇ ਸਚਾ ਪਿੜ ਮੱਲਿਆ।*

*ਭਾਈ ਗੁਰਦਾਸ ਜੀ, ਵਾਰ - 19/14*

'ਚਲਦਾ'

☆☆☆☆☆☆☆☆☆☆

# ਸਿਹਤ ਵਿਗਿਆਨ

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-61)*

**ਹਲਕ** - 1. ਗਲ਼, ਕੰਠ 2. ਪਾਨੀਡਰ, Hydrophobia. ਇਹ ਰੋਗ ਹਲਕਾਏ ਕੁੱਤੇ, ਗਿੱਦੜ, ਲੂੰਬੜ ਆਦਿ ਦੇ ਕੱਟਣ ਤੋਂ ਹੁੰਦਾ ਹੈ। ਇਸ ਦਾ ਬਹੁਤ ਛੇਤੀਂ ਇਲਾਜ Pasteur Institute ਕਸੌਲੀ ਆਦਿ ਵਿਚ ਪਹੁੰਚ ਕੇ ਕਰਾਉਣਾ ਚਾਹੀਏ। ਜੇ ਇਸਦਾ ਅਸਰ ਦਿਮਾਗ ਵਿਚ ਪਹੁੰਚ ਜਾਵੇ ਫੇਰ ਕੋਈ ਇਲਾਜ ਨਹੀਂ ਹੋ ਸਕਦਾ। ਕਦੇ ਕਦੇ ਇਸਦੀ ਜ਼ਹਿਰ ਸਰੀਰ ਵਿਚ ਦਬੀ ਰਹਿੰਦੀ ਹੈ ਅਤੇ ਚਿਰ ਪਿੱਛੋਂ ਜਾਗ ਉਠਦੀ ਹੈ।

ਹਲਕਾਏ ਜੀਵ ਦੀ ਵਿਖ ਜਿਤਨੀ ਜ਼ਿਆਦਾ ਜਖਮ ਵਿਚ ਚਲੀ ਜਾਵੇ ਅਤੇ ਜ਼ਖਮ ਜਿਤਨਾ ਦਿਮਾਗ ਦੇ ਨੇੜੇ ਹੋਵੇ, ਉਤਨਾ ਅਸਰ ਛੇਤੀਂ ਹੁੰਦਾ ਹੈ।

ਹਲਕ ਵਾਲਾ ਰੋਗੀ ਪਾਣੀ ਦੇਖ ਕੇ ਡਰਦਾ ਹੈ, ਭੁੱਖ ਮਰ ਜਾਂਦੀ ਹੈ, ਹੋਸ਼ ਟਿਕਾਣੇ ਨਹੀਂ ਰਹਿੰਦੀ, ਜੀਭ ਢਲਕ ਪੈਂਦੀ ਹੈ, ਲਾਲਾਂ ਅਤੇ ਝੱਗ ਮੂੰਹੋਂ ਵਗਦੀ ਹੈ, ਮੂੰਹ ਸੁੱਕਦਾ ਹੈ, ਚਾਨਣਾਂ ਬੁਰਾ ਲਗਦਾ ਹੈ, ਦਿਲ ਦਹਿਲਣਾ, ਪਾਸ ਦੇ ਆਦਮੀਆਂ ਨੂੰ ਵੱਢਣ ਪੈਣਾ ਆਦਿ ਲੱਛਣ ਹੁੰਦੇ ਹਨ।

ਜਿਸ ਥਾਂ ਹਲਕਾਏ ਜੀਵ ਦੇ ਕੱਟਣ ਦਾ ਜ਼ਖਮ ਹੋਵੇ, ਉਥੇ ਤੁਰਤ ਹੀ ਦਗਦੇ ਕੋਲੇ ਅਥਵਾ ਤਪੇ ਹੋਏ ਲੋਹੇ ਨਾਲ ਦਾਗ ਦੇ ਦੇਣਾ ਚਾਹੀਏ ਅਰ ਪੋਟੈਸੀਅਮ ਪਰਮੈਂਗਨੇਟ (Potassium Permanganate) ਚੰਗੀ ਤਰ੍ਹਾਂ ਮਲਨਾ ਲੋੜੀਏ। ਕੁਚਲਾ ਪਾਣੀ ਵਿਚ ਘਸਾ ਕੇ ਲਾਉਣਾ ਭੀ ਗੁਣਕਾਰੀ ਹੈ।

ਹੇਠ ਲਿਖੀਆਂ ਦਵਾਈਆਂ ਹਲਕ ਰੋਗ ਲਈ ਗੁਣਕਾਰੀ ਹਨ-

ਛੋਲਿਆਂ ਦੀਆਂ ਭੁੰਨੀਆਂ ਖਿੱਲਾਂ ਥੋਹਰ ਦੇ ਦੁੱਧ ਵਿਚ ਖਰਲ ਕਰਕੇ ਦੋ ਦੋ ਰੱਤੀ ਦੀਆਂ ਗੋਲੀਆਂ ਬਣਾ ਕੇ ਛਾਵੇਂ ਸੁਕਾ ਲਓ। ਉਮਰ ਅਤੇ ਰੋਗੀ ਦੇ ਬਲ ਅਨੁਸਾਰ 1 ਤੋਂ 8 ਤੀਕ ਪਾਣੀ ਨਾਲ ਖਵਾਓ, ਇਸ ਤੋਂ ਦਸਤ ਆ ਕੇ ਜ਼ਹਿਰ ਨਿਕਲ ਜਾਵੇਗਾ। ਪੁਠਕੰਡੇ ਦੀ ਜੜ੍ਹਾਂ ਦਾ ਚੂਰਨ ਸ਼ਹਿਦ ਵਿਚ ਮਿਲਾ ਕੇ ਚਟਾਓ। ਤੁਲਸੀ ਦੀ ਜੜ੍ਹ ਚੌਲਾਂ ਦੇ ਧੋਤੇ ਹੋਏ ਪਾਣੀ ਵਿਚ ਘੋਟ ਕੇ ਪਿਆਓ। ਕਾਲੀਆਂ ਮਿਰਚਾਂ ਅਤੇ ਤੁਲਸੀ ਦੇ ਪੱਤੇ ਘੋਟਕੇ ਛਕਾਓ।

**ਹੈਜ਼ਾ** - ਵਿਸੂਚਿਕਾ, Cholera, ਡਾਕੀ। ਇਹ ਛੂਤ ਦਾ ਭਿਆਨਕ ਰੋਗ ਹੈ। ਇਸ ਦੇ ਕਾਰਣ ਹਨ -

ਸੜੇ ਗਲੇ ਪਦਾਰਥਾਂ ਦੀ ਦੁਰਗੰਧ ਫੈਲਣੀ, ਬੇਹਾ ਅਤੇ ਮਲੀਨ ਅੰਨ ਖਾਣਾ, ਦੁਰਗੰਧ ਵਾਲਾ ਮੈਲਾ ਪਾਣੀ ਪੀਣਾ, ਸੜੇ ਗਲੇ ਫਲ ਵਰਤਣੇ ਆਦਿ। ਜਦ ਇਸ ਰੋਗ ਦੇ ਕ੍ਰਿਮਾਂ ਦਾ ਪਸਾਰਾ ਹਵਾ ਪਾਣੀ ਵਿਗੜ ਕੇ ਹੋ ਜਾਵੇ, ਤਾਂ ਇਹ ਘਰਾਂ ਦੇ ਘਰ ਅਤੇ ਪਿੰਡਾਂ ਦੇ ਪਿੰਡ ਬਰਬਾਦ ਕਰ ਦਿੰਦਾ ਹੈ। ਇਕ ਰੋਗੀ ਇਸ ਦੀ ਜ਼ਹਿਰ ਅਨੇਕ ਥਾਂ ਲੈ ਜਾਂਦਾ ਹੈ ਅਤੇ ਇਸ ਦਾ ਬੀਜ ਖੂਹ, ਨਦੀ, ਤਾਲ ਆਦਿ ਦੇ ਪਾਣੀ ਅਤੇ ਖਾਣ ਪੀਣ ਵਾਲੇ ਪਦਾਰਥਾਂ ਵਿਚ ਫੈਲਾ ਕੇ ਅਨੇਕਾਂ ਦੀ ਮੌਤ ਦਾ ਕਾਰਣ ਹੁੰਦਾ ਹੈ।

ਜਿਸ ਵੇਲੇ ਹੈਜਾ ਅਸਰ ਕਰਦਾ ਹੈ ਤਾਂ ਸਰੀਰ ਢਿੱਲਾ ਹੋ ਜਾਂਦਾ ਹੈ, ਪੇਟ ਭਾਰੀ ਮਲੂਮ ਹੁੰਦਾ ਹੈ, ਦਿਲ ਨੂੰ ਖੋਹ ਪੈਂਦੀ ਹੈ, ਸਿਰ ਨੂੰ ਘੁਮੇਰੀ ਆਉਂਦੀ ਹੈ, ਪਿਆਸ ਬਹੁਤ ਲਗਦੀ ਹੈ, ਪੇਸ਼ਾਬ ਰੁੱਕ ਜਾਂਦਾ ਹੈ। ਪਾਖਾਨਾ ਪਤਲਾ ਅਤੇ ਭੂਰੇ ਚਿੱਟੇ ਰੰਗ ਦਾ ਆਉਂਦਾ ਹੈ, ਸਾਹ ਠੰਡਾ ਹੁੰਦਾ ਹੈ, ਉਲਟੀਆਂ ਆਉਂਦੀਆਂ ਹਨ, ਸਰੀਰ ਵਿਚ ਸੂਈਆਂ ਦੇ ਚੁਭਣ ਜੇਹੀ ਪੀੜ ਹੁੰਦੀ ਹੈ, ਜਿਸ ਕਾਰਣ 'ਵਿਸੂਚਿਕਾ' ਨਾਉਂ ਹੈ।

ਜਦ ਦਸਤ ਅਤੇ ਕੈ ਨਾਲ ਕਮਜ਼ੋਰੀ ਹੋ ਜਾਂਦੀ ਹੈ ਤਾਂ ਖੱਲੀਆਂ ਪੈਣ ਲਗਦੀਆਂ ਹਨ, ਹੋਂਠ ਨੀਲੇ ਹੋ ਜਾਂਦੇ ਹਨ, ਸਿਰ ਚਕਰਾਉਂਦਾ ਹੈ, ਅੱਖਾਂ ਹੇਠ ਨੂੰ ਧਸ ਜਾਂਦੀਆਂ ਹਨ।

ਇਸ ਰੋਗ ਦਾ ਬਹੁਤ ਛੇਤੀ ਇਲਾਜ ਕਰਨਾ ਲੋੜੀਏ ਅਤੇ ਦਸਤ ਕੈ ਆਦਿ ਨੂੰ ਚੂਨਾ ਪਾ ਕੇ ਦੱਬ ਦੇਣਾ ਚਾਹੀਏ, ਜਿਸ ਤੋਂ ਹੈਜੇ ਦੇ ਕੀੜੇ ਮਰ ਜਾਣ। ਰੋਗੀ ਦੇ ਦਸਤ ਇਕ ਵੇਰ ਹੀ ਬੰਦ ਕਰ ਦੇਣੇ ਚੰਗੇ ਨਹੀਂ।

ਹੇਠ ਲਿਖੇ ਇਸ ਬੀਮਾਰੀ ਦੇ ਉਤਮ ਉਪਾਉ ਹਨ -

1. ਬਰਫ ਮੂੰਹ ਵਿਚ ਰੱਖਣੀ, ਪਾਣੀ ਅਤੇ ਦੁੱਧ ਚੰਗੀ ਤਰ੍ਹਾਂ ਉਬਾਲ ਕੇ ਦੇਣਾ, ਲੌਂਗ ਲਾਇਚੀਆਂ, ਸੁੰਢ ਦਾ ਪਾਣੀ ਉਬਾਲ ਕੇ ਪਿਆਉਣਾ, ਕਾਲੀ ਮਿਰਚ ਅਤੇ ਲੂਣ ਲਾ ਕੇ ਨਿੰਬੂ ਚੂਸਣਾ।

2. ਹਿੰਗ, ਕਪੂਰ, ਲਾਲ ਮਿਰਚਾਂ ਦੇ ਬੀਜ, ਸੁੰਢ, ਸਭ ਸਮਾਨ ਲੈ ਕੇ ਗੰਢੇ ਦੇ ਰਸ ਵਿਚ ਅੱਧੀ ਅੱਧੀ ਰੱਤੀ ਦੀ ਗੋਲੀਆਂ ਬਣਾਓ। ਸੌਂਫ ਦੇ ਅਰਕ ਨਾਲ ਦੋ ਦੋ ਗੋਲੀਆਂ ਦਿਨ ਵਿਚ ਚਾਰ ਪੰਜ ਵਾਰ ਦਿਓ।

3. ਮੁਸ਼ਕ ਕਪੂਰ, ਪਦੀਨੇ ਦਾ ਸਤ, ਜਵਾਇਨ ਦਾ ਸਤ, ਇਹ ਸ਼ੀਸ਼ੀ ਵਿਚ ਇਕੱਠੇ ਕਰੋ। ਇਹ ਪਾਣੀ ਦੀ ਸ਼ਕਲ ਹੋ ਜਾਣਗੇ। ਇਸ ਰਸ ਦੀਆਂ ਚਾਰ ਤੋਂ ਤੀਹ ਬੂੰਦਾਂ ਤੀਕ ਖੰਡ ਤੇ ਪਾਕੇ ਅਧ ਅਧ ਘੰਟੇ ਪਿਛੋਂ ਦਿੰਦੇ ਰਹੋ। ਇਸੇ ਰਸ ਨੂੰ ਹੱਥ ਪੈਰ ਪੁੜਪੁੜੀਆਂ ਮੱਥੇ ਨਾਭੀ ਆਦਿਕ ਤੇ ਮਲੋ।

4. ਅਦਰਕ ਦਾ ਰਸ ਲੂਣ ਮਿਲਾ ਕੇ ਚਟਾਉਣਾ ਅਥਵਾ ਦੋ ਤੋਲੇ ਨਿੰਮ ਦਾ ਛਿਲਕਾ ਪਾਣੀ ਵਿਚ ਉਬਾਲ ਕੇ ਪਿਆਉਣਾ ਗੁਣਕਾਰੀ ਹੈ।

5. ਮਘਾਂ, ਕਾਲੀ ਮਿਰਚਾਂ, ਸੁੰਢ, ਅੱਕ ਦੇ ਲੌਂਗ, ਲੂਣ ਇਹ ਸਾਰੇ ਬਰਾਬਰ ਪੀਸ ਕੇ ਰੱਤੀ ਰੱਤੀ ਦੀਆਂ ਗੋਲੀਆਂ ਬਣਾਓ। ਦੋ ਦੋ ਗੋਲੀਆਂ ਪੰਦਰਾਂ ਪੰਦਰਾਂ ਮਿੰਟਾਂ ਪਿਛੋਂ ਗਰਮ ਜਲ ਨਾਲ ਦੇਉ।

6. ਤੁਲਸੀ ਦੇ ਪੱਤਿਆਂ ਦਾ ਰਸ ਲੂਣ ਮਿਲਾ ਕੇ ਖਵਾਉਣਾ, ਕੌਗੀ ਠੂਠੀ ਅੱਗ ਵਿਚ ਲਾਲ ਕਰਕੇ ਉਬਲੇ ਹੋਏ ਪਾਣੀ ਵਿਚ ਪੰਜ ਛੀ ਵਾਰ ਬੁਝਾ ਕੇ ਇਹ ਪਾਣੀ ਪੀਣ ਲਈ ਦੇਣਾ ਉਤਮ ਹੈ।

ਹੈਜੇ ਦੇ ਦਿਨਾਂ ਵਿਚ ਖਾਲੀ ਪੇਟ ਘਰੋਂ ਨਾ ਜਾਓ। ਜਲ ਅਤੇ ਦੁੱਧ ਚੰਗੀ ਤਰ੍ਹਾਂ ਉਬਾਲੇ ਬਿਨਾਂ ਕਦੇ ਨਾ ਪੀਓ। ਬੇਹਾ ਅੰਨ, ਦਾਗੀ ਬਦਬੂਦਾਰ ਫਲ ਕਦੇ ਨਾ ਖਾਓ। ਸਿਲ੍ਹਾਬੇ ਅਤੇ ਸੜੀ ਹੋਈ ਥਾਂ ਨਾ ਰਹੋ। ਕਰਾਰੀਆਂ ਚੀਜ਼ਾਂ ਗੰਢੇ, ਅਦਰਕ, ਸਿਰਕਾ, ਨਿੰਬੂ ਆਦਿਕ ਵਰਤੋ। ਮਲਮੂਤਰ ਦੇ ਵੇਗ ਨੂੰ ਨਾ ਰੋਕੋ।

'ਚਲਦਾ'

*(ਮਹਾਨ ਕੋਸ਼ ਵਿਚੋਂ ਧੰਨਵਾਦ ਸਹਿਤ)*

# ਸਮਾਗਮ ਤੇ ਸਰਗਰਮੀਆਂ

ਸੰਸਾਰ ਦੇ ਭਲੇ ਤੇ ਮਾਨਵ ਕਲਿਆਨ ਲਈ ਕਰਨੀ ਕਮਾਈ ਵਾਲੇ ਤੱਤ ਬੇਤੇ ਮਹਾਂਪੁਰਸ਼ਾਂ (ਸੰਤ ਬਾਬਾ ਵਰਿਆਮ ਸਿੰਘ ਜੀ) ਦੇ ਮਨ ਵਿਚ ਹਮੇਸ਼ਾ ਪਰਉਪਕਾਰ ਦਾ ਉਮਾਹ ਚਲਦਾ ਰਹਿੰਦਾ ਹੈ। ਜਲਦੇ-ਬਲਦੇ ਸੰਸਾਰ ਨੂੰ ਆਤਮਕ ਸੁਖ ਤੇ ਸ਼ਾਂਤੀ ਦੁਆਰਾ ਠੰਢਕ ਪ੍ਰਦਾਨ ਕਰਨ ਲਈ ਨਿਤ ਨਵੇਂ ਉਪਰਾਲੇ ਤੇ ਉਦਮ ਉਲੀਕ ਕੇ ਭੁੱਲੇ ਭਟਕੇ ਜੀਵਾਂ ਨੂੰ ਸਤਿ ਦੇ ਮਾਰਗ ਦੀ ਸੇਧ ਦਿਤੀ ਜਾਂਦੀ ਹੈ। ਮਹਾਂਪੁਰਖਾਂ ਵਲੋਂ ਤਿਆਰ ਕੀਤੀਆਂ ਵੀਡੀਓ ਫਿਲਮਾਂ, ਪੁਸਤਕਾਂ ਤੇ ਮੈਗਜ਼ੀਨ ਨੇ ਦੇਸ਼ ਤੇ ਵਿਦੇਸ਼ਾਂ ਵਿਚ ਵਸਦੇ ਗੁਰਸਿੱਖ ਜਗਿਆਸੂਆਂ ਵਿਚ ਹਿਲ-ਜੁਲ ਪੈਦਾ ਕਰ ਦਿਤੀ ਹੈ ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦੀਆਂ ਸਰਵ-ਉਚ ਕਦਰਾਂ ਕੀਮਤਾਂ ਲਈ ਜਾਗਰੂਪ ਹੁੰਦੇ ਜਾਪਦੇ ਹਨ। ਇਹ ਉਹਨਾਂ ਦੁਆਰਾ ਪ੍ਰਗਟ ਕੀਤੇ ਭਾਵ, ਜੋ ਅਕਸਰ ਖਤਾਂ ਤੇ ਟੈਲੀਫੂਨਾਂ ਰਾਹੀਂ ਪੁਜਦੇ ਰਹਿੰਦੇ ਹਨ, ਤੋਂ ਪਤਾ ਲਗਦਾ ਹੈ।

20 ਸਤੰਬਰ, 1995 ਨੂੰ ਪਟਿਆਲੇ ਤੋਂ 18 ਕਿਲੋਮੀਟਰ ਦੂਰ ਸਮਾਣੇ ਦੇ ਨੇੜੇ, ਗੁਰਦੁਆਰਾ ਈਸ਼ਰਸਰ ਵਿਖੇ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜੇ ਵਾਲਿਆਂ) ਦੀ 20ਵੀਂ ਬਰਸੀ ਸੰਤ ਬਾਬਾ ਰਣਜੋਧ ਸਿੰਘ ਜੀ ਵਲੋਂ ਮਨਾਈ ਗਈ। ਹੋਰ ਮਹਾਂਪੁਰਸ਼ਾਂ ਤੋਂ ਇਲਾਵਾ ਸੰਤ ਬਾਬਾ ਵਰਿਆਮ ਸਿੰਘ ਜੀ ਵੀ ਉਥੇ ਪਹੁੰਚੇ ਅਤੇ ਪ੍ਰੋਗਰਾਮ ਦੇ ਆਖੀਰ ਵਿਚ ਇਕ ਘੰਟੇ ਲਈ ਸੰਗਤਾਂ ਨੂੰ ਸੰਤ ਮਹਾਰਾਜ ਜੀ ਦੇ ਜੀਵਨ ਤੇ ਕਰਨੀ ਕਮਾਈ ਸਬੰਧੀ ਅਮੋਲਕ ਬਚਨਾਂ ਦੁਆਰਾ ਨਿਹਾਲ ਕੀਤਾ।

23 ਸਤੰਬਰ, 1995 ਨੂੰ ਆਯੁਰਵੈਦਿਕ ਸੰਸਥਾ ਦੁਆਰਾ ਆਯੋਜਿਤ ਗਊ ਦੀ ਮਹੱਤਤਾ ਬਾਰੇ ਵਾਲੇ ਸੰਮੇਲਨ ਜੋ ਕਿ ਉਗਰਸੈਨ ਭਵਨ, ਸੈਕਟਰ 30, ਚੰਡੀਗੜ੍ਹ ਵਿਖੇ ਮਨਾਇਆ ਗਿਆ, ਮਹਾਂਪੁਰਖਾਂ ਨੂੰ ਉਚੇਚੇ ਤੌਰ ਤੇ ਇਸ ਵਿਚ ਸ਼ਾਮਿਲ ਹੋਣ ਅਤੇ ਆਪਣੇ ਵਿਦਵਤਾ ਤੇ ਅਨੁਭਵੀ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਸ੍ਰਵਣ ਕਰਾਉਣ ਲਈ ਬੇਨਤੀ ਕੀਤੀ ਗਈ। ਮਹਾਂਪੁਰਸ਼ਾਂ ਦੇ ਉਚੇ ਵਿਅਕਤਿਤ੍ਵ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਵਲੋਂ ਮਹਾਂਪੁਰਖਾਂ ਨੂੰ ਸਨਮਾਨਿਤ ਕੀਤਾ ਗਿਆ। ਮਹਾਂਪੁਰਸ਼ਾਂ ਵਲੋਂ ਆਯੁਰਵੈਦਿਕ ਦੀਆਂ ਅਲੋਪ ਹੋ ਰਹੀਆਂ ਜੜ੍ਹੀਆਂ ਬੂਟੀਆਂ ਦੀ ਪੈਦਾਵਾਰ ਲਈ ਰਤਵਾੜਾ ਸਾਹਿਬ ਵਿਖੇ ਢਾਈ ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ। ਉਥੇ ਬੈਠੇ ਸਾਰੇ ਹਿੰਦੂ ਭਾਈਚਾਰੇ ਨੇ ਰਤਵਾੜਾ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿਚ ਸ਼ਾਮਲ ਹੋਣ ਲਈ ਉਤਸੁਕਤਾ ਪ੍ਰਗਟ ਕੀਤੀ।

16 ਅਤੇ 23 ਸਤੰਬਰ ਨੂੰ ਛੇਵੇਂ ਗੁਰਮਤਿ ਸਮਾਗਮ ਦੇ ਪ੍ਰਬੰਧਾਂ ਲਈ ਸੰਗਤਾਂ ਵਲੋਂ ਰਤਵਾੜਾ ਸਾਹਿਬ ਵਿਖੇ ਮੀਟਿੰਗ ਹੋਈ ਜਿਸ ਵਿਚ ਸਭ ਨੇ ਆਪੋ-ਆਪਣੀਆਂ ਡਿਊਟੀਆਂ ਤੇ ਤਤਪਰ ਰਹਿਣ ਲਈ ਆਪਣੇ ਨਾਮ ਲਿਖਾਏ।

ਬੀਤੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ 14 ਤੇ 15 ਅਕਤੂਬਰ ਨੂੰ ਛੇਵੇਂ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ਹੈ ਜਿਸ ਵਿਚ 700 ਫੁੱਟ ਲੰਬਾ ਤੇ 150 ਫੁੱਟ ਚੌੜਾ ਪੰਡਾਲ ਸੰਗਤਾਂ ਦੇ ਬੈਠਣ ਲਈ ਪ੍ਰਬੰਧ ਕੀਤਾ ਗਿਆ ਹੈ। ਦਰਸ਼ਕਾਂ ਤੇ ਸਰੋਤਿਆਂ ਦੀ ਸੁਵਿਧਾ ਲਈ ਕਲੋਜ਼ ਸਰਕਟ ਟੀਵੀ ਦਾ ਇੰਤਜ਼ਾਮ ਕੀਤਾ ਗਿਆ ਹੈ। ਸਮਾਗਮ ਵਿਚ ਅਨੇਕਾਂ ਗੁਣੀ ਗਿਆਨੀ, ਮਹਾਂਪੁਰਸ਼ ਤੇ ਯੋਗੀਸ਼ਰ ਵੀ ਆਪਣੇ ਨਿਜੀ ਅਨੁਭਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਕਾਸ਼ ਵਿਚ ਸੰਗਤਾਂ ਨਾਲ ਸਾਂਝੇ ਕਰਨਗੇ ਭਾਵੇਂ ਸਮਾਗਮ ਪ੍ਰਬੰਧਾਂ ਲਈ ਸਮਾਂ ਥੋੜਾ ਹੋਣ ਕਰਕੇ, ਪਿਛਲੇ ਸਾਲ ਦੀ ਤਰ੍ਹਾਂ ਸੰਗਤਾਂ ਨੂੰ ਦੱਸਿਆ ਨਹੀਂ ਜਾ ਸਕਿਆ ਪ੍ਰੰਤੂ ਫੇਰ ਵੀ ਸੰਗਤਾਂ, ਸੇਵਾਦਾਰਾਂ ਤੇ ਪ੍ਰਬੰਧਕਾਂ ਦੇ ਦਿਲ ਵਿਚ ਚਾਅ ਤੇ ਉਮਾਹ ਹੋਣ ਕਰਕੇ ਕਿਸੇ ਪਾਸਿਓਂ ਕਮੀ ਜਾਂ ਘਾਟ ਪ੍ਰਤੀਤ ਨਹੀਂ ਹੋਵੇਗੀ। ਹੁਣ ਇਹ ਮੈਗਜ਼ੀਨ ਸਮਾਗਮ ਹੋਣ ਤੋਂ ਪਹਿਲਾਂ ਹੀ ਪ੍ਰੈਸ ਵਿਚ ਛਪਣ ਲਈ ਭੇਜ ਦਿਤਾ ਜਾਣ ਕਰਕੇ ਇਸ ਦਾ ਪੂਰਾ ਹਾਲ ਹੇਰਵੇ ਸਹਿਤ ਅਗਲੇ ਅੰਕ ਭਾਵ ਦਸੰਬਰ ਵਿਚ ਦਿਤਾ ਜਾਵੇਗਾ।

### ਮਹਾਂਪੁਰਸ਼ਾਂ ਦੇ ਰੁਝੇਵੇਂ -

ਵਿਦੇਸ਼ ਫੇਰੀ - ਆਸ ਕੀਤੀ ਜਾਂਦੀ ਹੈ ਕਿ ਮਹਾਂਪੁਰਖ ਜਥੇ ਸਮੇਤ, ਮਾਰਚ 1996 ਵਿਚ ਅਮਰੀਕਾ, ਇੰਗਲੈਂਡ ਤੇ ਕੈਨੇਡਾ ਆਦਿ ਦੇਸ਼ਾਂ ਵਿਚ ਵਸਦੀਆਂ ਸੰਗਤਾਂ ਵਲੋਂ ਪੁਜੇ ਪਿਆਰ ਭਰੇ ਨਿਮੰਤਰਣ ਨੂੰ ਪ੍ਰਵਾਨ ਕਰਕੇ, ਗੁਰਮਤਿ ਪ੍ਰਚਾਰ ਹਿਤ, ਆਪਣੇ ਪ੍ਰਵਚਨਾਂ ਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਵੱਧ ਤੋਂ ਵੱਧ ਸੰਗਤਾਂ ਇਨ੍ਹਾਂ ਦੇ ਪ੍ਰਚਾਰ ਦੌਰੇ ਦਾ ਪੂਰਾ-ਪੂਰਾ ਲਾਭ ਉਠਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਨਿਵਾਸ ਸਥਾਨ 781, 3ਬੀ1, ਮੋਹਾਲੀ ਵਿਖੇ ਮਿਲਣ ਦਾ ਸਮਾਂ :

ਹਰ ਰੋਜ਼ ਸਵੇਰੇ 9.00 ਵਜੇ ਤੋਂ 10.00 ਵਜੇ ਤੱਕ ਅਤੇ ਰਾਤ ਨੂੰ 8.00 ਵਜੇ ਤੋਂ 9.00 ਵਜੇ ਤੱਕ।

ਦੀਵਾਨਾਂ ਦੇ ਪੱਕੇ ਪ੍ਰੋਗਰਾਮ :

ਹਰ ਐਤਵਾਰ ਨੂੰ 781, 3ਬੀ1, ਮੋਹਾਲੀ ਵਿਖੇ ਕੋਠੀ ਦੇ ਸਾਹਮਣੇ

ਸਮਾਂ : ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ।

ਦਸਮੀ- 2 ਨਵੰਬਰ, ਵੀਰਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤਕ ਗੁਰਦੁਆਰਾ ਯਾਦਗਾਰ ਪਿਆਰੇ ਭਾਈ ਦਇਆ ਸਿੰਘ ਜੀ, ਰਾਜਪੁਰਾ ਵਿਖੇ।

ਇਕਾਦਸੀ- 3 ਨਵੰਬਰ ਸ਼ੁਕਰਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਗੁਰਦੁਆਰਾ ਨਿਰਮਲ ਡੇਰਾ, ਚੰਗਰ (ਹਿਰਦਾ ਪੁਰ, ਨੇੜੇ ਮੀਆਂਪੁਰ), ਜਿਲ੍ਹਾ ਰੋਪੜ ਵਿਖੇ।

ਪੂਰਨਮਾਸ਼ੀ- 7 ਨਵੰਬਰ, ਮੰਗਲਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ।

ਸੰਗਰਾਂਦ- 16 ਨਵੰਬਰ, ਵੀਰਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ।

ਮੱਸਿਆ- 22 ਨਵੰਬਰ, ਬੁਧਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤੱਕ ਗੁਰਦੁਆਰਆ ਈਸ਼ਰ ਪ੍ਰਕਾਸ਼ ਬਨੂੜ ਵਿਖੇ।

ਅੰਮ੍ਰਿਤ ਸੰਚਾਰ-ਹਰੇਕ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

ੴ ਸਤਿਗੁਰ ਪ੍ਰਸਾਦਿ

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ।।
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ।।
ਅਰ ਸਿਖ ਹੋ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ।।

Courtsey :

**UNIWALK PAPERS PVT. LTD.**

Village : Bud Majra, Teh. : Kharar
District : Ropar
Phones : 674979 (Off.)
: 675649 (Works)

**Quality Producers of Semi-Kraft Paper**